@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 25 August 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਐਤਵਾਰ 25 ਅਗਸਤ 2024, 9 ਭਾਦੋਂ ਨਾਨਕਸ਼ਾਹੀ ਸੰਮਤ 555 (ਸਫੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 289, qpatrika@gmail.com ਫੋਨ : 9971359517 www.qaumipatrika.org

# ਪੰਜਾਬ ਵਿਚਲੇ ਐਕਸਪ੍ਰੈੱਸਵੇਅ ਵਿਵਾਦ ’ਚ ਐਕਸ਼ਨ ‘ਚ ਕੇਂਦਰ ਸਰਕਾਰ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 24 ਅਗਸਤ। ਪੰਜਾਬ ਅੰਦਰ ਕੌਮੀ ਮਾਰਗਾਂ ਦੇ ਨਿਰਮਾਣ ਵਿਚ ਆ ਰਹੇ ਅੜਿੱਕਿਆਂ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ। ਸੂਤਰਾਂ ਮੁਤਾਬਕ ਇਨ੍ਹਾਂ ਅੜਿੱਕਿਆਂ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਨਗੇ। ਇਸ ਮੀਟਿੰਗ ਵਿਚ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਸਣੇ ਉਹ ਅੱਠ ਪ੍ਰਾਜੈਕਟ ਸ਼ਾਮਲ ਹਨ ਜਿਨ੍ਹਾਂ ਨੂੰ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਰੱਦ ਕਰਨ ਦੀ ਧਮਕੀ ਦਿੱਤੀ ਹੈ। ਇਹ ਮੀਟਿੰਗ 28 ਅਗਸਤ ਨੂੰ ਦਿੱਲੀ ਵਿਚ ਹੋਣ ਦੀ ਸੰਭਾਵਨਾ ਹੈ ਜਿਸ ਲਈ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜਾਣਕਾਰੀ ਅਨੁਸਾਰ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਕੇਂਦਰ ਸਰਕਾਰ ਦੀਆਂ ਮੁੱਖ ਯੋਜਨਾਵਾਂ ਵਿਚੋਂ ਇਕ ਹੈ ਜਿਸ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਨਜ਼ਰ ਰੱਖ ਰਹੇ ਹਨ। ਇਹ ਪ੍ਰਾਜੈਕਟ ਦਿੱਲੀ, ਹਰਿਆਣਾ, ਪੰਜਾਬ ਤੇ ਜੰਮੂ ਵਿਚੋਂ ਲੰਘਣਾ ਹੈ ਜਿਸ ਲਈ ਸਭ ਤੋਂ ਵੱਧ ਸਮੱਸਿਆਵਾਂ ਪੰਜਾਬ ਵਿਚ ਆ ਰਹੀਆਂ ਹਨ। ਇਹ ਪ੍ਰਾਜੈਕਟ ਤਕਰੀਬਨ 670 ਕਿਲੋਮੀਟਰ ਲੰਮਾ ਹੈ ਤੇ ਇਸ ਪ੍ਰਾਜੈਕਟ ’ਤੇ ਬਾਕੀ ਸੂਬਿਆਂ ਵਿਚ ਤਾਂ ਕੰਮ ਕਾਫ਼ੀ ਤੇਜ਼ੀ ਨਾਲ ਚੱਲ ਰਿਹਾ ਹੈ ਪਰ ਪੰਜਾਬ ਵਿਚਲੇ 396 ਕਿਲੋਮੀਟਰ ਦਾ ਕੰਮ ਫਿਲਹਾਲ ਲਟਕਿਆ ਪਿਆ ਹੈ। ਇਸ ਸਬੰਧੀ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖੀ ਸੀ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਵਿਗੜਨ ਕਾਰਨ ਉਨ੍ਹਾਂ ਦੇ ਪ੍ਰਾਜੈਕਟ ਬੰਦ ਹੋ ਰਹੇ ਹਨ। ਇੱਥੇ ਕੋਈ ਕੰਪਨੀ ਕੰਮ ਨਹੀਂ ਕਰਨਾ ਚਾਹੁੰਦੀ। ਪੱਤਰ ਵਿੱਚ ਲਿਖਿਆ ਗਿਆ ਸੀ ਕਿ ਜੇ ਮਾਹੌਲ ਠੀਕ ਨਾ ਹੋਇਆ ਤਾਂ ਉਹ ਪੰਜਾਬ ਵਿਚ ਚੱਲ ਰਹੇ ਕੌਮੀ ਹਾਈਵੇਅ ਦੇ ਅੱਠ ਪ੍ਰਾਜੈਕਟਾਂ ਨੂੰ ਰੱਦ ਕਰ ਦੇਣਗੇ। ਇਸ ਪ੍ਰਾਜੈਕਟ ਨੂੰ ਸ਼ੁਰੂ ਹੋਏ 8 ਸਾਲ ਹੋ ਗਏ ਹਨ ਪਰ ਹਾਲੇ ਵੀ ਇਹ ਪ੍ਰਾਜੈਕਟ ਪੂਰਾ ਨਹੀਂ ਹੋ ਰਿਹਾ ਜਿਸ ਦਾ ਬੋਝ ਖਜ਼ਾਨੇ ’ਤੇ ਪੈ ਰਿਹਾ ਹੈ। ਸੂਤਰਾਂ ਮੁਤਾਬਕ ਜਦੋਂ ਇਹ ਪ੍ਰਾਜੈਕਟ ਸ਼ੁਰੂ ਹੋਇਆ ਸੀ ਤਾਂ 25 ਹਜ਼ਾਰ ਕਰੋੜ ਰੁਪਏ ਵਿਚ ਮੁਕੰਮਲ ਹੋਣਾ ਸੀ, ਹੁਣ 8 ਸਾਲਾਂ ਬਾਅਦ ਇਹ ਪ੍ਰਾਜੈਕਟ ਮਹਿੰਗਾਈ ਵਧਣ ਕਾਰਨ 35 ਹਜ਼ਾਰ 406 ਕਰੋੜ ਰੁਪਏ ਦਾ ਹੋ ਗਿਆ ਹੈ। ਸਮੀਖਿਆ ਮੀਟਿੰਗ ਵਿਚ ਦਿੱਲੀ-ਕਟੜਾ ਐਕਸਪ੍ਰੈੱਸਵੇਅ ਪੰਜਾਬ ਵਿਚੋਂ ਲੰਘਣ ਬਾਰੇ ਚਰਚਾ ਹੋਵੇਗੀ ਜਿਸ ਵਿਚ ਜਲੰਧਰ ਵਿਚੋਂ ਲੰਘਣ ਵਾਲਾ 72 ਕਿਲੋਮੀਟਰ, ਲੁਧਿਆਣਾ ਵਿਚ 39.95 ਕਿਲੋਮੀਟਰ, ਗੁਰਦਾਸਪੁਰ ਵਿਚ 43 ਕਿਲੋਮੀਟਰ, ਮਾਲੇਰਕੋਟਲਾ ਵਿੱਚ 27 ਕਿਲੋਮੀਟਰ, ਸੰਗਰੂਰ ਵਿਚ 47 ਕਿਲੋਮੀਟਰ, ਪਟਿਆਲਾ ਵਿਚ ਪੰਜ ਕਿਲੋਮੀਟਰ ਤੇ ਕਪੂਰਥਲਾ ਵਿੱਚ 28 ਕਿਲੋਮੀਟਰ ਵਾਲਾ ਖੇਤਰ ਸ਼ਾਮਲ ਹੈ। ਇਸ ਵਿਚ ਸਿਰਫ਼ ਪਟਿਆਲਾ ਨੂੰ ਛੱਡ ਬਾਕੀ ਸਾਰੀਆਂ ਥਾਵਾਂ ’ਤੇ 50 ਫੀਸਦੀ ਕੰਮ ਬਕਾਇਆ ਪਿਆ ਹੈ। ਇਸ ਤੋਂ ਇਲਾਵਾ ਲੁਧਿਆਣਾ-ਬਠਿੰਡਾ ਹਾਈਵੇਅ, ਲੁਧਿਆਣਾ-ਰੋਪੜ ਹਾਈਵੇਅ ਪ੍ਰਾਜੈਕਟ ਤੇ ਅੰਮ੍ਰਿਤਸਰ-ਬਠਿੰਡਾ ਹਾਈਵੇਅ ਪ੍ਰਾਜੈਕਟ ’ਤੇ ਵੀ ਚਰਚਾ ਕੀਤੀ ਜਾਏਗੀ। ਇਸ ਦਾ ਕੰਮ ਵੀ ਪੰਜਾਬ ਵਿੱਚ ਚੱਲ ਰਿਹਾ ਹੈ। ਦਿੱਲੀ-ਕੱਟੜਾ ਗ੍ਰੀਨਫੀਲਡ ਐਕਸਪ੍ਰੈੱਸਵੇਅ 670 ਕਿਲੋਮੀਟਰ ਦਾ ਹੈ, ਜਿਸ ਵਿਚ ਸਭ ਤੋਂ ਵੱਧ ਹਿੱਸਾ ਪੰਜਾਬ ਦਾ ਹੈ। ਪੰਜਾਬ ਵਿਚ ਇਹ ਐਕਸਪ੍ਰੈੱਸ ਵੇਅ ਤਕਰੀਬਨ 396 ਕਿਲੋਮੀਟਰ ਖੇਤਰ ਵਿਚੋਂ ਲੰਘੇਗਾ ਜਿਸ ਵਿਚ ਸਿੱਧੇ ਤੌਰ ’ਤੇ 297 ਕਿਲੋਮੀਟਰ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਦਾ ਸਿੱਧਾ ਹਿੱਸਾ ਤੇ 99 ਕਿਲੋਮੀਟਰ ਇਸ ਨੂੰ ਅੰਮ੍ਰਿਤਸਰ ਤੱਕ ਜੋੜਨ ਦਾ ਹਿੱਸਾ ਸ਼ਾਮਲ ਹੈ। ਇਹ ਪ੍ਰਾਜੈਕਟ ਦਾ ਐਂਟਰੀ ਪੁਆਇੰਟ ਪਾਤੜਾਂ ਹੋਵੇਗਾ। ਇਹ ਕਈ ਪਿੰਡਾਂ ਤੇ ਸ਼ਹਿਰਾਂ ਵਿਚ ਨਿਕਲੇਗਾ ਜਿਸ ਲਈ ਵੱਡੇ ਸ਼ਹਿਰਾਂ ਵਿਚ ਐਂਟਰੀ ਤੇ ਐਗਜ਼ਿਟ ਪੁਆਇੰਟ ਬਣਾਏ ਜਾ ਰਹੇ ਹਨ।

ਇਸ ਪ੍ਰਾਜੈਕਟ ਦਾ 50 ਫੀਸਦੀ ਕੰਮ ਹਾਲੇ ਬਕਾਇਆ ਹੈ। ਇਸ ਸਬੰਧੀ ਬਹੁਤ ਸਾਰੀਆਂ ਥਾਵਾਂ ’ਤੇ ਜ਼ਮੀਨ ਐਕੁਆਇਰ ਹੋ ਗਈ ਹੈ ਪਰ ਕਿਸਾਨਾਂ ਨੇ ਹਾਲੇ ਕਬਜ਼ਾ ਨਹੀਂ ਛੱਡਿਆ ਹੈ।



## ਵਿਨੇਸ਼ ਫੋਗਾਟ ਨੇ ਹੁੱਡਾ ਪਰਿਵਾਰ ਨਾਲ ਕੀਤੀ ਮੁਲਾਕਾਤ, ਲੜ ਸਕਦੀ ਹੈ ਵਿਧਾਨ ਸਭਾ ਚੋਣਾਂ

ਚੰਡੀਗੜ੍ਹ 24 ਅਗਸਤ। ਪਹਿਲਵਾਨ ਵਿਨੇਸ ਫੋਗਾਟ ਨੇ ਦਿੱਲੀ ‘ਚ ਕਾਂਗਰਸ ਨੇਤਾ ਭੂਪੇਂਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਕਿਆਸ ਲਗਾਏ ਜਾ ਰਹੇ ਹਨ ਕਿ ਉਹ ਕਾਂਗਰਸ ਵਿੱਚ ਸਾਮਲ ਹੋ ਸਕਦੀ ਹੈ ਅਤੇ 1 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਲੜ ਸਕਦੀ ਹੈ। ਰੋਹਤਕ ਤੋਂ ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਫੋਗਾਟ ਨਾਲ ਮੁਲਾਕਾਤ ਤੋਂ ਬਾਅਦ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਪੋਸਟ ਕੀਤਾ, “ਦੇਸ ਦੀ ਧੀ, ਹਰਿਆਣਾ ਦੀ ਸਾਨ, ਸਾਡੀ ਭੈਣ ਵਿਨੇਸ ਫੋਗਾਟ ਅਤੇ ਉਨ੍ਹਾਂ ਦੇ ਪਤੀ ਸੋਮਵੀਰ ਰਾਠੀ ਨਾਲ ਉਨ੍ਹਾਂ ਦੇ ਦਿੱਲੀ ਸਥਿਤ ਘਰ ‘ਤੇ ਪਰਿਵਾਰਕ ਮੁਲਾਕਾਤ ਹੋਈ।“ ਮੁਲਾਕਾਤ



ਦੌਰਾਨ ਦੀਪੇਂਦਰ ਹੁੱਡਾ ਦੀ ਪਤਨੀ ਸਵੇਤਾ ਅਤੇ ਮਾਂ ਆਸਾ ਵੀ ਮੌਜੂਦ ਸਨ। ਪਿਛਲੇ ਸਨੀਵਾਰ ਦੀਪੇਂਦਰ ਹੁੱਡਾ ਨੇ ਪੈਰਿਸ ਓਲੰਪਿਕ ਤੋਂ ਵਾਪਸੀ ‘ਤੇ ਫੋਗਟ ਦਾ ਦਿੱਲੀ ਹਵਾਈ ਅੱਡੇ ‘ਤੇ ਸਾਨਦਾਰ ਸਵਾਗਤ ਕੀਤਾ ਸੀ। ਕਾਂਗਰਸ ਨੇਤਾ ਅਤੇ ਪਾਰਟੀ ਦੇ ਹਰਿਆਣਾ ਮਾਮਲਿਆਂ ਦੇ ਇੰਚਾਰਜ ਦੀਪਕ ਬਾਬਰੀਆ ਨੂੰ ਦਿੱਲੀ ਵਿਚ ਪੱਤਰਕਾਰਾਂ ਨੇ ਪੁੱਛਿਆ ਕਿ ਕੀ ਕਾਂਗਰਸ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਲਈ ਫੋਗਾਟ ਨਾਲ ਸੰਪਰਕ ਕੀਤਾ ਹੈ? ਬਾਬਰੀਆ ਨੇ ਕਿਹਾ, “ਮੈਨੂੰ ਨਹੀਂ ਪਤਾ ਕਿ ਸਾਡੇ ਕਿਸੇ ਨੇਤਾ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਹੈ ਜਾਂ ਨਹੀਂ। ਪਰ ਜੇਕਰ ਉਹ ਚੋਣ ਲੜਨਾ ਚਾਹੁੰਦੀ ਹੈ ਤਾਂ ਉਸਦਾ ਸੁਆਗਤ ਹੈ।“ ਹਰਿਆਣਾ ‘ਚ ਵਿਧਾਨ ਸਭਾ ਚੋਣਾਂ 1 ਅਕਤੂਬਰ ਨੂੰ ਹੋਣਗੀਆਂ ਅਤੇ ਨਤੀਜੇ 4 ਅਕਤੂਬਰ ਨੂੰ ਐਲਾਨੇ ਜਾਣਗੇ।

## ਜਿਮਨੀ ਚੋਣਾਂ ਨੂੰ ਲੈ ਕੇ ਵੱਡਾ ਕਦਮ ਚੁੱਕਣ ਜਾ ਰਿਹਾ ਅਕਾਲੀ ਦਲ

ਚੰਡੀਗੜ੍ਹ 24 ਅਗਸਤ। ਸ਼੍ਰੋਮਣੀ ਅਕਾਲੀ ਦਲ ਨੇ ਆਉਣ ਵਾਲੀਆਂ ਜਿਮਨੀ ਚੋਣਾਂ ਲਈ ਤਿਆਰੀ ਖਿੱਚ ਲਈ ਹੈ। ਪਾਰਟੀ ਵੱਲੋਂ ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਦੇ ਨਾਂ ਨੂੰ ਲੈ ਕੇ ਮੰਥਨ ਸ਼ੁਰੂ ਕਰ ਦਿੱਤਾ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਪਾਰਟੀ ਦੇ ਪਾਰਲੀਮਾਨੀ ਬੋਰਡ ਵੱਲੋਂ ਉਨ੍ਹਾਂ ਚਾਰੋ ਵਿਧਾਨ ਸਭਾ ਹਲਕਿਆਂ ਦਾ ਦੌਰਾ ਕੀਤਾ ਜਾਵੇਗਾ, ਜਿਨ੍ਹਾਂ ਵਿਚ ਜ਼ਿਮਨੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੌਰਾਨ ਲੋਕਲ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰ ਕੇ ਜਮੀਨੀ ਪੱਧਰ ਦਾ ਫੀਡਬੈਕ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਾਰਲੀਮਾਨੀ ਬੋਰਡ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਮਹੇਸ ਇੰਦਰ ਸਿੰਘ ਗਰੇਵਾਲ,



ਜਨਮੇਜਾ ਸਿੰਘ ਸੇਖੋਂ, ਗੁਲਜਾਰ ਸਿੰਘ ਰਣੀਕੇ, ਹੀਰਾ ਸਿੰਘ ਗਾਬੜੀਆ ਅਤੇ ਡਾ. ਦਲਜੀਤ ਸਿੰਘ ਚੀਮਾ ਸਮੇਤ ਬੋਰਡ ਦੇ ਹੋਰ ਮੈਂਬਰ ਇਨ੍ਹਾਂ ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰਨਗੇ। ਬੋਰਡ ਵੱਲੋਂ ਭਲਕੇ 24 ਅਗਸਤ ਨੂੰ ਚੱਬੇਵਾਲ (ਹੁਸ਼ਿਆਰਪੁਰ), 27 ਅਗਸਤ ਨੂੰ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਅਤੇ 28 ਅਗਸਤ ਨੂੰ ਬਰਨਾਲਾ ਦਾ ਦੌਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗਿੱਦੜਬਾਹਾ ਦੌਰੇ ਦੀ ਤਾਰੀਖ ਦਾ ਐਲਾਨ ਵੀ ਛੇਤੀ ਹੀ ਕੀਤਾ ਜਾਵੇਗਾ। ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਇਸ ਦੌਰਾਨ ਜ਼ਿਮਨੀ ਚੋਣਾਂ ਲਈ ਪਾਰਟੀ ਉਮੀਦਵਾਰਾਂ ਦੇ ਨਾਂ ਫਾਈਨਲ ਕਰਨ ਲਈ ਪਾਰਟੀ ਵਰਕਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਬੋਰਡ ਵੱਲੋਂ ਵਰਕਰਾਂ ਨਾਲ ਸਾਂਝੀ ਮੀਟਿੰਗ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਥਾਨਕ ਲੀਡਰਾਂ ਦੇ ਨਾਲ ਵੀ ਮੁਲਾਕਾਤ ਕੀਤੀ ਜਾਵੇਗੀ।

## ਜੰਮੂ-ਕਸ਼ਮੀਰ ਦੇ ਸੋਪੋਰ ’ਚ ਸੁਰੱਖਿਆ ਬਲਾਂ ਤੇ ਅੱਤਵਾਦੀਆਂ ‘ਚ ਹੋਇਆ ਮੁਕਾਬਲਾ

ਸ੍ਰੀਨਗਰ 24 ਅਗਸਤ। ਜੰਮੂ-ਕਸਮੀਰ ਦੇ ਬਾਰਾਮੂਲਾ ਜ਼ਿਲ੍ਹੇ ‘ਚ ਸਨੀਵਾਰ ਨੂੰ ਅੱਤਵਾਦੀਆਂ ਅਤੇ ਸੁਰੱਖਿਆ ਬਲਾਂ ਵਿਚਾਲੇ ਮੁਕਾਬਲਾ ਹੋਣ ਦੀ ਸੂਚਨਾ ਮਿਲੀ ਹੈ। ਇਸ ਮੁਕਾਬਲੇ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਇਲਾਕੇ ਦੀ ਘੇਰਾਬੰਦੀ ਕਰ ਲਈ ਗਈ ਹੈ ਅਤੇ ਤਲਾਸੀ ਮੁਹਿੰਮ ਜਾਰੀ ਹੈ। ਪੁਲਸ ਦੇ ਕਸਮੀਰ ਜੋਨ ਨੇ ਸੋਸਲ ਮੀਡੀਆ ਪਲੇਟਫਾਰਮ ‘ਐਕਸ’ ‘ਤੇ ਇਕ ਪੋਸਟ ‘ਚ ਕਿਹਾ, “ਇਹ ਮੁਕਾਬਲਾ ਸੋਪੋਰ ਦੇ ਵਾਟਰਗਾਮ ਇਲਾਕੇ ‘ਚ ਹੋਇਆ ਹੈ। ਚੌਕਸ ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ।

## ਚੋਣ ਕਮਿਸ਼ਨ ਨੇ ਵਿਸਥਾਪਿਤ ਕਸ਼ਮੀਰੀਆਂ ਲਈ 24 ਵੋਟਿੰਗ ਕੇਂਦਰ ਕੀਤੇ ਸਥਾਪਤ

ਜੰਮੂ 24 ਅਗਸਤ। ਚੋਣ ਕਮਿਸ਼ਨ ਨੇ ਆਉਣ ਵਾਲੀਆਂ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ‘ਚ ਕਸ਼ਮੀਰ ਤੋਂ ਵਿਸਥਾਪਿਤ ਹੋਏ ਲੋਕਾਂ ਦੇ ਵੋਟਿੰਗ ਦੀ ਸਹੂਲਤ ਲਈ ਜੰਮੂ, ਊਧਮਪੁਰ ਅਤੇ ਨਵੀਂ ਦਿੱਲੀ ‘ਚ 24 ਵਿਸ਼ੇਸ਼ ਵੋਟਿੰਗ ਕੇਂਦਰ ਬਣਾਏ ਹਨ। ਇਕ ਸੀਨੀਅਰ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਜੰਮੂ ਕਸ਼ਮੀਰ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਪਾਂਡੁਰੰਗ ਕੇ.ਪੋਲ ਨੇ ਸ਼ੁੱਕਰਵਾਰ ਨੂੰ ਜਾਰੀ ਇਕ ਬਿਆਨ ‘ਚ ਕਿਹਾ ਕਿ ਕਸ਼ਮੀਰ ਘਾਟੀ ਤੋਂ ਵਿਸਥਾਪਿਤ ਹੋ ਕੇ ਦਿੱਲੀ, ਜੰਮੂ ਅਤੇ ਊਧਮਪੁਰ ‘ਚ ਰਹਿ ਰਹੇ ਲੋਕਾਂ ਨੂੰ ‘ਫਾਰਮ-ਐੱਮ’ ਨਹੀਂ ਭਰਨਾ ਹੋਵੇਗਾ, ਜਿਵੇਂ ਕਿ ਲੋਕ ਸਭਾ ਚੋਣਾਂ ‘ਚ ਕਰਨਾ ਪਿਆ ਸੀ। ਉਨ੍ਹਾਂ ਕਿਹਾ,“ਜੰਮੂ, ਊਧਮਪੁਰ ਅਤੇ ਦਿੱਲੀ ‘ਚ ਰਹਿ ਰਹੇ ਕਸ਼ਮੀਰੀ ਵਿਸਥਾਪਿਤਾਂ ਜਿਨ੍ਹਾਂ ਨੇ ਚੋਣਾਂ ‘ਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ.) ਦੇ ਮਾਧਿਅਮ ਨਾਲ ਨਿੱਜੀ ਰੂਪ ਨਾਲ ਵੋਟ ਪਾਉਣ ਦਾ ਬਦਲ ਚੁਣਿਆ ਹੈ ਉਹ 24 ਵੋਟਿੰਗ ਕੇਂਦਰਾਂ ‘ਤੇ ਅਜਿਹਾ ਕਰ ਸਕਦੇ ਹਨ। ਜੰਮੂ ‘ਚ 19, ਊਧਮਪੁਰ ‘ਚ ਇਕ ਅਤੇ ਦਿੱਲੀ ‘ਚ 4 ਵੋਟਿੰਗ ਕੇਂਦਰ ਸਥਾਪਤ ਕੀਤੇ ਗਏ ਹਨ।“ ਉਨ੍ਹਾਂ ਕਿਹਾ,“ਲੋਕ ਸਭਾ ਚੋਣਾਂ ਦੌਰਾਨ ਭਾਰਤ ਚੋਣ ਕਮਿਸ਼ਨ ਵਲੋਂ ਲਏ ਗਏ ਇਤਿਹਾਸਕ ਫੈਸਲੇ ਦੇ ਅਨੁਰੂਪ ਇਨ੍ਹਾਂ ਵੋਟਰਾਂ ਲਈ ਫਾਰਮ-ਐੱਮ ਭਰਨ ਦੀ ਜ਼ਰੂਰਤ ਨੂੰ ਹਟਾ ਦਿੱਤਾ ਗਿਆ ਹੈ।“ ਜੰਮੂ ਕਸ਼ਮੀਰ ਦੀ 90 ਮੈਂਬਰੀ ਵਿਧਾਨ ਸਭਾ ਲਈ ਤਿੰਨ ਪੜਾਵਾਂ ਦੇ ਅਧੀਨ ਚੋਣਾਂ 18 ਸਤੰਬਰ, 25 ਸਤੰਬਰ ਅਤੇ ਇਕ ਅਕਤੂਬਰ ਨੂੰ ਹੋਣਗੀਆਂ। ਨਤੀਜੇ 4 ਅਕਤੂਬਰ ਨੂੰ ਐਲਾਨ ਕੀਤੇ ਜਾਣਗੇ।

## ਆਪ ਨਾਲ ਗਠਜੋੜ ਦੀ ਕੋਈ ਸੰਭਾਵਨਾ ਨਹੀਂ: ਕੁਮਾਰੀ ਸ਼ੈਲਜਾ

**ਏਜੰਸੀਆਂ**

ਨਵੀਂ ਦਿੱਲੀ 24 ਅਗਸਤ। ਕਾਂਗਰਸ ਜਨਰਲ ਸਕੱਤਰ ਕੁਮਾਰੀ ਸੈਲਜਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨਾਲ ਗਠਜੋੜ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮਜਬੂਤ ਹੈ ਅਤੇ ਆਪਣੇ ਦਮ ‘ਤੇ ਚੋਣਾਂ ਲੜੇਗੀ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਇਨ੍ਹਾਂ ਚੋਣਾਂ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਅਤੇ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਗਠਜੋੜ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਤੋਂ ਕਾਂਗਰਸ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਸੈਲਜਾ ਦਾ ਇਹ ਵੀ ਕਹਿਣਾ ਸੀ ਕਿ ਕਾਂਗਰਸ ਜਿਨ੍ਹਾਂ ਸੂਬਿਆਂ ਵਿਚ ਵਿਰੋਧੀ ਧਿਰ ਵਿਚ ਹੁੰਦੀ ਹੈ, ਉੱਥੇ ਆਮ ਤੌਰ ‘ਤੇ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਐਲਾਨ ਨਹੀਂ ਕਰਦੀ। ਦੱਸ ਦੇਈਏ ਕਿ ਹਰਿਆਣਾ ਵਿਚ ਸਾਰੀਆਂ 90 ਵਿਧਾਨ ਸਭਾ ਸੀਟਾਂ ਲਈ 1 ਅਕਤੂਬਰ ਨੂੰ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 4 ਅਕਤੂਬਰ ਨੂੰ ਹੋਵੇਗੀ। ਪਿਛਲੀ 13 ਅਗਸਤ ਨੂੰ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਸੀ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ (ਆਪ) ਨਾਲ ਗਠਜੋੜ ਬਾਰੇ ਕੋਈ ਚਰਚਾ ਨਹੀਂ ਹੈ, ਕਿਉਂਕਿ ਕਾਂਗਰਸ ਖੁਦ ਹੀ ਸਮਰੱਥ ਹੈ। ਇਸ ਤੋਂ ਪਹਿਲਾਂ ਕਾਂਗਰਸ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵੀ ਬੀਤੀ 4 ਜੁਲਾਈ ਨੂੰ ਕਿਹਾ ਸੀ ਕਿ ਦਿੱਲੀ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ



ਆਮ ਆਦਮੀ ਪਾਰਟੀ ਨਾਲ ਗਠਜੋੜ ਦੀ ਬਹੁਤੀ ਗੁੰਜਾਇਸ਼ ਨਹੀਂ ਹੈ। ਹਾਲਾਂਕਿ ਮਹਾਰਾਸ਼ਟਰ ਅਤੇ ਝਾਰਖੰਡ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰ ‘ਇੰਡੀਆ’ ਗਠਜੋੜ ਬਰਕਰਾਰ ਰਹੇਗਾ। ਲੋਕ ਸਭਾ ਚੋਣਾਂ ਵਿਚ ਦੋਹਾਂ ਪਾਰਟੀਆਂ ਨੇ ਦਿੱਲੀ ਅਤੇ ਹਰਿਆਣਾ ਵਿਚ ਮਿਲ ਕੇ ਚੋਣਾਂ ਲੜੀਆਂ ਸਨ ਪਰ ਪੰਜਾਬ ਵਿਚ ਦੋਵੇਂ ਪਾਰਟੀਆਂ ਵੱਖ-ਵੱਖ ਮੈਦਾਨ ਵਿਚ ਉਤਰੀਆਂ ਸਨ। ਇਨੈਲੋ-ਬਸਪਾ ਅਤੇ ਜੇ. ਜੇ. ਪੀ. ਦੇ ਅਸਰ ਬਾਰੇ ਪੁੱਛੇ ਜਾਣ ‘ਤੇ ਸੈਲਜਾ ਨੇ ਕਿਹਾ ਕਿ ਜੇ. ਜੇ. ਪੀ. ਆਪਣੀ ਜਮੀਨ ਗੁਆ ਚੁੱਕੀ ਹੈ, ਉਹ ਟੁੱਟ ਚੁੱਕੀ ਹੈ। ਪਿਛਲੀ ਵਾਰ ਉਨ੍ਹਾਂ ਦੇ ਜੋ ਵਿਧਾਇਕ ਜਿੱਤੇ ਸਨ, ਉਹ ਕਾਂਗਰਸ ਦੇ ਲੋਕ ਹੀ ਸਨ। ਬਸਪਾ ਵੀ ਆਪਣਾ ਆਧਾਰ ਗੁਆ ਚੁੱਕੀ ਹੈ। ਜਦੋਂ ਨਤੀਜਾ ਆਇਆ ਤਾਂ ਪਤਾ ਲੱਗੇਗਾ ਕਿ ਇਸ ਗਠਜੋੜ ਦਾ ਕੋਈ ਅਸਰ ਨਹੀਂ ਸੀ। ਇਸ ਸਵਾਲ ‘ਤੇ ਕਿ ਕੀ ਕਾਂਗਰਸ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਕਰੇਗੀ ਤਾਂ ਕਾਂਗਰਸ ਜਨਰਲ ਸਕੱਤਰ ਨੇ ਕਿਹਾ ਕਿ ਸਾਡੀ ਪਾਰਟੀ ਦਾ ਇਕ ਤਰੀਕਾ ਹੈ। ਜ਼ਿਆਦਾਤਰ ਮਾਮਲਿਆਂ ਵਿਚ ਸਾਡੀ ਪਾਰਟੀ ਮੁੱਖ ਮੰਤਰੀ ਦਾ ਚਿਹਰਾ ਐਲਾਨ ਨਹੀਂ ਕਰਦੀ। ਜਦੋਂ ਪਾਰਟੀ ਵਿਰੋਧੀ ਧਿਰ ਵਿਚ ਹੁੰਦੀ ਹੈ ਤਾਂ ਆਮ ਤੌਰ ‘ਤੇ ਮੁੱਖ ਮੰਤਰੀ ਦਾ ਚਿਹਰਾ ਨਹੀਂ ਹੁੰਦਾ ਹੈ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ’ਰਾਸ਼ਟਰੀ ਵਿਗਿਆਨ ਪੁਰਸਕਾਰ-2024 ’ਕੀਤਾ ਪ੍ਰਦਾਨ

**ਨਵਦੀਪ ਸਿੰਘ ਸਾਹਨੀ**

ਜੈਤੋ 24 ਅਗਸਤ। ਰਾਸ਼ਟਰਪਤੀ ਸਕੱਤਰੇਤ ਨੇ ਵੀਰਵਾਰ ਨੂੰ ਦੱਸਿਆ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਦੇ ਗਣਤੰਤਰ ਪਵੇਲੀਅਨ ‘ਚ ਆਯੋਜਿਤ ਇਕ ਪੁਰਸਕਾਰ ਸਮਾਰੋਹ ‘ਚ ਰਾਸਟਰੀ ਵਿਗਿਆਨ ਪੁਰਸਕਾਰ-2024 ਪ੍ਰਦਾਨ ਕੀਤਾ। ਰਾਸ਼ਟਰੀ ਵਿਗਿਆਨ ਪੁਰਸਕਾਰਾਂ ਦੇ ਪਹਿਲੇ ਐਡੀਸਨ ਵਿੱਚ ਚਾਰ ਸ੍ਰੇਣੀਆਂ - ਵਿਗਿਆਨ ਰਤਨ, ਵਿਗਿਆਨ ਸ੍ਰੀ, ਵਿਗਿਆਨ ਯੁਵਾ ਅਤੇ ਵਿਗਿਆਨ ਟੀਮ ਸ੍ਰੇਣੀ ਵਿੱਚ ਉੱਘੇ ਵਿਗਿਆਨੀਆਂ ਨੂੰ 33 ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਵਿਗਿਆਨ ਰਤਨ ਅਵਾਰਡ - ਵਿਗਿਆਨ ਅਤੇ ਤਕਨਾਲੋਜੀ ਦੇ ਕਿਸੇ ਵੀ ਖੇਤਰ ਵਿੱਚ ਜੀਵਨ ਭਰ ਯੋਗਦਾਨ ਪਾਉਣ ਵਾਲੇ ਵਿਗਿਆਨੀਆਂ ਨੂੰ ਦਿੱਤਾ ਜਾਂਦਾ ਹੈ। ਇਹ ਵੱਕਾਰੀ ਪੁਰਸਕਾਰ ਪ੍ਰੋਫੈਸਰ ਗੋਵਿੰਦਰਾਜਨ ਪਦਮਨਾਭਨ ਨੂੰ ਦਿੱਤਾ ਗਿਆ, ਜੋ ਦੇਸ ਵਿੱਚ ਅਣੂ ਜੀਵ ਵਿਗਿਆਨ ਅਤੇ ਬਾਇਓਟੈਕਨਾਲੋਜੀ ਖੋਜ ਦੇ ਮੋਢੀ ਹਨ। ਵਿਗਿਆਨ ਸ੍ਰੀ ਅਵਾਰਡਸ - ਉਹਨਾਂ 13 ਵਿਗਿਆਨੀਆਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਪਣੇ-ਆਪਣੇ ਖੇਤਰਾਂ ਵਿੱਚ



ਮਾਰਗਦਰਸਕ ਖੋਜ ਲਈ ਵਿਲੱਖਣ ਯੋਗਦਾਨ ਪਾਇਆ ਹੈ। ਵਿਗਿਆਨ ਯੁਵਾ ਸਾਂਤੀ ਸਵਰੂਪ ਭਟਨਾਗਰ ਅਵਾਰਡ - ਵਿਗਿਆਨ ਅਤੇ ਤਕਨਾਲੋਜੀ ਦੇ ਕਿਸੇ ਵੀ ਖੇਤਰ ਵਿੱਚ ਬੇਮਿਸਾਲ ਯੋਗਦਾਨ ਪਾਉਣ ਵਾਲੇ ਵਿਗਿਆਨੀਆਂ ਨੂੰ ਮਾਨਤਾ ਦੇਣ ਲਈ ਦਿੱਤਾ ਜਾਂਦਾ ਹੈ। ਇਹ ਪੁਰਸਕਾਰ 18 ਵਿਗਿਆਨੀਆਂ ਨੂੰ ਹਿੰਦ ਮਹਾਸਾਗਰ ਵਿੱਚ ਵਧਦੇ ਤਾਪਮਾਨ ਅਤੇ ਇਸ ਦੇ ਨਤੀਜਿਆਂ ਤੋਂ ਲੈ ਕੇ ਸਵਦੇਸੀ 5ਜੀ ਬੇਸ ਸਟੇਸਨਾਂ ਅਤੇ ਸੰਚਾਰ ਅਤੇ ਕੁਆਂਟਮ ਮਕੈਨਿਕਸ ਦੀ ਸੁੱਧਤਾ ਟੈਸਟਿੰਗ ਤੱਕ ਦੇ ਖੇਤਰਾਂ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਦਿੱਤਾ ਗਿਆ। ਸਾਇੰਸ ਟੀਮ ਅਵਾਰਡ - ਵਿਗਿਆਨ ਅਤੇ ਤਕਨਾਲੋਜੀ ਦੇ ਕਿਸੇ ਵੀ ਖੇਤਰ ਵਿੱਚ ਸਾਨਦਾਰ ਖੋਜ ਲਈ 3 ਜਾਂ ਵੱਧ ਵਿਗਿਆਨੀਆਂ ਦੀ ਇੱਕ ਟੀਮ ਨੂੰ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਚੰਦਰਯਾਨ-3 ਟੀਮ ਨੂੰ ਚੰਦਰਮਾ ਦੇ ਦੱਖਣੀ ਧਰੁਵ ਨੇੜੇ ਚੰਦਰਯਾਨ-3 ਲੈਂਡਰ ਦੀ ਸਫਲ ਲੈਂਡਿੰਗ ਲਈ ਦਿੱਤਾ ਗਿਆ।

## ਬਦਲਾਪੁਰ ਕਾਂਡ ਨੇ ਦੇਸ਼ ‘ਚ ਮਹਾਰਾਸ਼ਟਰ ਦਾ ਅਕਸ ਖਰਾਬ ਕੀਤਾ : ਸ਼ਰਦ ਪਵਾਰ

ਪੁਣੇ 24 ਅਗਸਤ। ਰਾਸਟਰਵਾਦੀ ਕਾਂਗਰਸ ਪਾਰਟੀ (ਸਰਦਚੰਦਰ ਪਵਾਰ) ਦੇ ਪ੍ਰਧਾਨ ਸਰਦ ਪਵਾਰ ਨੇ ਮੰਗਲਵਾਰ ਨੂੰ ਕਿਹਾ ਕਿ ਬਦਲਾਪੁਰ ਦੇ ਇੱਕ ਸਕੂਲ ਵਿੱਚ ਕੇਜੀ ਵਿੱਚ ਪੜ੍ਹਨ ਵਾਲੀਆਂ ਦੋ ਕੁੜੀਆਂ ਦੇ ਕਥਿਤ ਜਿਨਸੀ ਸੋਸਣ ਦੀ ਘਟਨਾ ਨਾਲ ਦੇਸ ਵਿੱਚ ਮਹਾਰਾਸਟਰ ਦਾ ਅਕਸ ਖਰਾਬ ਹੋਇਆ ਹੈ। ਪਵਾਰ ਨੇ ਸੂਬਾ ਸਰਕਾਰ ‘ਤੇ ਦੋਸ ਲਾਇਆ ਕਿ ਉਹ ਇਹ ਭੁੱਲ ਗਈ ਹੈ ਕਿ ਔਰਤਾਂ ਦੀ ਸੁਰੱਖਿਆ ਉਸ ਦੀ ਜ਼ਿੰਮੇਵਾਰੀ ਹੈ। ਪੁਣੇ ‘ਚ ਮੌਨ ਪ੍ਰਦਰਸਨ ‘ਚ ਸਾਮਲ ਹੋਏ ਪਵਾਰ ਨੇ ਕਿਹਾ ਕਿ ਜੇਕਰ ਸਰਕਾਰ ਸੋਚਦੀ ਹੈ ਕਿ ਵਿਰੋਧੀ ਧਿਰ ਬਦਲਾਪੁਰ ਘਟਨਾ ‘ਤੇ ਰਾਜਨੀਤੀ ਕਰ ਰਹੀ ਹੈ ਤਾਂ ਇਹ ਅਸੰਵੇਦਨਸੀਲ ਹੈ। ਐੱਨਸੀਪੀ (ਸਪਾ) ਦੇ ਮੁਖੀ ਪਵਾਰ ਨੇ ਕਿਹਾ, “ਬਦਲਾਪੁਰ ਕਾਂਡ ਨੇ ਦੇਸ ਵਿੱਚ ਮਹਾਰਾਸਟਰ ਦੀ ਅਕਸ ਨੂੰ ਖਰਾਬ ਕੀਤਾ ਹੈ।“ () ਵਿਰੋਧੀ ਗਠਜੋੜ ਮਹਾਵਿਕਾਸ ਅਘਾੜੀ () ਦਾ ਇਕ ਹਿੱਸਾ ਹੈ, ਜਿਸ ਵਿੱਚ ਕਾਂਗਰਸ ਅਤੇ ਊਧਵ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ () ਵੀ ਸਾਮਲ ਹੈ। ਸਰਦ ਪਵਾਰ ਨੇ ਕਿਹਾ ਕਿ ਅਜਿਹੀ ਘਟਨਾ ਛਤਰਪਤੀ ਸ਼ਿਵਾਜੀ ਦੀ ਧਰਤੀ ‘ਤੇ ਵਾਪਰੀ ਹੈ, ਜੋ ਔਰਤਾਂ ਵਿਰੁੱਧ ਅਪਰਾਧ ਕਰਨ ਵਾਲੇ ਅਪਰਾਧੀਆਂ ਦੇ ਹੱਥ ਵੱਢ ਦਿੰਦੇ ਸਨ। ਠਾਣੇ ਜ਼ਿਲ੍ਹੇ ਦੇ ਬਦਲਾਪੁਰ ‘ਚ ਇਕ ਸਕੂਲ ‘ਚ ਸਫਾਈ ਕਰਮਚਾਰੀ ਵਲੋਂ ਦੋ ਚਾਰ ਸਾਲ ਦੀਆਂ ਬੱਚੀਆਂ ਦੇ ਕਥਿਤ ਜਿਨਸੀ ਸੋਸਣ ਦੇ ਵਿਰੋਧ ‘ਚ ਮੰਗਲਵਾਰ ਨੂੰ ਵਿਸਾਲ ਪ੍ਰਦਰਸਨ ਕੀਤਾ ਗਿਆ। ਹਜਾਰਾਂ ਲੋਕਾਂ ਨੇ ਸੜਕਾਂ ਅਤੇ ਰੇਲ ਮਾਰਗਾਂ ਨੂੰ ਜਾਮ ਕਰ ਦਿੱਤਾ ਅਤੇ ਪ੍ਰਦਰਸਨਕਾਰੀਆਂ ਅਤੇ ਪੁਲਸ ਵਿਚਕਾਰ ਝੜਪਾਂ ਹੋਈਆਂ। ਵਿਰੋਧੀ ਗਠਜੋੜ ਮਹਾਂ ਵਿਕਾਸ ਅਗਾੜੀ (ਐੱਮਵੀਏ) ਨੇ ਲੜਕੀਆਂ ਦੇ ਕਥਿਤ ਜਿਨਸੀ ਸੋਸਣ ਦੇ ਵਿਰੋਧ ਵਿੱਚ 24 ਅਗਸਤ ਨੂੰ ਰਾਜ ਵਿਆਪੀ ਬੰਦ ਦਾ ਸੱਦਾ ਦਿੱਤਾ ਸੀ।

## ਸਪਾ ਤੇ ਕਾਂਗਰਸ ਦੀ ਸੋਚ ਰਾਖਵੇਂਕਰਨ ਵਿਰੋਧੀ : ਮਾਇਆਵਤੀ

**ਤੇਜਿੰਦਰ ਕੌਰ ਬੱਬਰ**

ਲਖਨਊ 24 ਅਗਸਤ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਅਤੇ ਉੱਤਰ ਪ੍ਰਦੇਸ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਸੁਪਰੀਮ ਕੋਰਟ ਦੁਆਰਾ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ (ਐੱਸਸੀ-ਐੱਸਟੀ) ਲਈ ਰਾਖਵੇਂਕਰਨ ਵਿੱਚ ਉਪ-ਸ੍ਰੇਣੀਕਰਣ ਦੇ ਮਾਮਲੇ ਵਿੱਚ ਸਮਾਜਵਾਦੀ ਪਾਰਟੀ (ਸਪਾ) ਅਤੇ ਕਾਂਗਰਸ ‘ਤੇ ਚੁੱਪੀ ਧਾਰਨ ਦਾ ਦੋਸ਼ ਲਗਾਉਂਦੇ ਹੋਏ ਸਨੀਵਾਰ ਨੂੰ ਕਿਹਾ ਕਿ ਇਨ੍ਹਾਂ ਪਾਰਟੀਆਂ ਦੀ ਸੋਚ ਰਾਖਵੇਂਕਰਨ ਵਿਰੋਧੀ ਹੈ। ਮਾਇਆਵਤੀ ਦਾ ਇਹ ਬਿਆਨ ਸਪਾ ਮੁਖੀ ਅਖਿਲੇਸ ਯਾਦਵ ਵੱਲੋਂ ਉਨ੍ਹਾਂ (ਮਾਇਆਵਤੀ) ‘ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਦੀ ‘ਇਤਰਾਜਯੋਗ ਟਿੱਪਣੀ’ ‘ਤੇ ਪ੍ਰਤੀਕਿਰਿਆ ਦੇਣ ਤੋਂ ਕੁਝ ਘੰਟਿਆਂ ਬਾਅਦ ਆਇਆ ਹੈ। ਮਾਇਆਵਤੀ ਖ਼ਿਲਾਫ ਭਾਜਪਾ ਵਿਧਾਇਕ ਦੀ “ਇਤਰਾਜਯੋਗ ਟਿੱਪਣੀ“ ‘ਤੇ ਨਾਰਾਜਗੀ ਜਾਹਰ ਕਰਦੇ ਯਾਦਵ ਨੇ ਸ਼ੁੱਕਰਵਾਰ ਦੀ ਦੇਰ ਰਾਤ ਸੋਸ਼ਲ ਮੀਡੀਆ ਐਕਸ ‘ਤੇ ਕਿਹਾ ਕਿ ਜਨਤਕ ਤੌਰ ‘ਤੇ ਦਿੱਤੇ ਗਏ ਇਸ ਬਿਆਨ ਲਈ ਉਨ੍ਹਾਂ ਵਿਰੁੱਧ ਮਾਣਹਾਨੀ ਦਾ ਕੇਸ ਹੋਣਾ ਚਾਹੀਦਾ ਹੈ। ਬਸਪਾ ਮੁਖੀ ਨੇ ਐਕਸ ‘ਤੇ ਆਪਣੀ ਇੱਕ ਪੋਸਟ ਵਿੱਚ ਕਿਹਾ, ‘ਸਪਾ ਅਤੇ ਕਾਂਗਰਸ ਆਦਿ ਇਹ (ਦਲ) / ਰਿਜਰਵੇਸਨ ਦੇ ਸਮਰਥਨ ਵਿੱਚ ਤਾਂ ਆਪਣੇ ਸੁਆਰਥ ਅਤੇ ਮਜਬੂਰੀ ਕਾਰਨ ਬੋਲਦੇ ਹਨ ਪਰ / ਰਿਜਰਵੇਸਨ ਦੇ ਵਰਗੀਕਰਨ ਅਤੇ ‘ਕ੍ਰੀਮੀ ਲੇਅਰ’ ਨੂੰ ਲੈ ਕੇ ਸੁਪਰੀਮ ਕੋਰਟ 1 ਅਗਸਤ 2024 ਦੇ ਫੈਸਲੇ ਵਿਚ ਹੁਣ ਤੱਕ ਚੁੱਪ ਹਨ, ਜੋ ਉਨ੍ਹਾਂ ਦੀ ਰਾਖਵੇਂਕਰਨ ਵਿਰੋਧੀ ਸੋਚ ਨੂੰ ਦਰਸਾਉਂਦਾ ਹੈ। ਅਜਿਹੇ ‘ਚ ਚੌਕਸ ਰਹਿਣਾ ਜਰੂਰੀ ਹੈ।“ ਮਾਇਆਵਤੀ ਨੇ ਕਿਹਾ, “ਸਪਾ ਅਤੇ ਕਾਂਗਰਸ ਆਦਿ ਦਾ ਵਿਵਹਾਰ, ਚਰਿੱਤਰ ਅਤੇ ਚਿਹਰਾ ਹਮੇਸਾ / ਵਿਰੋਧੀ ਰਿਹਾ ਹੈ। ਇਸੇ ਲੜੀ ਵਿਚ ‘ਭਾਰਤ ਬੰਦ’ ਨੂੰ ਸਰਗਰਮ ਸਮਰਥਨ ਨਾ ਦੇਣਾ ਵੀ ਇਸ ਗੱਲ ਨੂੰ ਸਾਬਤ ਕਰਦਾ ਹੈ। ਵੈਸੇ ਵੀ ਰਾਖਵੇਂਕਰਨ ਸਬੰਧੀ ਉਨ੍ਹਾਂ ਦੇ ਬਿਆਨਾਂ ਤੋਂ ਇਹ ਸਪੱਸਟ ਨਹੀਂ ਹੁੰਦਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ। ਅਜਿਹਾ ਉਲਝਣ ਕਿਉਂ?“ ਉਨ੍ਹਾਂ ਕਿਹਾ ਕਿ ਸਪਾ, ਕਾਂਗਰਸ ਅਤੇ ਹੋਰ ਪਾਰਟੀਆਂ ਰਿਜਰਵੇਸਨ ਦੇ ਖਿਲਾਫ ਇੱਕੋ ਜਿਹੀ ਸੋਚ ਦੀਆਂ ਜਾਪਦੀਆਂ ਹਨ ਅਤੇ ਅਜਿਹੀ ਸਥਿਤੀ ਵਿੱਚ ਨਾ ਸਿਰਫ ਐਸਸੀ/ਐਸਟੀ ਬਲਕਿ ਹੋਰ ਓਬੀਸੀ (ਹੋਰ ਪੱਛੜੀਆਂ ਸ੍ਰੇਣੀਆਂ) ਨੂੰ ਵੀ ਰਾਖਵੇਂਕਰਨ, ਸੰਵਿਧਾਨ ਦੀ ਸੁਰੱਖਿਆ ਅਤੇ ਜਾਤੀ ਜਨਗਣਨਾ ਲਈ ਸੰਘਰਸ ਕਰਨਾ ਚਾਹੀਦਾ ਹੈ। ਸਾਨੂੰ ਆਪਣੀ ਤਾਕਤ ਦੇ ਦਮ ‘ਤੇ ਬਹੁਤ ਸਮਝਦਾਰੀ ਨਾਲ ਲੜਨਾ ਪਵੇਗਾ।“



## ਨੈਸ਼ਨਲ ਕਾਨਫਰੰਸ ਨੇਤਾ ਸਕੀਨਾ ਇਟੂ ਨੇ ਦਮਹਾਲ ਹੰਜੀਪੋਰਾ ਸਟੀ ਤੋਂ ਭਰਿਆ ਨਾਮਜਦਗੀ ਪੱਤਰ

ਸ਼੍ਰੀਨਗਰ 24 ਅਗਸਤ। ਨੈਸ਼ਨਲ ਕਾਨਫਰੰਸ (ਨੈਕਾਂ) ਦੀ ਨੇਤਾ ਅਤੇ ਸਾਬਕਾ ਮੰਤਰੀ ਸਕੀਨਾ ਇਟੂ ਨੇ ਜੰਮੂ ਕਸ਼ਮੀਰ ਦੀ ਦਮਹਾਲ ਹੰਜੀਪੋਰਾ ਵਿਧਾਨ ਸਭਾ ਸੀਟ ਤੋਂ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ। ਇਟੂ ਨੇ ਜ਼ਿਲ੍ਹਾ ਚੋਣ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਕੁਲਗਾਮ ਦੇ ਸਾਹਮਣੇ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ। ਉਨ੍ਹਾਂ ਨਾਲ ਨੈਕਾਂ ਉੱਪ ਪ੍ਰਧਾਨ ਉਮਰ ਅਬਦੁੱਲਾ ਅਤੇ ਪਾਰਟੀ ਦੇ ਹੋਰ ਨੇਤਾ ਵੀ ਸਨ। ਅਬਦੁੱਲਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪਾਰਟੀ ਦੇ ਸਾਰੇ ਉਮੀਦਵਾਰ ਜਿੱਤ ਹਾਸਲ ਕਰਨਗੇ। ਉਨ੍ਹਾਂ ਕਿਹਾ,“ਪਾਰਟੀ ਪ੍ਰਧਾਨ ਫਾਰੂਕ ਅਬਦੁੱਲਾ ਦੀ ਸਹਿਮਤੀ ਨਾਲ, ਸਾਡੀ ਸੀਨੀਅਰ ਨੇਤਾ ਅਤੇ ਸਹਿਯੋਗੀ ਸਕੀਨਾ ਇਟੂ ਨੇ ਆਪਣਾ ਨਾਮਜਦਗੀ ਪੱਤਰ ਦਾਖਲ ਕੀਤਾ। ਸਾਨੂੰ ਉਮੀਦ ਹੈ ਕਿ ਇਟੂ ਦੇ ਨਾਲ-ਨਾਲ ਸਾਡੇ ਚੋਣ ਚਿੰਨ੍ਹ ‘ਤੇ ਚੋਣ ਲੜਨ ਵਾਲਾ ਹਰ ਉਮੀਦਵਾਰ ਜਿੱਤ ਦਰਜ ਕਰੇਗਾ।“ ਅਬਦੁੱਲਾ ਨੇ ਕਿਹਾ ਕਿ ਪਾਰਟੀ ਨੇ ਲੋਕਾਂ ਦੇ ਸਾਹਮਣੇ ਆਪਣਾ ਮੈਨੀਫੈਸਟੋ ਰੱਖਿਆ ਹੈ ਅਤੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸ਼ਾਇਦ ਕੋਈ ਹੋਰ ਪਾਰਟੀ ਅਗਲੇ 5 ਸਾਲਾਂ ਲਈ ਇਸ ਤੋਂ ਬਿਹਤਰ ਮੈਨੀਫੈਸਟੋ ਜਾਂ ਪ੍ਰੋਗਰਾਮ ਜਾਂ ਏਜੰਡਾ ਨਹੀਂ ਲਿਆ ਸਕਕਦੀ ਹੈ। ਉਨ੍ਹਾਂ ਕਿਹਾ,“ਸਾਨੂੰ ਉਮੀਦ ਹੈ ਕਿ ਜਦੋਂ ਜੰਮੂ ਕਸ਼ਮੀਰ ਦੇ ਲੋਕ ਅਗਲੇ 5 ਸਾਲਾਂ ਲਈ ਆਪਣੀ ਸਰਕਾਰ ਚੁਣਨ ਨੂੰ ਲੈ ਕੇ ਫੈਸਲਾ ਕਰਨਗੇ ਤਾਂ ਉਹ ਨੈਕਾਂ ਨੂੰ ਇੱਥੇ ਦੀ ਜਨਤਾ ਦੀ ਸੇਵਾ ਦਾ ਮੌਕਾ ਜਰੂਰ ਦੇਣਗੇ।“ ਉਮਰ ਅਬਦੁੱਲਾ ਨੇ ਉਮੀਦ ਜਤਾਈ ਕਿ ਇਟੂ ਭਾਰੀ ਵੋਟਾਂ ਦੇ ਅੰਤਰ ਨਾਲ ਜਿੱਤੇਗੀ। ਉਨ੍ਹਾਂ ਕਿਹਾ,“ਸਾਨੂੰ ਇਸ ਸੀਟ ਤੋਂ ਵੱਡੀ ਜਿੱਤ ਦੀ ਉਮੀਦ ਹੈ। ਚੰਗੀ ਸ਼ੁਰੂਆਤ ਦਾ ਮਤਲਬ ਹੈ ਅੱਧੀ ਜਿੱਤ। ਮੈਨੂੰਲੱਗਦਾ ਹੈ ਕਿ ਅੱਜ ਦੀ ਸ਼ੁਰੂਆਤ ਚੰਗੀ ਰਹੀ ਹੈ ਅਤੇ ਭਗਵਾਨ ਦੀ ਦੁਆ ਨਾਲ ਇਸ ਦਾ ਅਸਰ ਹੋਰ ਸੀਟ ‘ਤੇ ਵੀ ਦਿੱਸੇਗਾ।“



# ਨਜਾਇਜ ਮਾਈਨਿੰਗ ਰੋਕਣ ਲਈ ਸਰਕਾਰ ਨੇ ਚੁੱਕਿਆ ਵੱਡਾ ਕਦਮ, ਕੀਤੀ ਖਾਣਾਂ ਦੀ ਜੀਓ-ਟੈਗਿੰਗ ਅਤੇ ਜੀਓ-ਫੈਂਸਿੰਗ

ਚੰਡੀਗੜ੍ਹ 24 ਅਗਸਤ। ਪੰਜਾਬ ਸਰਕਾਰ ਨੇ ਨਵੀਨਤਮ ਤਕਨੀਕਾਂ ਦੀ ਮਦਦ ਨਾਲ ਸੂਬੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਵਿਭਾਗ ਵੱਲੋਂ ਮਾਈਨਿੰਗ ਗਤੀਵਿਧੀਆਂ ਸੁਰੂ ਹੋਣ ਤੋਂ ਪਹਿਲਾਂ ਸਾਰੀਆਂ ਖਾਣਾਂ ਦੀ ਜੀਓ-ਟੈਗਿੰਗ ਅਤੇ ਜੀਓ-ਫੈਂਸਿੰਗ ਕਰ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਪੰਜਾਬ ਵਿੱਚ ਸਥਿਤ ਖਾਣਾਂ ਦੀ ਜੀਓ-ਟੈਗਿੰਗ ਜਾਂ ਜੀਓ-ਫੈਂਸਿੰਗ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ ਅਤੇ ਇਹ ਵਿਭਾਗ ਦੇ ਪੋਰਟਲ ਰਾਹੀਂ ਜਨਤਕ ਤੌਰ 'ਤੇ ਵੀ ਉਪਲਬਧ ਹਨ। ਬੁਲਾਰੇ ਨੇ ਕਿਹਾ ਕਿ ਵਿਭਾਗ ਵੱਲੋਂ ਹੁਣ ਤੱਕ ਜਿੰਨੀਆਂ ਵੀ ਮਾਈਨਿੰਗ ਸਾਈਟਸ ਅਲਾਟ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਪ੍ਰੀ ਸਰਵੇ ਕੀਤਾ ਗਿਆ ਹੈ ਤਾਂ ਜੋ ਗੈਰ-ਕਾਨੂੰਨੀ ਮਾਈਨਿੰਗ ਰੋਕੀ ਜਾ ਸਕੇ। ਮਾਈਨਿੰਗ ਪੋਰਟਲ (ਮਿਨਰਲ ਸੇਲ ਮੈਨੇਜਮੈਂਟ ਐਂਡ ਮਾਨੀਟਰਿੰਗ ਸਿਸਟਮ) ://... ਵਿੱਚ ਆਨਲਾਈਨ ਸ਼ਿਕਾਇਤਾਂ ਲਈ ਵਿਵਸਥਾ ਵੀ ਕੀਤੀ ਗਈ ਹੈ। ਸੂਬੇ ਦੇ ਕਿਸੇ ਵੀ ਖੇਤਰ ਵਿੱਚ ਗੈਰ-ਕਾਨੂੰਨੀ ਮਾਈਨਿੰਗ ਬਾਰੇ ਸ਼ਿਕਾਇਤ (ਤਸਵੀਰਾਂ ਅਤੇ ਹੋਰ ਜਾਣਕਾਰੀ ਸਮੇਤ) ਦਰਜ ਕਰਵਾਉਣ ਲਈ ਗੂਗਲ ਪਲੇਅ ਸਟੋਰ 'ਤੇ 'ਐਂਡਰੋਇਡ ਐਪਲੀਕੇਸਨ (ਪੰਜਾਬ ਸੈਂਡ)' ਉਪਲਬਧ ਹੈ, ਜਿਸ ਨੂੰ ਕੋਈ ਵੀ ਵਿਅਕਤੀ ਡਾਊਨਲੋਡ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਸੂਬੇ ਵਿੱਚ 31 ਅਕਤੂਬਰ, 2023 ਤੱਕ ਪੁਲਿਸ ਵਿਭਾਗ ਵੱਲੋਂ ਗੈਰ-ਕਾਨੂੰਨੀ ਮਾਈਨਿੰਗ



ਵਿਰੁੱਧ ਕੁੱਲ 5366 ਕੇਸ ਦਰਜ ਕੀਤੇ ਗਏ ਹਨ। ਖਣਨ ਅਤੇ ਭੂ-ਵਿਗਿਆਨ ਵਿਭਾਗ ਵੱਲੋਂ ਐਨ.ਜੀ.ਟੀ. ਦੇ ਹੁਕਮਾਂ ਦੀ ਪਾਲਣਾ ਤਹਿਤ ਸੂਬੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਇੱਕ 'ਜ਼ਿਲ੍ਹਾ ਪੱਧਰੀ ਟਾਸਕ ਫੋਰਸ' ਦਾ ਗਠਨ ਵੀ ਕੀਤਾ ਹੈ। ਐਨ.ਜੀ.ਟੀ. ਦੇ ਹੁਕਮਾਂ ਦੀ ਪਾਲਣਾ ਕਰਦਿਆਂ ਰੋਪੜ ਜ਼ਿਲ੍ਹੇ ਵਿੱਚ ਕੁੱਲ 110 ਐਫ.ਆਈ.ਆਰ. ਦਰਜ ਕਰਨ ਤੋਂ ਇਲਾਵਾ 156 ਵਾਹਨ ਜਬਤ ਕੀਤੇ ਗਏ ਹਨ। ਇਸ ਤੋਂ ਇਲਾਵਾ ਰੋਪੜ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਦੇ ਚਲਦਿਆਂ ਵਿਭਾਗ ਵੱਲੋਂ 13 ਕਰੱਸਰਾਂ ਦੀ ਰਜਿਸਟ੍ਰੇਸਨ ਵੀ ਰੱਦ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ ਸੈਟੇਲਾਈਟ ਡੇਟਾ ਦੀ ਵਰਤੋਂ ਕਰਦਿਆਂ ਨਦੀ ਦੇ ਤੱਟਾਂ ਅਤੇ ਹੋਰ ਮਾਈਨਿੰਗ ਸਾਈਟਾਂ ਦੇ ਟਿਕਾਊ ਪ੍ਰਬੰਧਨ ਅਤੇ ਨਿਗਰਾਨੀ ਦੇ ਉਦੇਸ ਨਾਲ ਆਈ.ਆਈ.ਟੀ. ਰੋਪੜ ਨਾਲ ਸਮਝੌਤਾ ਸਹੀਬੱਧ ਕਰਨ ਦੀ ਪ੍ਰਕਿਰਿਆ ਵਿੱਚ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਗੁੰਮਰਾਹਕੁੰਨ ਬਿਆਨ ਨੂੰ ਸਿਰੇ ਤੋਂ ਨਕਾਰਦਿਆਂ ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ ਦੇ ਬੁਲਾਰੇ ਨੇ ਸਪੱਸਟ ਕੀਤਾ ਕਿ ਪੰਜਾਬ ਵਿੱਚ ਮਾਈਨਿੰਗ ਗਤੀਵਿਧੀਆਂ ਸਬੰਧੀ ਲਾਏ ਗਏ ਦੋਸ ਪੂਰੀ ਤਰ੍ਹਾਂ ਗਲਤ ਅਤੇ ਬੇਬੁਨਿਆਦ ਹੋਣ ਦੇ ਨਾਲ-ਨਾਲ ਵਿਰੋਧੀ ਧਿਰ ਦੇ ਨੇਤਾ ਦੇ ਦਾਅਵਿਆਂ ਤੋਂ ਬਿਲਕੁਲ ਉਲਟ ਹਨ ਕਿਉਂਕਿ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਵੱਲੋਂ ਸਾਲ 2020 ਵਿੱਚ ਮਾਈਨਿੰਗ ਸਾਈਟਾਂ ਲਈ ਜੀਓ-ਫੈਂਸਿੰਗ ਅਤੇ ਜੀਓ-ਟੈਗਿੰਗ ਦੀ ਵਰਤੋਂ ਸਬੰਧੀ ਵਿਸਥਾਰਤ ਦਿਸਾ-ਨਿਰਦੇਸ ਜਾਰੀ ਕੀਤੇ ਗਏ ਸਨ। ਬੁਲਾਰੇ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਨੇ ਜੀ.ਪੀ.ਐਸ. ਕੋਆਰਡੀਨੇਟਸ ਦੀ ਵਰਤੋਂ ਕਰਦਿਆਂ ਸਾਰੀਆਂ ਮਾਈਨਿੰਗ ਸਾਈਟਾਂ ਲਈ ਕੀ-ਹੋਲ ਮਾਰਕਅੱਪ ਲੈਂਗੂਏਜ (ਕੇ.ਐਮ.ਐਲ.) ਫਾਈਲਾਂ ਤਿਆਰ ਕਰਕੇ ਇਨ੍ਹਾਂ ਦਿਸਾ-ਨਿਰਦੇਸਾਂ ਨੂੰ ਸਹੀ ਅਰਥਾਂ ਵਿੱਚ ਲਾਗੂ ਕੀਤਾ ਹੈ। ਇਹ ਫਾਈਲਾਂ ਜੀਓ-ਫੈਂਸਿੰਗ ਅਤੇ ਜੀਓ-ਟੈਗਿੰਗ ਲਈ ਇੱਕ ਮਜ਼ਬੂਤ ਅਤੇ ਪ੍ਰਭਾਵੀ ਟੂਲ ਵਜੋਂ ਕੰਮ ਕਰਦੀਆਂ ਹਨ, ਜਿਸ ਨਾਲ ਕੋਈ ਵੀ ਵਿਅਕਤੀ ਗੂਗਲ ਅਰਥ ਵਰਗੇ ਪਲੇਟਫਾਰਮਾਂ 'ਤੇ ਮਾਈਨਿੰਗ ਖੇਤਰਾਂ ਦੀ ਆਸਾਨੀ ਨਾਲ ਪਛਾਣ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਹਰੇਕ ਮਾਈਨ ਯੋਜਨਾ ਨਾਲ ਇੱਕ ਲਾਜਮੀ ਕੇ.ਐਮ.ਐਲ. ਫਾਈਲ ਹੁੰਦੀ ਹੈ ਅਤੇ ਵਾਤਾਵਰਣ ਸਬੰਧੀ ਮਨਜ਼ੂਰੀ ਦੀ ਹਰੇਕ ਅਰਜ਼ੀ ਵਿੱਚ ਇਹ ਜਰੂਰੀ ਦਸਤਾਵੇਜ ਸਾਮਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਵਿਭਾਗ ਇਸ ਸਮੇਂ ਵਾਤਾਵਰਣ ਸਬੰਧੀ 40 ਮਨਜ਼ੂਰੀਆਂ ਪ੍ਰਾਪਤ ਕਰਨ ਦੇ ਆਖਰੀ ਪੜਾਅ 'ਤੇ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੇਲੇ ਵਾਤਾਵਰਣ ਸਬੰਧੀ ਜ਼ਰੂਰੀ ਪ੍ਰਵਾਨਗੀਆਂ ਅਤੇ ਹੋਰ ਮਨਜ਼ੂਰੀਆਂ ਤੋਂ ਬਿਨਾਂ ਹੀ ਮਾਈਨਿੰਗ ਗਤੀਵਿਧੀਆਂ ਹੁੰਦੀਆਂ ਸਨ। ਇਸ ਦੇ ਉਲਟ ਮੌਜੂਦਾ ਸਰਕਾਰ ਦੇ ਸ਼ਾਸਨਕਾਲ ਦੌਰਾਨ ਕਾਨੂੰਨੀ ਪ੍ਰੋਟੋਕੋਲ ਦੀ ਸਖਤੀ ਨਾਲ ਪਾਲਣਾ ਕਰਨ ਦੇ ਨਾਲ-ਨਾਲ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਮਾਈਨਿੰਗ ਗਤੀਵਿਧੀਆਂ ਦੀ ਇਜਾਜ਼ਤ ਸਿਰਫ ਉਨ੍ਹਾਂ ਖੇਤਰਾਂ ਵਿੱਚ ਹੀ ਦਿੱਤੀ ਜਾਵੇ, ਜਿੱਥੇ ਸਟੇਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ (ਐਸ.ਈ.ਆਈ.ਏ.ਏ.) ਤੋਂ ਵਾਤਾਵਰਣ ਸਬੰਧੀ ਮਨਜ਼ੂਰੀਆਂ ਜਾਂ ਹੋਰ ਜ਼ਰੂਰੀ ਪ੍ਰਵਾਨਗੀਆਂ ਲਈਆਂ ਗਈਆਂ ਹਨ।

## ਕੇਂਦਰੀ ਮੰਤਰੀ ਮੰਡਲ ਦਾ ਵੱਡਾ ਫੈਸਲਾ, ਅੰਤੋਦਿਆ ਅੰਨ ਯੋਜਨਾ ਅਧੀਨ ਖੰਡ 'ਤੇ ਸਬਸਿਡੀ ਦੀ ਮਿਆਦ ਵਧੀ

ਨਵੀਂ ਦਿੱਲੀ 24 ਅਗਸਤ। ਕੇਂਦਰੀ ਮੰਤਰੀ ਮੰਡਲ ਨੇ ਵੀਰਵਾਰ 'ਅੰਤੋਦਿਆ ਅੰਨ ਯੋਜਨਾ' (ਏ. ਏ. ਵਾਈ.) ਅਧੀਨ 1.89 ਕਰੋੜ ਪਰਿਵਾਰਾਂ ਨੂੰ ਰਾਸਨ ਦੀਆਂ ਦੁਕਾਨਾਂ ਰਾਹੀਂ ਵੰਡੀ ਜਾਣ ਵਾਲੀ ਖੰਡ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਨੂੰ ਹੋਰ 2 ਸਾਲਾਂ ਲਈ ਵਧਾ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ 'ਚ ਜਨਤਕ ਵੰਡ ਯੋਜਨਾ (ਪੀ. ਡੀ. ਐੱਸ.) ਰਾਹੀਂ ਵੰਡੀ ਜਾਣ ਵਾਲੀ ਖੰਡ 'ਤੇ ਸਬਸਿਡੀ ਦੀ ਯੋਜਨਾ 31 ਮਾਰਚ, 2026 ਤੱਕ ਵਧਾਉਣ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਗਈ। ਇੱਕ ਅਧਿਕਾਰਤ ਬਿਆਨ ਅਨੁਸਾਰ ਸਬਸਿਡੀ ਯੋਜਨਾ ਅਧੀਨ ਕੇਂਦਰ ਸਰਕਾਰ ਰੂਬਿਆਂ ਵਿੱਚ ਏ. ਏ. ਵਾਈ. ਪਰਿਵਾਰਾਂ ਨੂੰ ਖੰਡ 'ਤੇ ਪ੍ਰਤੀ ਮਹੀਨਾ



18.50 ਰੁਪਏ ਪ੍ਰਤੀ ਕਿਲੋ ਦੀ ਸਬਸਿਡੀ ਪ੍ਰਦਾਨ ਕਰਦੀ ਹੈ। ਇਸ ਖੰਡ ਨੂੰ ਖਰੀਦਣਾ ਅਤੇ ਵੰਡਣਾ ਸੂਬਿਆਂ ਦੀ ਜ਼ਿੰਮੇਵਾਰੀ ਹੈ। ਕੇਂਦਰੀ ਮੰਤਰੀ ਮੰਡਲ ਨੇ ਲੰਘੇ 1 ਮਈ, 2009 ਤੋਂ 17 ਨਵੰਬਰ, 2015 ਤਕ ਦੇ ਸਮੇ ਲਈ ਖਾਦ (ਯੂਰੀਆ) ਇਕਾਈਆਂ ਨੂੰ ਘਰੇਲੂ ਗੈਸ ਦੀ ਸਪਲਾਈ 'ਤੇ ਮਾਰਕੀਟਿੰਗ ਮਾਰਜਿਨ ਦੇ ਨਿਰਧਾਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਮੰਡਲ ਨੇ ਸੰਯੁਕਤ ਅਰਬ ਅਮੀਰਾਤ (ਯੂ. ਏ. ਈ. ) ਨਾਲ ਇੱਕ ਨਿਵੇਸ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਅਧੀਨ ਨਿਰਮਾਣ ਅਤੇ ਸਿੱਧੇ ਵਿਦੇਸੀ ਨਿਵੇਸ ਸਮੇਤ ਕਈ ਖੇਤਰਾਂ ਵਿੱਚ ਦੁਵੱਲੇ ਆਰਥਿਕ ਸਬੰਧਾਂ ਨੂੰ ਹੁਲਾਰਾ ਮਿਲਣ ਦੀ ਸੰਭਾਵਨਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਮਹੀਨੇ ਸੰਯੁਕਤ ਅਰਬ ਅਮੀਰਾਤ ਦੀ ਸੰਭਾਵਿਤ ਯਾਤਰਾ ਤੋਂ ਪਹਿਲਾਂ ਅਭਿਲਾਸੀ ਨਿਵੇਸ ਸਮਝੌਤੇ ਨੂੰ ਮਨਜ਼ੂਰੀ ਦਿੱਤੀ ਗਈ ਹੈ।

## ਅਮਰੀਕੀ ਡਾਲਰ ਮੁਕਾਬਲੇ 16 ਪੈਸੇ ਦੇ ਵਾਧੇ ਨਾਲ ਖੁੱਲ੍ਹਿਆ ਭਾਰਤੀ ਰੁਪਿਆ

ਮੁੰਬਈ 24 ਅਗਸਤ। ਸਕਾਰਾਤਮਕ ਘਰੇਲੂ ਬਾਜਾਰਾਂ ਦੇ ਸਮਰਥਨ ਨਾਲ ਸ਼ੁੱਕਰਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿਚ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 16 ਪੈਸੇ ਦੀ ਮਜਬੂਤੀ ਨਾਲ 82.82 ਦੇ ਪੱਧਰ 'ਤੇ ਪਹੁੰਚ ਗਿਆ। ਫਾਰੇਕਸ ਵਪਾਰੀਆਂ ਨੇ ਕਿਹਾ ਕਿ ਅੰਤਰਿਮ ਬਜਟ ਦਾ ਘਰੇਲੂ ਮੁਦਰਾ 'ਤੇ ਸਕਾਰਾਤਮਕ ਪ੍ਰਭਾਵ ਪਿਆ ਹੈ। ਇਸ ਨੇ ਵਿੱਤੀ ਸਾਲ 2024-25 ਲਈ ਵਿੱਤੀ ਘਾਟੇ ਨੂੰ ਘਟਾ ਕੇ ਜੀਡੀਪੀ ਦੇ 5.1 ਪ੍ਰਤੀਸਤ ਕਰਨ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਵਿਦੇਸੀ ਬਾਜਾਰ 'ਚ ਅਮਰੀਕੀ ਕਰੰਸੀ ਦੇ ਕਮਜੋਰ ਰੁਖ ਨੇ ਵੀ ਸਥਾਨਕ ਕਰੰਸੀ ਨੂੰ ਮਜਬੂਤੀ ਦਿੱਤੀ। ਅੰਤਰਬੈਂਕ ਵਿਦੇਸੀ ਮੁਦਰਾ ਬਾਜਾਰ ਵਿੱਚ,




ਰੁਪਿਆ 82.91 ਪ੍ਰਤੀ ਡਾਲਰ 'ਤੇ ਖੁੱਲ੍ਹਿਆ ਅਤੇ ਫਿਰ 82.82 ਪ੍ਰਤੀ ਡਾਲਰ ਦੇ ਉੱਚ ਪੱਧਰ ਨੂੰ ਛੂਹ ਗਿਆ, ਜੋ ਕਿ ਇਸਦੀ ਪਿਛਲੀ ਬੰਦ ਕੀਮਤ ਤੋਂ 16 ਪੈਸੇ ਵੱਧ ਹੈ। ਵੀਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 82.98 ਦੇ ਪੱਧਰ 'ਤੇ ਬੰਦ ਹੋਇਆ ਸੀ। ਇਸ ਦੌਰਾਨ ਛੇ ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਦਰਸਾਉਂਦਾ ਡਾਲਰ ਸੂਚਕਾਂਕ 0.03 ਫੀਸਦੀ ਡਿੱਗ ਕੇ 103.01 'ਤੇ ਰਿਹਾ। ਗਲੋਬਲ ਆਇਲ ਬੈਂਚਮਾਰਕ ਬ੍ਰੈਂਟ ਕਰੂਡ ਫਿਊਚਰਜ 0.48 ਫੀਸਦੀ ਵਧ ਕੇ 79.08 ਅਮਰੀਕੀ ਡਾਲਰ ਪ੍ਰਤੀ ਬੈਰਲ 'ਤੇ ਰਿਹਾ। ਸੇਅਰ ਬਾਜਾਰ ਦੇ ਅੰਕੜਿਆਂ ਮੁਤਾਬਕ ਵਿਦੇਸੀ ਸੰਸਥਾਗਤ ਨਿਵੇਸਕਾਂ (ਐੱਫ.ਆਈ.ਆਈ.) ਨੇ ਵੀਰਵਾਰ ਨੂੰ 1,879.58 ਕਰੋੜ ਰੁਪਏ ਦੇ ਸੇਅਰ ਵੇਚੇ।

## ਭਾਰਤ ਬਣ ਸਕਦੈ ਅਗਲਾ ਚੀਨ, ਭਾਰਤੀ ਸੇਅਰਾਂ ਦੀ ਧੜਾਧੜ ਖਰੀਦ ਕਰ ਰਹੇ ਨੇ ਜਾਪਾਨੀ ਨਿਵੇਸਕ

ਬਿਜਨੈੱਸ ਡੈਸਕ 24 ਅਗਸਤ। ਭਾਰਤ ਦੇ ਵਿਕਾਸ ਦੀ ਆਵਾਜ ਵਿਦੇਸਾਂ ਵਿੱਚ ਵੀ ਸੁਣਾਈ ਦੇ ਰਹੀ ਹੈ। ਕਈ ਦੇਸਾਂ ਦੇ ਨਿਵੇਸਕ ਭਾਰਤੀ ਸੇਅਰ ਬਾਜਾਰ ਵਿੱਚ ਨਿਵੇਸ ਕਰ ਰਹੇ ਹਨ। ਜਾਪਾਨੀ ਨਿਵੇਸਕ ਜਾਪਾਨ ਛੱਡ ਕੇ ਭਾਰਤ 'ਤੇ ਭਰੋਸਾ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਭਾਰਤ ਅਗਲਾ ਚੀਨ ਹੈ, ਜੋ ਤੇਜੀ ਨਾਲ ਵਿਕਾਸ ਕਰ ਰਿਹਾ ਹੈ। ਬਲੂਮਬਰਗ ਨੇ ਇਸ ਸਬੰਧ ਵਿਚ ਇਕ ਰਿਪੋਰਟ ਪੇਸ ਕੀਤੀ, ਜਿਸ ਦੇ ਅਨੁਸਾਰ ਭਾਰਤੀ ਸਟਾਕਾਂ ਨਾਲ ਸਬੰਧਤ ਜਾਪਾਨੀ ਨਿਵੇਸ ਟਰੱਸਟ ਦੀ ਕੁੱਲ ਜਾਇਦਾਦ ਵਿਚ 11 ਫੀਸਦੀ ਦਾ ਵਾਧਾ ਹੋਇਆ, ਜਿਸ ਤੋਂ ਬਾਅਦ ਉਨ੍ਹਾਂ ਦੀ ਜਾਇਦਾਦ 13.41 ਹਜਾਰ ਕਰੋੜ ਰੁਪਏ ਹੋ ਗਈ। ਪਿਛਲੇ ਮਹੀਨੇ ਜਾਪਾਨੀ ਨਿਵੇਸਕਾਂ ਨੂੰ ਭਾਰਤੀ ਸੇਅਰਾਂ ਨਾਲ ਸਬੰਧਤ ਫੰਡਾਂ ਵਿੱਚ ਨਿਵੇਸ ਕਰਕੇ ਲਗਭਗ 14 ਹਜਾਰ ਕਰੋੜ ਯੇਨ ਯਾਨੀ 7920.04 ਕਰੋੜ ਰੁਪਏ ਦਾ ਰਿਟਰਨ ਮਿਲਿਆ ਹੈ। ਜਦੋਂ ਕਿ ਜਾਪਾਨੀ ਸਟਾਕਾਂ ਨਾਲ ਸਬੰਧਤ ਫੰਡਾਂ ਨੇ ਨਾ-ਮਾਤਰ ਪ੍ਰਵਾਹ ਦਰਜ ਕੀਤਾ। ਇਸ ਲਈ ਜਾਪਾਨੀ ਨਿਵੇਸਕ ਭਾਰਤੀ ਸੇਅਰ ਬਾਜਾਰ ਵੱਲ ਰੁੱਖ ਕਰ ਰਹੇ ਹਨ। ਭਾਰਤੀ ਨਿਵੇਸਕ ਭਾਰਤ ਦੇ ਕਿਸੇ ਵਿਸੇਸ ਸਟਾਕ ਲਈ ਨਹੀਂ ਬਲਕਿ ਪੂਰੇ ਭਾਰਤ ਵਿੱਚ ਬਹੁਤ ਦਿਲਚਸਪੀ ਦਿਖਾ ਰਹੇ ਹਨ। ਹੋਰ ਉਭਰਦੇ ਦੇਸਾਂ ਵਿਚ ਉਹ ਭਾਰਤ ਨੂੰ ਜ਼ਿਆਦਾ ਮਹੱਤਵ ਦੇ ਰਹੇ ਹਨ। ਇਸ ਸਾਲ ਸੁਰੂ ਕੀਤੇ ਗਏ ਟੈਕਸ ਮੁਕਤ ਨਿਵੇਸ ਖਾਤੇ ਵੀ ਇਸ ਦਾ ਕਾਰਨ ਹਨ। ਜਾਪਾਨ ਦੀ ਯੂਬੀਐੱਸ ਸੁਮੀ ਟਰੱਸਟ ਵੈਲਥ ਮੈਨੇਜਮੈਂਟ ਕੰਪਨੀ ਦੇ ਸੀਈਓ ਦਾਈਜੂ ਦਾ ਮੰਨਣਾ ਹੈ ਕਿ ਭਾਰਤ ਦੇ ਆਰਥਿਕ ਵਿਕਾਸ ਦੇ ਮੱਦੇਨਜਰ ਭਾਰਤੀ ਸੇਅਰ ਬਾਜਾਰ ਵਿੱਚ ਜਾਪਾਨੀ ਨਿਵੇਸਕਾਂ ਦਾ ਆਕਰਸਣ ਵਧਿਆ ਹੈ। ਜਾਪਾਨੀ ਨਿਵੇਸਕ ਕਿਸੇ ਵਿਸੇਸ ਕੰਪਨੀ ਦੇ ਸੇਅਰਾਂ ਵਿੱਚ ਪੈਸਾ ਨਹੀਂ ਲਗਾਉਣਾ ਚਾਹੁੰਦੇ, ਸਗੋਂ ਉਨ੍ਹਾਂ ਦੀ ਦਿਲਚਸਪੀ ਪੂਰੇ ਭਾਰਤ ਲਈ ਦਿਖਾਈ ਦਿੰਦੀ ਹੈ। ਦੁਨੀਆ ਦੇ ਉਭਰਦੇ ਦੇਸਾਂ ਵਿੱਚ ਨਿਵੇਸ ਦੇ ਮਾਮਲੇ ਵਿੱਚ ਜਾਪਾਨੀ ਪ੍ਰਚੂਨ ਨਿਵੇਸਕਾਂ ਦਾ ਭਾਰਤ ਵਿੱਚ ਭਰੋਸਾ ਵਧ ਰਿਹਾ ਹੈ। ਇਸ ਦੇ ਨਾਲ ਹੀ ਚੀਨ ਦੇ ਸੇਅਰ ਬਾਜਾਰ 'ਚ ਨਿਵੇਸ ਡਿੱਗ ਰਿਹਾ ਹੈ। ਭਾਵੇਂ ਪਿਛਲੇ ਮਹੀਨੇ ਭਾਰਤ ਦਾ ਨਿਫਟੀ 50 ਸੂਚਕਾਂਕ ਰੁਪਏ ਦੇ ਲਿਹਾਜ ਨਾਲ ਲਗਭਗ ਸਪਾਟ ਰਿਹਾ, ਪਰ ਜਾਪਾਨੀ ਕਰੰਸੀ ਯੇਨ ਦੀ ਗਿਰਾਵਟ ਕਾਰਨ ਇਹ 4.2 ਫੀਸਦੀ ਵਧ ਗਿਆ। ਆਬਾਦੀ ਦੇ ਆਧਾਰ 'ਤੇ ਵੀ ਇਹ ਮਾਹੌਲ ਭਾਰਤ ਦੇ ਹੱਕ ਵਿਚ ਹੈ। ਸੰਯੁਕਤ ਰਾਸਟਰ ਦੀ ਇਕ ਰਿਪੋਰਟ ਮੁਤਾਬਕ ਸਾਲ 2050 ਤੱਕ ਭਾਰਤ ਦੀ ਆਬਾਦੀ 17 ਫੀਸਦੀ ਵਧ ਸਕਦੀ ਹੈ ਪਰ ਚੀਨ ਦੀ ਆਬਾਦੀ 7.9 ਫੀਸਦੀ ਘਟਣ ਦੀ ਸੰਭਾਵਨਾ ਹੈ।

## ਪੰਜਾਬ ਦੇ ਮੌਸਮ ਨੂੰ ਲੈ ਕੇ ਆਈ ਨਵੀਂ ਅਪਡੇਟ, ਮੌਸਮ ਵਿਭਾਗ ਨੇ ਕੀਤੀ ਇਹ ਭਵਿੱਖਬਾਣੀ

ਜਲੰਧਰ/ਟਾਂਡਾ ਉੜਮੁੜ 24 ਅਗਸਤ। ਪੰਜਾਬ ਦੇ ਹੋਰਨਾਂ ਹਿੱਸਿਆਂ ਵਾਂਗ ਟਾਂਡਾ ਇਲਾਕੇ ਵਿਚ ਵੀ ਕੁਝ ਦਿਨ ਬਾਰਿਸ ਦੇ ਦੌਰ ਤੋਂ ਬਾਅਦ ਠੰਡ ਤੇ ਗਹਿਰੀ ਧੁੰਦ ਨੇ ਇਕ ਵਾਰ ਫਿਰ ਤੋਂ ਵਾਪਸੀ ਕੀਤੀ ਹੈ ਪ੍ਰੰਤੂ ਦੁਪਹਿਰ ਸਮੇਂ ਖਿੜੀ ਹੋਈ ਤਿੱਖੀ ਧੁੱਪ ਨੇ ਮੌਸਮ ਨੂੰ ਸੁਹਾਵਣਾ ਬਣਾ ਦਿੱਤਾ ਹੈ। ਪੰਜਾਬ ਦੇ ਕੁਝ ਹਿੱਸਿਆਂ ਤੋਂ ਇਲਾਵਾ ਪਹਾੜੀ ਇਲਾਕਿਆਂ ਵਿਚ ਹੋਈ ਬਰਫਬਾਰੀ ਕਾਰਨ ਰਾਤ ਅਤੇ ਸਵੇਰ ਸਮੇਂ ਕਰਾਕੇ ਦੀ ਠੰਡ ਮਹਿਸੂਸ ਕੀਤੀ ਜਾ ਸਕਦੀ ਹੈ ਜਦਕਿ ਦੁਪਹਿਰ ਸਮੇਂ ਲਗਾਤਾਰ ਨਿਕਲ ਰਹੀ ਧੁੱਪ ਨੇ ਤਾਪਮਾਨ ਵਿਚ ਵਾਧਾ ਕੀਤਾ ਹੈ। ਉਂਝ ਦੇਖਿਆ ਜਾਵੇ ਤਾਂ ਬਸੰਤ ਪੰਚਮੀ ਦੇ ਨੇੜੇ ਠੰਡ ਹੌਲੀ-ਹੌਲੀ ਘੱਟਣੀ ਸੁਰੂ ਹੋ ਜਾਂਦੀ ਹੈ ਪ੍ਰੰਤੂ ਮੌਸਮ ਵਿਭਾਗ ਅਨੁਸਾਰ ਬਾਰਿਸ ਅਤੇ ਬਰਫਬਾਰੀ ਕਾਰਨ ਠੰਡ ਦਾ ਅਸਰ ਅਜੇ ਕੁਝ ਦਿਨਾਂ ਤੱਕ ਹੋਰ ਰਹੇਗਾ। ਦਿਨ ਸਮੇਂ ਖਿੜੀ ਹੋਈ ਧੁੱਪ ਕਾਰਨ ਸਵੇਰ ਸਾਮ ਸੰਘਣੀ ਧੁੰਦ ਦਾ ਦੌਰ ਅਜੇ ਕੁਝ ਦਿਨ ਤਕ ਜਾਰੀ ਰਹੇਗਾ। ਉਧਰ ਦੂਜੇ ਪਾਸੇ ਖੇਤੀਬਾੜੀ ਮਾਹਰਾਂ ਦਾ ਕਹਿਣਾ ਹੈ ਕਿ ਕੜਾਕੇ ਦੀ ਠੰਡ ਕੋਹਰਾ ਅਤੇ ਬਾਰਿਸ ਤੋਂ ਬਾਅਦ ਹੁਣ ਹਾੜੀ ਦੀ ਪ੍ਰਮੁੱਖ ਫਸਲ ਕਣਕ ਨੂੰ ਧੁੱਪ ਦੀ ਲੋੜ ਹੈ ਅਤੇ ਧੁੱਪ ਕਰਕੇ ਹੀ ਫਸਲ ਦੇ ਝਾੜ 'ਤੇ ਵੀ ਚੰਗਾ ਅਸਰ ਪਵੇਗਾ। ਪਿਛਲੇ ਕੁਝ ਦਿਨਾਂ ਵਿਚ ਹੋਈ ਬਾਰਿਸ ਕਾਰਨ ਹੁਣ ਕਿਸਾਨਾਂ ਦੀ ਫਸਲਾਂ ਨੂੰ ਪਾਣੀ ਲਾਉਣ ਦੀ ਚਿੰਤਾ ਮੁਕ ਗਈ ਹੈ ਤੇ ਬਾਰਿਸ ਕਾਰਨ ਵਾਤਾਵਰਣ 'ਤੇ ਵੀ ਚੰਗਾ ਅਸਰ ਪਿਆ ਹੈ। ਜੇਕਰ ਮੌਸਮ ਵਿਭਾਗ ਦੀ ਮੰਨੀਏ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਨਾਲ-ਨਾਲ ਟਾਂਡਾ ਇਲਾਕੇ ਵਿਚ ਵੀ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ ਜਿਸ ਕਾਰਨ ਤਾਪਮਾਨ ਵਿਚ ਲਗਾਤਾਰ ਵਾਧਾ ਹੋਣ ਦਾ ਅਨੁਮਾਨ ਹੈ।

## ਬਾਰਿਸ਼ ਤੇ ਸੀਤ ਲਹਿਰ ਨੇ ਮੁੜ ਛੇੜੀ ਕੰਬਣੀ, ਮੌਸਮ ਵਿਭਾਗ ਵੱਲੋਂ ਅਜੇ ਵੀ ਸੰਘਣੀ ਧੁੰਦ ਪੈਣ ਦੇ ਆਸਾਰ

ਗੁਰਦਾਸਪੁਰ 24 ਅਗਸਤ। ਪਿਛਲੇ 24 ਘੰਟਿਆਂ ਦੌਰਾਨ ਗੁਰਦਾਸਪੁਰ 'ਚ ਹੋਈ 40 ਐੱਮ. ਐੱਮ. ਬਾਰਿਸ਼ ਅਤੇ 7 ਕਿਲੋਮੀਟਰ ਰਫਤਾਰ ਨਾਲ ਚੱਲੀ ਸੀਤ ਲਹਿਰ ਨੇ ਲੋਕਾਂ ਨੂੰ ਮੁੜ ਕੰਬਣੀ ਛੇੜ ਦਿੱਤੀ ਹੈ। ਇਸ ਇਲਾਕੇ ਅੰਦਰ ਦਿਨ ਦਾ ਤਾਪਮਾਨ ਘੱਟ ਕੇ ਮੁੜ 15 ਡਿਗਰੀ ਸੈਂਟੀਗਰੇਡ ਰਹਿ ਗਿਆ ਹੈ ਜਦੋਂ ਕਿ ਰਾਤ ਦਾ ਘੱਟੋ-ਘੱਟ ਤਾਪਮਾਨ 5 ਡਿਗਰੀ ਦੇ ਕਰੀਬ ਦਰਜ ਕੀਤਾ ਗਿਆ। ਬੀਤੇ ਦਿਨ ਹੋਈ ਬਾਰਿਸ਼ ਨਾਲ ਕਈ ਜ਼ਿਲ੍ਹਿਆਂ ਵਿਚ ਗੜੇਮਾਰੀ ਵੀ ਹੋਣ ਕਾਰਨ ਫਸਲਾਂ ਪ੍ਰਭਾਵਿਤ ਹੋਈਆਂ ਹਨ ਪਰ ਗੁਰਦਾਸਪੁਰ ਜ਼ਿਲ੍ਹੇ ਅੰਦਰ ਹੋਈ ਦਰਮਿਆਨੀ ਬਾਰਿਸ਼ ਨੇ ਕਣਕ ਦੀ ਫਸਲ ਦਾ ਨੁਕਸਾਨ ਨਹੀਂ ਕੀਤਾ। ਹਾਲ ਦੀ ਘੜੀ ਇਹ ਮੰਨਿਆ ਜਾ ਰਿਹਾ ਹੈ ਕਿ ਦੋ ਮਹੀਨੇ ਮੌਸਮ ਖੁਸ਼ਕ ਰਹਿਣ ਕਾਰਨ ਫਸਲ ਨੂੰ ਨੁਕਸਾਨ ਹੋ ਰਿਹਾ ਸੀ। ਇਸ ਲਈ ਇਹ ਬਾਰਿਸ਼ ਫਸਲਾਂ ਲਈ ਲਾਹੇਵੰਦ ਰਹੇਗੀ। ਬਾਰਿਸ਼ ਤੋਂ ਬਾਅਦ ਚੱਲੀਆਂ ਤੇਜ ਹਵਾਵਾਂ ਨੇ ਵੀ ਕਣਕ ਦੀ ਫਸਲ ਨੂੰ ਨੁਕਸਾਨ ਨਹੀਂ ਕੀਤਾ ਕਿਉਂਕਿ ਅਜੇ ਤੱਕ ਫਸਲ ਦੀ ਉਚਾਈ ਘੱਟ ਹੋਣ ਕਰਨ ਹਵਾ ਨਾਲ ਨੁਕਸਾਨ ਹੋਣ ਦੀ ਸੰਭਾਵਨਾ ਨਹੀਂ ਹੈ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਅਜੇ ਵੀ ਸੰਘਣੀ ਧੁੰਦ ਪੈ ਸਕਦੀ ਹੈ ਅਤੇ ਐਤਵਾਰ ਨੂੰ ਵੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਅੱਜ ਸੀਤ ਲਹਿਰ ਨੇ ਠੰਢ ਵਿਚ ਕਾਫੀ ਵਾਧਾ ਕੀਤਾ ਹੈ।

## ਬਠਿੰਡਾ ਤੋਂ ਸਿਰਸਾ-ਹਿਸਾਰ ਜਾਣ ਵਾਲੇ ਪਰੇਸ਼ਾਨ

ਬਠਿੰਡਾ 24 ਅਗਸਤ। ਬਠਿੰਡਾ ਜੰਕਸਨ ਸਟੇਸਨ ਤੋਂ ਸਿਰਸਾ, ਹਿਸਾਰ ਆਦਿ ਜਾਣ ਲਈ ਸਵੇਰੇ 5 ਵਜੇ ਚੱਲਣ ਵਾਲੀ ਕਿਸਾਨ ਐਕਸਪ੍ਰੈੱਸ ਸਿਰਸਾ, ਹਿਸਾਰ, ਭਿਵਾਨੀ ਆਦਿ ਤੋਂ ਹੁੰਦੇ ਹੋਏ ਦਿੱਲੀ ਲਈ ਰਵਾਨਾ ਹੁੰਦੀ ਹੈ। ਇਸ ਤੋਂ ਪਹਿਲਾਂ ਸਵੇਰੇ 4 ਵਜੇ ਦੇ ਕਰੀਬ ਇਕ ਹੋਰ ਰੇਲਗੱਡੀ ਵੀ ਗੰਗਾਨਗਰ ਤੋਂ ਆਉਂਦੀ ਹੈ ਅਤੇ ਬਠਿੰਡਾ ਤੋਂ ਸਿਰਸਾ, ਹਿਸਾਰ, ਭਿਵਾਨੀ ਆਦਿ ਲਈ ਚੱਲਦੀ ਹੈ। ਭਾਵ ਸਵੇਰੇ ਬਠਿੰਡਾ ਸਟੇਸਨ ਤੋਂ ਸਿਰਸਾ, ਹਿਸਾਰ ਆਦਿ ਲਈ 2 ਰੇਲ ਗੱਡੀਆਂ ਚੱਲਦੀਆਂ ਹਨ। ਇਸ ਤੋਂ ਬਾਅਦ 7-8 ਘੰਟੇ ਬਾਅਦ ਦੁਪਹਿਰ ਕਰੀਬ 12.45 ਵਜੇ ਅਗਲੀ ਟਰੇਨ ਇਸ ਸਟੇਸ਼ਨ ਤੋਂ ਚੱਲਦੀ ਹੈ।

## ਸੜਕ ਹਾਦਸਿਆਂ ਨੂੰ ਰੋਕਣ ਲਈ ਟ੍ਰੈਫਿਕ ਐਜੂਕੇਸਨ ਸੈੱਲ ਦੇ ਅਧਿਕਾਰੀਆਂ ਨੇ ਦਿੱਤੇ ਟਿਪਸ

ਅੰਮ੍ਰਿਤਸਰ 24 ਅਗਸਤ। ਰਾਸਟਰੀ ਸੜਕ ਸੁਰੱਖਿਆ ਮਹੀਨੇ ਤਹਿਤ ਪੁਲਸ ਕਮਿਸਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਏ. ਸੀ. ਪੀ ਟ੍ਰੈਫਿਕ ਦੇ ਦਿਸ਼ਾਂ-ਨਿਰਦੇਸ਼ਾਂ ਹੇਠ ਟ੍ਰੈਫਿਕ ਐਜੂਕੇਸ਼ਨ ਸੈਲ ਦੇ ਇੰਚਾਰਜ ਐਸ. ਆਈ. ਦਲਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਦੇ ਐਚ. ਸੀ. ਸਲਵੰਤ ਸਿੰਘ, ਕਾਂਸਟੇਬਲ ਲਵਪ੍ਰੀਤ ਕੌਰ ਨੇ ਰਣਜੀਤ ਐਵੇਨਿਊ ਸਥਿਤ ਨੋਵਾ ਕੈਂਪਸ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਨੋਵਾ ਕੈਂਪਸ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਬਾਰੇ ਜਾਗਰੂਕ ਕੀਤਾ ਗਿਆ। ਵਿਦਿਆਰਥੀਆਂ ਨੂੰ ਹਮੇਸਾ ਖੱਬੇ ਪਾਸੇ ਚੱਲਣ ਲਈ ਸਮਝਾਇਆ ਗਿਆ ਅਤੇ ਹੈਲਮੇਟ ਅਤੇ ਸੀਟ ਬੈਲਟ ਪਾਉਣ ਲਈ ਵੀ ਕਿਹਾ ਗਿਆ। ਟ੍ਰੈਫਿਕ ਸਿੱਖਿਆ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਸੜਕ ਹਾਦਸਿਆਂ ਬਾਰੇ ਵੀ ਜਾਗਰੂਕ ਕੀਤਾ। ਐਚ. ਸੀ. ਸਤਵੰਤ ਸਿੰਘ ਨੇ ਦੱਸਿਆ ਕਿ ਦੇਸ਼ ਵਿਚ ਹਰੇਕ ਇੱਕ ਮਿੰਟ ਵਿਚ ਡਰਾਇਵਰ ਦੀ ਅਣਗਹਿਲੀ ਕਾਰਨ ਸੜਕ ਦੁਰਘਟਨਾ ਵਾਪਰ ਰਹੀ ਹੈ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਘੱਟ ਉਮਰ ਦੇ ਡਰਾਈਵਿੰਗ ਦੇ ਨੁਕਸਾਨਾਂ ਬਾਰੇ



ਦੱਸਿਆ ਗਿਆ। ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਟਿੱਪਸ ਵੀ ਦਿੱਤੇ ਗਏ ਅਤੇ ਦੱਸਿਆ ਗਿਆ ਕਿ ਕੂੜਾ ਹਮੇਸਾ ਡਸਟਬਿਨ ਵਿੱਚ ਹੀ ਸੁੱਟਣਾ ਚਾਹੀਦਾ ਹੈ। ਇਸ ਮੌਕੇ ਟ੍ਰੈਫਿਕ ਐਜੂਕੇਸਨ ਸੈੱਲ ਦੇ ਇੰਚਾਰਜ ਸਬ-ਇੰਸਪੈਕਟਰ ਦਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੜਕ ਹਾਦਸਿਆਂ ਤੋਂ ਬਚਣ ਲਈ ਕਈ ਟਿੱਪਸ ਵੀ ਦੱਸੇ, ਤਾਂ ਜੋ ਸੜਕ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ। ਇਸ ਮੌਕੇ ਨੋਵਾ ਕੈਂਪਸ ਡਾਇਰੈਕਟਰ ਮੈਡਮ ਕੁਲਜਿੰਦਰ ਕੌਰ ਅਤੇ ਸਮੁੱਚਾ ਸਟਾਫ ਵੀ ਹਾਜਰ ਸੀ। ਇਸ ਤੋਂ ਇਲਾਵਾ ਰਣਜੀਤ ਐਵੀਨਿਊ ਸਥਿਤ ਇਕ ਹੋਰ ਇਮੀਗ੍ਰੇਸਨ ਸੈਂਟਰ ਵਿਖੇ ਵਿਸੇਸ ਮੀਟਿੰਗ ਕਰ ਕੇ ਉਨ੍ਹਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਬੀਨੂੰ ਜੈਕਬ, ਸੁਮੀਤ ਸਰਮਾ, ਮੀਨੂੰ, ਅਮਨਦੀਪ ਸੰਧੂ, ਹਰਨੀਤ ਕੌਰ, ਰੀਨਾ, ਤੁਸਾਰ, ਮਨਿੰਦਰ ਸਿੰਘ, ਅਰਸਦੀਪ ਸਿੰਘ, ਸੁਭਦੀਪ ਸਿੰਘ, ਭਵਦੀਪ ਸਿੰਘ, ਦਲਜੀਤ ਕੌਰ, ਹਨੀ ਅਤੇ ਸ਼ਿਵਾਨੀ ਅਤੇ ਹੋਰ ਵੀ ਹਾਜਰ ਸਨ।

### 2030-31 ਤੱਕ ਭਾਰਤੀ ਅਰਥਵਿਵਸਥਾ ਦੀ ਔਸਤ ਵਿਕਾਸ ਦਰ 6.7% ਰਹੇਗੀ: ਕ੍ਰਿਸਿਲ

ਨਵੀਂ ਦਿੱਲੀ 24 ਅਗਸਤ। ਕ੍ਰਿਸਿਲ ਨੇ ਕਿਹਾ ਕਿ ਮੌਜੂਦਾ ਦਹਾਕੇ ਦੇ ਅੰਤ ਤੱਕ ਭਾਰਤੀ ਅਰਥਵਿਵਸਥਾ ਦੀ ਔਸਤ ਸਾਲਾਨਾ ਵਿਕਾਸ ਦਰ 6.7 ਫੀਸਦੀ ਰਹਿਣ ਦੀ ਉਮੀਦ ਹੈ। ਰੇਟਿੰਗ ਏਜੰਸੀ ਦੀ ਤਾਜਾ ਰਿਪੋਰਟ 'ਚ ਕਿਹਾ ਗਿਆ ਹੈ ਕਿ ਵਿੱਤੀ ਸਾਲ 2023-24 ਤੋਂ 2030-31 ਦਰਮਿਆਨ ਅਰਥਵਿਵਸਥਾ ਇਸ ਦਰ ਨਾਲ ਵਧੇਗੀ। ਇਹ ਦਰ ਮਹਾਂਮਾਰੀ ਤੋਂ ਪਹਿਲਾਂ ਦੀ ਔਸਤ ਵਿਕਾਸ ਦਰ 6.6 ਪ੍ਰਤੀਸਤ ਨਾਲੋਂ ਥੋੜ੍ਹੀ ਜ਼ਿਆਦਾ ਹੈ। ਅਨੁਸਾਰ ਪੂੰਜੀ ਮੁੱਖ ਤੌਰ 'ਤੇ ਇਸ ਰੁਝਾਨ ਵਿੱਚ ਯੋਗਦਾਨ ਪਾਵੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਨੇ ਨਿਰਮਾਣ ਗਤੀਵਿਧੀਆਂ ਨੂੰ ਸਮਰਥਨ ਦੇਣ ਲਈ ਪੂੰਜੀ ਖਰਚ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ ਅਤੇ ਰਾਜਾਂ ਦੇ ਨਿਵੇਸ ਯਤਨਾਂ ਨੂੰ ਉਤਸਾਹਤ ਕਰਨ ਲਈ ਵਿਆਜ ਮੁਕਤ ਕਰਜੇ ਦੀ ਪੇਸਕਸ ਕਰ ਰਹੀ ਹੈ। ਕ੍ਰਿਸਿਲ ਨੇ ਕਿਹਾ ਕਿ ਚਾਲੂ ਵਿੱਤੀ ਸਾਲ 'ਚ 7.3 ਫੀਸਦੀ ਦੀ ਮਜਬੂਤ ਵਿਕਾਸ ਦਰ ਤੋਂ ਬਾਅਦ ਅਗਲੇ ਵਿੱਤੀ ਸਾਲ 'ਚ ਇਹ 6.4 ਫੀਸਦੀ ਰਹਿਣ ਦਾ ਅਨੁਮਾਨ ਹੈ। ਰਿਪੋਰਟ ਮੁਤਾਬਕ ਰਿਜਰਵ ਬੈਂਕ ਵਿਆਜ ਦਰ ਦੇ ਮੋਰਚੇ 'ਤੇ ਸਾਵਧਾਨ ਰਹੇਗਾ

## ਓਵਰਲੋਡ ਤੂੜੀ ਨਾਲ ਭਰੇ ਟਰੱਕ ਨੇ ਖੰਭੇ ਨੂੰ ਪਹੁੰਚਾਇਆ ਨੁਕਸਾਨ, ਇਲਾਕੇ ਨੂੰ 18 ਘੰਟਿਆਂ ਬਾਅਦ ਨਸੀਬ ਹੋਈ ਬਿਜਲੀ

ਤਰਨਤਾਰਨ 24 ਅਗਸਤ। ਸੜਕਾਂ ਉੱਪਰ ਰਾਤ ਸਮੇਂ ਚੱਲਣ ਵਾਲੇ ਓਵਰਲੋਡ ਵਾਹਨਾਂ ਕਰ ਕੇ ਲੋਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨੂੰ ਰੋਕਣ 'ਚ ਸਬੰਧਿਤ ਮਹਿਕਮਾ ਅਸਫਲ ਸਾਬਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਤੀ ਰਾਤ ਇਕ ਓਵਰਲੋਡ ਤੂੜੀ ਨਾਲ ਭਰੇ ਟਰੱਕ ਦੇ ਤਰਨਤਰਨ-ਜੰਡਿਆਲਾ ਗੁਰੂ ਰੋਡ ਉੱਪਰ ਹਾਦਸਾਗ੍ਰਸਤ ਹੋਣ ਕਾਰਨ ਬਿਜਲੀ ਦਾ ਖੰਭਾ ਨੁਕਸਾਨਿਆ ਗਿਆ, ਜਿਸ ਕਾਰਨ ਆਸ-ਪਾਸ ਦੇ ਇਲਾਕੇ 'ਚ ਜਿੱਥੇ ਕਈ ਪਿੰਡਾਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਰਹੀ, ਉਥੇ ਹੀ ਅੱਧੀ ਦਰਜਨ ਤੋਂ ਵੱਧ ਸ਼ੈਲਰ ਕਰੀਬ 18 ਘੰਟੇ ਤੱਕ ਬਿਜਲੀ ਸਪਲਾਈ ਨਾ ਮਿਲਣ ਕਾਰਨ ਬੰਦ ਰਹੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਤਨੇਜਾ, ਸੀਨੀਅਰ ਮੀਤ



ਪ੍ਰਧਾਨ ਨਵੀਨ ਗੁਪਤਾ ਸੋਨੂ, ਸੀਨੀਅਰ ਮੈਂਬਰ ਸੁਨੀਲ ਕੁਮਾਰ ਸੱਤ ਦੇਵ ਸ਼ੈਲਰ ਵਾਲਿਆਂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਰਾਤ ਤਰਨਤਾਰਨ ਤੋਂ ਜੰਡਿਆਲਾ ਗੁਰੂ ਰੋਡ ਉੱਪਰ ਨਜਦੀਕ ਕੱਦਗਿਲ ਪਿੰਡ ਵਿਖੇ ਇਕ ਤੂੜੀ ਨਾਲ ਓਵਰਲੋਡ ਹੋਏ ਟਰੱਕ ਦੇ ਹਾਦਸਾਗ੍ਰਸਤ ਹੋਣ ਕਾਰਨ ਬਿਜਲੀ ਦਾ ਖੰਭਾ ਨੁਕਸਾਨਿਆ ਗਿਆ, ਜਿਸ ਕਰ ਕੇ ਬੀਤੀ ਰਾਤ ਕਰੀਬ 11 ਵਜੇ ਤੋਂ ਇਲਾਕੇ ਦੀ ਸਾਰੀ ਬਿਜਲੀ ਸਪਲਾਈ ਬੰਦ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਕੱਦਗਿੱਲ ਵਿਖੇ ਮੌਜੂਦ ਕਰੀਬ ਅੱਧੀ ਦਰਜਨ ਸ਼ੈਲਰ ਬਿਜਲੀ ਤੋਂ ਵਾਂਝੇ ਰਹਿਣ ਕਰ ਕੇ ਬੰਦ ਰਹੇ, ਜਿਸ ਨਾਲ ਉਨ੍ਹਾਂ ਦਾ ਕਾਫੀ ਨੁਕਸਾਨ ਹੋ ਚੁੱਕਾ ਹੈ। ਇਸ ਬਿਜਲੀ ਸਪਲਾਈ ਨੂੰ ਚਾਲੂ ਕਰਨ ਲਈ ਬਿਜਲੀ ਵਿਭਾਗ ਦੇ ਕਰਮਚਾਰੀਆਂ ਨੂੰ ਕਾਫੀ ਮਿਹਨਤ ਕਰਨੀ ਪਈ ਅਤੇ ਕਰੀਬ 18 ਘੰਟੇ ਬਾਅਦ ਬਿਜਲੀ ਸਪਲਾਈ ਚਾਲੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਓਵਰਲੋਡ ਵਾਹਨ ਕਾਰਨ ਲੋਕਾਂ ਅਤੇ ਵਪਾਰੀਆਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਰੋਸ ਜਾਹਿਰ ਕਰਦੇ ਹੋਏ ਦੱਸਿਆ ਕਿ ਰਾਤ ਸਮੇਂ ਓਵਰਲੋਡ ਵਾਹਨਾਂ ਨੂੰ ਰੋਕਣ 'ਚ ਸਬੰਧਤ ਵਿਭਾਗ ਨਾਕਾਮ ਸਾਬਤ ਹੋ ਰਿਹਾ ਹੈ।

## ਡੇਢ ਲੱਖ ਰੁਪਏ ਦਾ ਇਨਾਮੀ ਸਜ਼ਾ ਪ੍ਰਾਪਤ ਕੈਦੀ 7 ਸਾਲਾਂ ਬਾਅਦ ਗ੍ਰਿਫਤਾਰ

ਲੁਧਿਆਣਾ 24 ਅਗਸਤ। ਦਿੱਲੀ ਪੁਲਸ ਦੀ ਸਪੈਸ਼ਲ ਸੈੱਲ ਦੀ ਟੀਮ ਨੇ ਡੇਢ ਲੱਖ ਰੁਪਏ ਦੇ ਇਨਾਮੀ ਸਜ਼ਾ ਪ੍ਰਾਪਤ ਕੈਦੀ ਨੂੰ ਲੁਧਿਆਣਾ ਦੇ ਕੰਗਣਵਾਲ ਇਲਾਕੇ ਤੋਂ ਕਾਬੂ ਕਰ ਲਿਆ। ਸਾਲ 2016 'ਚ 2 ਮਹੀਨੇ ਦੀ ਪੈਰੋਲ 'ਤੇ ਆਇਆ ਸਜ਼ਾ ਜ਼ਾਫਤਾ ਕੈਦੀ ਦਿਨੇਸ਼ ਕੁਮਾਰ ਪਿਛਲੇ 7 ਸਾਲ ਤੋਂ



ਇਸ ਇਲਾਕੇ 'ਚ ਆਪਣੀ ਪਤਨੀ ਸੀਮਾ ਨਾਲ ਲੁਕ ਕੇ ਰਹਿ ਰਿਹਾ ਸੀ। ਪਿੰਡ ਤੋਂ ਫਰਾਰ ਹੋਣ ਤੋਂ ਬਾਅਦ ਪਿਛਲੇ 7 ਸਾਲ ਤੋਂ ਮੁਲਜ਼ਮ ਆਪਣੇ ਕਿਸੇ ਵੀ ਰਿਸ਼ਤੇਦਾਰ ਜਾਂ ਜਾਣਕਾਰ ਦੇ ਸੰਪਰਕ 'ਚ ਨਹੀਂ ਸੀ, ਜਿਸ ਕਾਰਨ ਮੁਲਜ਼ਮ ਨੂੰ ਫੜ੍ਹਨ ਲਈ ਪੁਲਸ ਨੂੰ ਸਖ਼ਤ ਮਿਹਨਤ ਕਰਨੀ ਪਈ। ਮੁਲਜ਼ਮ ਨੂੰ ਰਾਏ ਬਰੇਲੀ ਕੋਰਟ ਵੱਲੋਂ ਕਤਲ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਦਿੱਲੀ ਪੁਲਸ ਨੇ ਕਾਬੂ ਕੀਤੇ ਕੈਦੀ ਨੂੰ ਰਾਏ ਬਰੇਲੀ ਦੇ ਸਲੋਨ ਕੋਤਵਾਲੀ ਪੁਲਸ ਹਵਾਲੇ ਕਰ ਦਿੱਤਾ, ਜਿਸ ਨੂੰ ਕੋਰਟ 'ਚ ਪੇਸ਼ ਕਰਨ ਤੋਂ ਬਾਅਦ ਜੇਲ ਭੇਜ ਦਿੱਤਾ ਗਿਆ। 7 ਸਾਲ ਤੋਂ ਫਰਾਰ ਇਸ ਕੈਦੀ ਨੂੰ ਕਾਬੂ ਕਰਨ ਲਈ ਪੁਲਸ ਪਿਛਲੇ ਕਾਫੀ ਲੰਬੇ ਸਮੇਂ ਤੋਂ ਹੱਥ-ਪੈਰ ਮਾਰ ਰਹੀ ਸੀ ਅਤੇ ਮੁਲਜ਼ਮ 'ਤੇ ਡੇਢ ਲੱਖ ਰੁਪਏ ਦਾ ਇਨਾਮ ਵੀ ਐਲਾਨਿਆ ਗਿਆ ਸੀ। ਅਖੀਰ ਦਿੱਲੀ ਪੁਲਸ ਨੇ ਉਸ ਨੂੰ ਲੱਭ ਲਿਆ, ਜੋ ਭਗੌੜਿਆਂ ਦੀ ਲਿਸਟ 'ਚ ਮੁੱਖ ਤੌਰ 'ਤੇ ਸ਼ਾਮਲ ਸੀ।

## ਸਾਲ 2023 'ਚ ਅਸਮਾਨੀ ਪੁੱਜੀਆਂ ਸੋਨੇ ਦੀਆਂ ਕੀਮਤਾਂ, ਮੰਗ 'ਚ ਆਈ 5 ਫੀਸਦੀ ਦੀ ਗਿਰਾਵਟ

ਮੁੰਬਈ 24 ਅਗਸਤ। ਸੋਨੇ ਦੀਆਂ ਕੀਮਤਾਂ ਵਧਣ ਕਾਰਨ ਇਸ ਦੀ ਮੰਗ ਘਟ ਗਈ। ਸਾਲ 2023 ਦੌਰਾਨ ਕੁੱਲ 4,448 ਟਨ ਸੋਨੇ ਦੀ ਖਪਤ ਹੋਈ। ਇਹ ਇਕ ਸਾਲ ਪਹਿਲਾਂ ਮਤਲਬ ਕਿ ਸਾਲ 2022 ਦੇ ਮੁਕਾਬਲੇ 5 ਫੀਸਦੀ ਘੱਟ ਹੈ। ਇਸ ਵਿਚ ਓਵਰ ਦਿ ਕਾਊਂਟਰ ਜਾਂ ਓ. ਟੀ. ਸੀ. ਰਾਹੀਂ ਸੋਨੇ ਦੀ ਵਿਕਰੀ ਦਾ ਅੰਕੜਾ ਸ਼ਾਮਲ ਨਹੀਂ ਹੈ। ਜੇ ਇਸ ਵਿਚ ਓ. ਟੀ. ਸੀ. ਅਤੇ ਹੋਰ ਸ੍ਰੋਤ ਰਾਹੀਂ ਸੋਨੇ ਦੀ ਵਿਕਰੀ ਦੇ ਅੰਕੜਿਆਂ ਨੂੰ ਜੋੜ ਦਿੱਤਾ ਜਾਵੇ ਤਾਂ ਇਹ 4899 ਟਨ ਹੋ ਜਾਂਦਾ ਹੈ। ਦੱਸ ਦੇਈਏ ਕਿ ਇਹ ਰਿਪੋਰਟ ਵਰਲਡ ਗੋਲਡ ਕੌਂਸਲ (ਡਬਲਯੂ. ਜੀ. ਸੀ.) ਦੀ ਹੈ। ਸਾਲ 2023 ਦੌਰਾਨ ਖਾਣਾਂ ਤੋਂ ਸੋਨਾ ਮੁਕਾਬਲਤਨ ਸਥਿਰ ਰਿਹਾ। ਹਾਲਾਂਕਿ ਇਸ ਦੌਰਾਨ ਕੁੱਲ ਸੋਨੇ ਦੇ ਉਤਪਾਦਨ ਵਿਚ ਸਿਰਫ 1 ਫੀਸਦੀ ਦਾ ਵਾਧਾ ਹੋਇਆ ਪਰ ਇਸ ਵਿਚ 9 ਫੀਸਦੀ ਦਾ ਵਾਧਾ ਤਾਂ ਸਿਰਫ ਰਿਸਾਈਕਲਡ ਸੋਨੇ ਨਾਲ ਹੋਇਆ ਹੈ। ਇਸ ਤਰ੍ਹਾਂ ਕੁੱਲ ਸੋਨੇ ਦੀ ਸਪਲਾਈ 3 ਫੀਸਦੀ ਵਧੀ ਹੈ। ਡਬਲਯੂ. ਜੀ.ਸੀ. ਮੁਤਾਬਕ ਸਾਲ 2022 ਦੌਰਾਨ ਕੇਂਦਰੀ ਬੈਂਕਾਂ ਰਾਹੀਂ ਸੋਨੇ ਦੀ ਖਰੀਦਦਾਰੀ ਦਾ ਸਿਲਸਿਲਾ ਜਾਰੀ ਰਿਹਾ ਸੀ। ਇਸ ਕਾਰਨ ਉਸ ਸਾਲ ਸੋਨੇ ਦੀ ਮੰਗ 1037 ਟਨ ਰਿਹਾ। ਹਾਲਾਂਕਿ ਇਸ ਦੌਰਾਨ ਕੁੱਲ ਸੋਨੇ ਦੇ ਉਤਪਾਦਨ ਵਿਚ ਸਿਰਫ 1 ਫੀਸਦੀ ਦਾ ਵਾਧਾ ਹੋਇਆ ਪਰ ਇਸ ਵਿਚ 9 ਫੀਸਦੀ ਦਾ ਵਾਧਾ ਤਾਂ ਸਿਰਫ ਰਿਸਾਈਕਲਡ ਸੋਨੇ ਨਾਲ ਹੋਇਆ ਹੈ। ਇਸ ਤਰ੍ਹਾਂ ਕੁੱਲ ਸੋਨੇ ਦੀ ਸਪਲਾਈ 3 ਫੀਸਦੀ ਵਧੀ ਹੈ। ਡਬਲਯੂ. ਜੀ.ਸੀ. ਤੱਕ ਪੁੱਜ ਗਈ ਸੀ। ਇਹ ਦੂਜੀ ਸਭ ਤੋਂ ਵੱਧ ਵਿਕਰੀ ਸੀ। ਇਸ ਤੋਂ ਇਕ ਸਾਲ ਪਹਿਲਾਂ ਸਾਲ 2022 ਦੇ ਮੁਕਾਬਲੇ ਵੀ 45 ਟਨ ਜ਼ਿਆਦਾ ਸੋਨਾ ਵਿਕਿਆ ਸੀ। ਬੀਤੇ ਸਾਲ ਓ. ਟੀ.



ਸੀ. ਅਤੇ ਕੇਂਦਰੀ ਬੈਂਕਾਂ ਦੀ ਮਜਬੂਤ ਮੰਗ ਦੇ ਬਾਵਜੂਦ ਐਕਸਚੇਂਜ ਟ੍ਰੇਡੇਡ ਫੰਡ ਜਾਂ ਈ. ਟੀ. ਐੱਫ. ਤੋਂ ਆਊਟਫਲੋ ਜਾਰੀ ਰਿਹਾ। ਇਸ ਕਾਰਨ ਲਗਾਤਾਰ 3 ਸਾਲ ਦੌਰਾਨ 244 ਟਨ ਸੋਨੇ ਦੀ ਮੰਗ ਵਿਚ ਗਿਰਾਵਟ ਆਈ। ਇਸ ਸਾਲ ਸੋਨੇ ਦੇ ਬਾਰ ਅਤੇ ਸਿੱਕਿਆਂ ਦੀ ਮੰਗ ਵੀ ਘੱਟ ਹੋ ਗਈ। ਇਸ ਸੈਗਮੈਂਟ 'ਚ ਸਾਲਾਨਾ ਆਧਾਰ 'ਤੇ ਦੇਖੀਏ ਤਾਂ ਮੰਗ ਵਿਚ ਓਵਰਆਲ 3 ਫੀਸਦੀ ਦੀ ਗਿਰਾਵਟ ਹੋਈ ਹੈ। ਹਾਲਾਂਕਿ ਇਸੇ ਦੌਰਾਨ ਯੂਰਪੀ ਮੰਗ ਵਿਚ ਸਾਲ-ਦਰ-ਸਾਲ 59 ਫੀਸਦੀ ਦੀ ਗਿਰਾਵਟ ਜਾਰੀ ਰਹੀ। ਇਸ ਗਿਰਾਵਟ ਦੀ ਭਰਪਾਈ ਚੀਨ ਵਿਚ ਮਜਬੂਤ ਪੋਸਟ-ਕੋਵਿਡ ਰਿਕਵਰੀ ਨਾਲ ਹੋਈ, ਜਿੱਥੇ ਸਾਲਾਨਾ ਮੰਗ 28 ਫੀਸਦੀ ਵਧ ਕੇ 280 ਟਨ ਤੱਕ ਪੁੱਜ ਗਈ। ਇਸ ਸਾਲ ਸੋਨੇ ਦੀਆਂ ਰਿਕਾਰਡ ਹਾਈ ਕੀਮਤਾਂ ਰਹੀਆਂ ਹਨ। ਇਸ ਦੇ ਬਾਵਜੂਦ ਗਹਿਣਾ ਬਾਜਾਰ ਜ਼ਿਕਰਯੋਗ ਤੌਰ 'ਤੇ ਲਚਕੀਲਾ ਸਾਬਤ ਹੋਇਆ, ਕਿਉਂਕਿ ਸਾਲ-ਦਰ-ਸਾਲ ਮੰਗ ਵਿਚ 3 ਟਨ ਦਾ ਵਾਧਾ ਹੋਇਆ। ਇਸ ਵਿਚ ਚੀਨ ਨੇ ਇਕ ਅਹਿਮ ਭੂਮਿਕਾ ਨਿਭਾਈ। ਉੱਥੇ ਇਸ ਦੌਰਾਨ ਸੋਨੇ ਦੀ ਮੰਗ ਵਿਚ 17 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਹਾਲਾਂਕਿ ਇਸ ਸਾਲ ਭਾਰਤ ਵਿਚ ਗਹਿਣਿਆਂ ਦੀ ਮੰਗ ਵਿਚ 9 ਫੀਸਦੀ ਦੀ ਕਮੀ ਹੋਈ ਸੀ ਪਰ ਉਸ ਦੀ ਭਰਪਾਈ ਚੀਨ ਨੇ ਕਰ ਦਿੱਤੀ। ਵਰਲਡ ਗੋਲਡ ਕੌਂਸਲ ਦੇ ਸੀਨੀਅਰ ਮਾਰਕੀਟ ਐਨਾਲਿਸਟ ਲੁਇਸ ਸਟ੍ਰੀਟ ਨੇ ਅੱਜ ਇੱਥੇ ਰਿਪੋਰਟ ਜਾਰੀ ਕਰਦੇ ਹੋਏ ਦੱਸਿਆ ਕਿ ਉਂਝ ਤਾਂ ਸਾਲ 2023 ਵਿਚ ਇਕ ਸਾਲ ਪਹਿਲਾਂ ਦੇ ਮੁਕਾਬਲੇ ਘੱਟ ਸੋਨਾ ਵਿਕਿਆ ਪਰ ਜੇ 10 ਸਾਲ ਦੀ ਮੂਵਿੰਗ ਐਵਰੇਜ ਨੂੰ ਦੇਖਿਆ ਜਾਵੇ ਤਾਂ ਇਹ ਮੰਗ ਉਸ ਤੋਂ ਕਾਫੀ ਬਿਹਤਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਲ 2024 ਵਿਚ ਇਸ ਵਿਚ ਵਾਧਾ ਹੋਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸੇਂਦਾ



ਕਿਸਾਨੀ ਜੀਵਨ ਦੀ ਸਮੁੱਚੀ ਆਰਥਿਕਤਾ ਅਤੇ ਸਮਾਜਿਕਤਾ ਖੇਤੀ ਦੀ ਪੈਦਾਵਾਰ 'ਤੇ ਨਿਰਭਰ ਕਰਦੀ ਹੈ। ਕਿਸਾਨੀ ਨਾਲ ਸਬੰਧਤ ਪਰਿਵਾਰਾਂ ਦੀਆਂ ਲੋੜਾਂ, ਸੱਧਰਾਂ, ਚਾਅ ਸਭ ਕੁਝ ਫ਼ਸਲਾਂ ਦੀ ਪੈਦਾਵਾਰ ਨਾਲ ਜੁੜਿਆ ਹੁੰਦਾ ਹੈ। ਇਸੇ ਲਈ ਕਿਸਾਨੀ ਸੱਭਿਆਚਾਰ ਵਿੱਚ ਫ਼ਸਲਾਂ ਦਾ ਹੋਣਾ, ਬਾਗ਼ਾਂ ਦਾ ਮੌਲਣਾ, ਫੁੱਲ-ਫਲ ਦੇਣਾ ਨੂੰ ਪਰਿਵਾਰ ਰੂਪੀ ਬਾਗ਼ ਦੇ ਵਧਣ ਫੁੱਲਣ ਸਮਾਨ ਹੀ ਸਿਰਜਣਾਤਮਕ ਪ੍ਰਕਿਰਿਆ ਵਜੋਂ ਲਿਆ ਜਾਂਦਾ ਹੈ। ਦੋਵਾਂ ਦੀ ਸਾਂਝ ਕਿਰਤ ਅਤੇ ਪੈਦਾਵਾਰ ਦੀ ਸਾਂਝ ਹੈ। ਦੋਵਾਂ ਨੂੰ ਇੱਕੋ ਜਿਹੀ ਕੁਦਰਤੀ ਮਿਹਰ ਦੀ ਲੋੜ ਹੁੰਦੀ ਹੈ।

ਜਨ-ਜੀਵਨ ਲਈ ਪਾਣੀ ਕੁਦਰਤ ਦੀ ਇੱਕ ਬਹੁਤ ਹੀ ਕੀਮਤੀ ਦਾਤ ਹੈ। ਫ਼ਸਲਾਂ ਤੇ ਬਾਗ਼ਾਂ ਲਈ ਸਭ ਤੋਂ ਵੱਡੀ ਕੁਦਰਤੀ ਬਖ਼ਸ਼ਿਸ਼ ਹੈ ਨਿੱਕੀ-ਨਿੱਕੀ ਕਣੀ ਦਾ ਮੀਂਹ। ਨਿੱਕੀ-ਨਿੱਕੀ ਕਣੀ ਦਾ ਮੀਂਹ ਆਮ ਤੌਰ 'ਤੇ ਪੁਰੇ ਦੀ ਹਵਾ ਨਾਲ ਆਉਂਦਾ ਹੈ। ਇਸ ਮੀਂਹ ਨਾਲ ਖੇਤਾਂ ਵਿੱਚ ਮੌਲਿਆ ਘਾਹ, ਬਾਗ਼ਾਂ 'ਤੇ ਆਈ ਬਹਾਰ, ਫ਼ਸਲਾਂ 'ਤੇ ਆਇਆ ਜੋਬਨ ਸਭ ਭੋਇੰ ਕੇਂਦਰਤ ਕਿਸਾਨੀ ਲਈ ਖ਼ੁਸ਼ੀਆਂ ਖੇੜਿਆਂ ਦਾ ਜ਼ਾਮਨ ਹੈ। ਅਸਮਾਨ 'ਤੇ ਉੱਡਦੀਆਂ ਬੱਦਲੀਆਂ ਜਦੋਂ ਕਣੀਆਂ ਦੇ ਰੂਪ ਵਿੱਚ ਵਰ੍ਹਦੀਆਂ ਹਨ ਤਾਂ ਇਹ ਧਰਤੀ ਦੀ ਕੁੱਖ ਨੂੰ ਜੀਵਨ ਦੇ ਪਾਣੀ ਨਾਲ ਭਰ ਦਿੰਦੀਆਂ ਹਨ। ਅੰਬਰੋਂ ਡਿੱਗਦਾ ਇਹ ਨੀਰ ਫ਼ਸਲਾਂ ਲਈ ਖਾਦ ਦਾ ਕੰਮ ਕਰਦਾ ਹੈ ਅਤੇ ਉਨ੍ਹਾਂ ਉੱਪਰ ਨਵਾਂ ਰੂਪ ਤੇ ਨਿਖਾਰ ਪੈਦਾ ਕਰ ਦਿੰਦਾ ਹੈ:

ਬੱਦਲੀਆਂ ਘਿਰ ਘਿਰ ਝੜੀਆਂ ਲਾਈਆਂ,
ਨਦੀਆਂ ਨਿੱਕਲ ਪਹਾੜੋਂ ਆਈਆਂ,
ਧਰਤੀ ਜਲ ਥਲ, ਸੰਵਰੇ ਫੁੱਲ ਫਲ,
ਫ਼ਸਲਾਂ 'ਤੇ ਆ ਗਿਆ ਨਿਖਾਰ।

ਪੰਜਾਬ ਵਿੱਚ ਸਾਉਣ ਦਾ ਮਹੀਨਾ ਮੀਂਹ ਪੈਣ ਦਾ ਮਹੀਨਾ ਗਿਣਿਆ ਗਿਆ ਹੈ। ਹਾੜ੍ਹ ਮਹੀਨੇ ਗਰਮੀ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ। ਪਾਣੀ ਦੀ ਘਾਟ ਕਾਰਨ ਪਸ਼ੂ ਪੰਛੀ ਤ੍ਰਿਹਾਏ ਮਰਨ ਲੱਗਦੇ ਹਨ। ਜਦੋਂ ਅਸਮਾਨ 'ਤੇ ਘਣਘੋਰ ਘਟਾਵਾਂ ਚੜ੍ਹ ਆਉਂਦੀਆਂ ਹਨ, ਵੈਂਗਣੀ ਰੰਗ ਦੇ ਬੱਦਲਾਂ ਨੂੰ ਵੇਖ ਕੇ, ਗੱਜਣ ਦੀ ਆਵਾਜ਼ ਸੁਣ ਕੇ ਸਭ ਜੀਅ-ਜੰਤ ਖ਼ੁਸ਼ ਹੋ ਜਾਂਦਾ ਹੈ। ਮੋਰ ਵੀ ਖ਼ੁਸ਼ੀ ਨਾਲ ਕੂਕ ਉੱਠਦੇ ਹਨ। ਪਾਣੀ ਦਾ ਭਾਰ ਨਾ ਸਹਾਰਦੇ ਜਦੋਂ ਬੱਦਲ ਵਰ੍ਹਨ ਲੱਗਦੇ ਹਨ ਤਾਂ ਹਰੇਕ ਗਾ ਉੱਠਦਾ ਹੈ:

ਇੰਦਰ ਦੀ ਢੁੱਕ ਬਰਾਤ ਪਈ, ਲਾੜ੍ਹੀ ਏ ਬਣਦੀ ਬਰਸਾਤ ਪਈ,
'ਤੇ ਕਿਣ-ਮਿਣ ਲਾਈ ਕਣੀਆਂ ਨੇ,
ਵਾਹ ਸਾਵਣ ਮੌਜਾਂ ਬਣੀਆਂ ਨੇ।

ਬਰਸਾਤ ਹੋਣ ਦੇ ਇਸ ਮਹੀਨੇ ਤੋਂ ਪਹਿਲਾਂ ਹੀ ਕਿਸਾਨ ਮੱਕੀ, ਬਾਜਰਾ, ਗੁਆਰਾ, ਕਪਾਹ, ਝੋਨਾ ਆਦਿ ਫ਼ਸਲਾਂ ਬੀਜ ਹਟਦੇ ਹਨ ਤਾਂ ਜੋ ਫ਼ਸਲਾਂ ਨੂੰ ਵਧਣ-ਫੁੱਲਣ ਦਾ ਪੂਰਾ ਮੌਕਾ ਮਿਲ ਸਕੇ ਪਰ ਜੇ ਕੋਈ ਆਲਸੀ ਕਿਸਾਨ ਇਸ ਸਮੇਂ ਤਕ ਵੀ ਆਪਣੀ ਫ਼ਸਲ ਨਾ ਬੀਜ ਸਕੇ ਤਾਂ ਉਸ ਦੇ ਨਿਕੰਮੇਪਣ ਨੂੰ ਸੰਬੋਧਨ ਕਰਕੇ ਇਸ ਤਰ੍ਹਾਂ ਕਿਹਾ ਜਾਂਦਾ ਹੈ:

ਨਿੱਕੀਆਂ-ਨਿੱਕੀਆਂ ਪੈਣ ਫੁਹਾਰਾਂ
ਧਰਤੀ ਆਈ ਵਿੱਚ ਨਿਖਾਰਾਂ
ਤੂੰ ਨਾ ਵਟੀਆਂ ਵਾਹੀਆਂ ਵੇ,
ਕਾਲੀਆਂ, ਨੀਲੀਆਂ
ਝੂਮ ਘਟਾਵਾਂ ਆਈਆਂ ਵੇ।

ਜਦੋਂ ਬਿਜਲੀ ਦੇ ਲਿਸ਼ਕਾਰੇ, ਬੱਦਲਾਂ ਦੀ ਗੜਗੜਾਹਟ ਅਤੇ ਚੜ੍ਹ ਕੇ ਆਉਂਦੀਆਂ ਕਾਲੀਆਂ ਘਟਾਵਾਂ ਵਰਖਾ ਵਹੁਟੀ ਦੇ ਆਗਮਨ ਦਾ ਸੰਕੇਤ ਦਿੰਦੀਆਂ ਹਨ ਤਾਂ ਸੁਆਣੀਆਂ ਗੁੜ ਘੋਲਣ ਲੱਗ ਜਾਂਦੀਆਂ ਹਨ। ਪੂੜੇ ਪਕਾ ਕੇ ਜਿੱਥੇ ਬੱਚਿਆਂ ਨੂੰ ਖ਼ੁਸ਼ ਕਰਨਾ ਹੁੰਦਾ ਹੈ, ਉੱਥੇ ਵਰਖਾ ਵਹੁਟੀ ਦਾ ਸੁਆਗਤ ਵੀ ਤਾਂ ਕਰਨਾ ਹੁੰਦਾ ਹੈ:

ਕੰਨੀ ਕਣੀਆਂ ਦੇ ਝੁਮਕੇ, ਨੱਕ ਬਿਜਲੀ ਦੀ ਨੱਥ
ਜ਼ੁਲਫਾਂ ਕਾਲੀਆਂ ਤੇ ਸਿਆਹ, ਕਸਤੂਰੀਆਂ ਗਵਾਹ
ਪਈ ਬੱਦਲਾਂ ਦੇ ਡੋਲੇ, ਚੁੱਕੀ ਪੌਣ ਦੇ ਕਹਾਰਾਂ
ਆਈ ਵਰਖਾ ਦੀ ਵਹੁਟੀ।

ਨਿੱਕੀਆਂ-ਨਿੱਕੀਆਂ ਕਣੀਆਂ ਦੀ ਲੱਗੀ ਝੜੀ, ਛੱਪੜਾਂ, ਟੋਭਿਆਂ, ਢਾਬਾਂ ਨੂੰ ਪਾਣੀ ਨਾਲ ਭਰ ਦਿੰਦੀ ਹੈ। ਮੀਂਹ ਦੀਆਂ ਕਣੀਆਂ ਛੱਪੜਾਂ ਉੱਤੇ ਰੰਗ-ਬਰੰਗੇ ਬੁਲਬੁਲਿਆਂ ਨੂੰ ਜਨਮ ਦਿੰਦੀਆਂ ਆਪਣਾ ਖਿਣਭੰਗਰ ਲਈ ਜਲਵਾ ਵਿਖਾ ਕੇ ਛੱਪੜ ਦੇ ਪਾਣੀ ਵਿੱਚ ਲੀਨ ਹੋ ਜਾਂਦੀਆਂ ਹਨ। ਜਿਵੇਂ ਮਨੁੱਖ ਨੂੰ ਕਹਿ ਰਹੀਆਂ ਹੋਣ ਤੁਸੀਂ ਵੀ ਤਾਂ ਸਾਡੇ ਵਾਂਗ ਮਿੱਟੀ ਵਿੱਚ ਹੀ ਲੀਨ ਹੋ ਜਾਣਾ ਹੈ। ਫਿਰ ਲਾਲਚਵੱਸ ਸਾਡੀ ਹੋਂਦ ਨੂੰ ਵੀ ਕਿਉਂ ਖ਼ਤਰਾ ਪੈਦਾ ਕਰ ਰਿਹਾ ਹੈ ? ਕੁਦਰਤ ਦੀਆਂ ਦਾਤਾਂ ਨੂੰ ਸੰਭਾਲਦਾ ਹੋਇਆ ਇਨ੍ਹਾਂ ਦੇ ਆਗਮਨ ਦੀ ਖ਼ੁਸ਼ੀ ਮਨਾ:-

ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ
ਚੂਲ੍ਹੀਏ ਚੂਲ੍ਹੀਏ ਢਾਬ ਭਰੀ
ਤੇਰਾ ਕਦ ਮੁਕਲਾਵਾ ਭਾਗ ਭਰੀ



ਖੇਤਾਂ ਵਿੱਚ ਭੱਤਾ ਲੈ ਕੇ ਜਾਂਦੀ ਮੁਟਿਆਰ 'ਤੇ ਜਦੋਂ ਇਹ ਕਣੀਆਂ ਵਰ੍ਹਨ ਲੱਗਦੀਆਂ ਹਨ ਤਾਂ ਇਨ੍ਹਾਂ ਨਾਲ ਜੁੜੇ ਆਪਣੇ ਸੁਪਨੇ ਪੂਰੇ ਹੋਣ ਦਾ ਅਹਿਸਾਸ ਉਸ ਨੂੰ ਵੱਖਰੀ ਤਰ੍ਹਾਂ ਦਾ ਆਨੰਦ ਦਿੰਦਾ ਹੈ। ਖੇਤ ਦੂਰ ਹੋਣ ਦਾ, ਵਰ੍ਹੀ ਦੇ ਕੱਪੜੇ ਭਿੱਜ ਜਾਣ ਦਾ ਡਰ ਇਸ ਸਰੂਰ ਅੱਗੇ ਫਿੱਕੇ ਪੈ ਜਾਂਦੇ ਹਨ:

ਪੱਛੋਂ ਦੀਆਂ ਪੈਣ ਕਣੀਆਂ,
ਮੇਰੇ ਭਿੱਜ ਗਏ ਵਰੀ ਦੇ ਲੀੜੇ।
ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ, ਮਗਰੋਂ ਪੈਂਦੀ ਭੂਰ
ਰੋਟੀ ਲੈ ਨਿੱਕਲੀ ਖੇਤ ਸੁਣੀਂਦਾ ਦੂਰ।

ਧੀਆਂ-ਪੁੱਤਾਂ ਦੇ ਸ਼ੁਭ ਕਾਰਜ ਕਰਨ ਲਈ ਫ਼ਸਲਾਂ ਤੋਂ ਕਮਾਈ ਆਉਣੀ ਜ਼ਰੂਰੀ ਹੈ ਕਿਉਂਕਿ ਕਿਸਾਨਾਂ ਦੀ ਪਰਿਵਾਰਕ ਖ਼ੁਸ਼ਹਾਲੀ ਦਾ ਰਾਜ ਇਨ੍ਹਾਂ ਫ਼ਸਲਾਂ ਨਾਲ ਹੀ ਜੁੜਿਆ ਹੁੰਦਾ ਹੈ। ਇਨ੍ਹਾਂ ਕਾਰਜਾਂ ਸਮੇਂ ਜੋ ਖ਼ੁਸ਼ੀ ਦੇ ਗੀਤ ਗਾਏ ਜਾਂਦੇ ਹਨ, ਉਨ੍ਹਾਂ ਵਿੱਚ ਪਰਿਵਾਰ ਦੇ ਬਾਕੀ ਰਿਸ਼ਤਿਆਂ ਵਾਂਗ ਹੀ ਕਿਸਾਨੀ ਨੂੰ ਜੀਵਨ ਦੇਣ ਵਾਲੇ ਮੀਂਹ ਨੂੰ ਵੀ ਉਸੇ ਤਰ੍ਹਾਂ ਹੀ ਯਾਦ ਕੀਤਾ ਜਾਂਦਾ ਹੈ:

ਨਿੱਕੀ-ਨਿੱਕੀ ਕਣੀ ਨਿੱਕਿਆ (ਵੀਰਾ) ਮੀਂਹ ਵੇ ਵਰ੍ਹੇ
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਦੰਮਾਂ ਦੀ ਬੋਰੀ ਤੇਰਾ ਬਾਪ ਫੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਨਿੱਕਿਆਂ ਭਾਈਆਂ ਦੀ ਜੋੜੀ ਤੇਰੇ ਨਾਲ ਖੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਭਾਬੋ ਸੁਹਾਗਣ ਤੈਨੂੰ ਸੁਰਮਾ ਪਾਵੇ
ਭੈਣ ਸਪੁੱਤੀ ਤੇਰੀ ਵਾਗ ਫੜੇ
ਨਿੱਕੀ-ਨਿੱਕੀ ਕਣੀ ਨਿੱਕਿਆ ਮੀਂਹ ਵੇ ਵਰ੍ਹੇ
ਰੱਤਾ ਰੱਤਾ ਡੋਲਾ ਲੈ ਆ ਵੇ ਘਰੇ।

ਕਿਸਾਨੀ ਜ਼ਿੰਦਗੀ ਵਿੱਚ ਮੀਂਹ ਦੀ ਬਹੁਤ ਮਹੱਤਤਾ ਹੈ। ਜੇ ਕਦੇ ਇੰਦਰ ਦੇਵਤਾ ਨਾਰਾਜ਼ ਹੋ ਜਾਂਦਾ ਹੈ, ਮੀਂਹ ਨਹੀਂ ਪੈਂਦਾ ਤਾਂ ਅਸਮਾਨ ਵੱਲ ਵੇਖਦਿਆਂ ਕਿਸਾਨਾਂ ਦੀਆਂ ਅੱਖਾਂ ਥੱਕ ਜਾਂਦੀਆਂ ਹਨ। ਮੀਂਹ ਬਿਨਾਂ ਫ਼ਸਲਾਂ ਉੱਥੇ ਦੀਆਂ ਉੱਥੇ ਖੜੀਆਂ ਰਹਿ ਜਾਂਦੀਆਂ ਹਨ। ਕੁਝ ਦਿਨ ਪਾ ਕੇ ਇਹ ਫ਼ਸਲਾਂ ਬੰਜਰ ਹੋਈ ਧਰਤੀ ਨਾਲੋਂ ਆਪਣਾ ਸੰਗ ਤੋੜ ਕੇ ਕੱਖ-ਕਾਣ ਬਣ ਜਾਂਦੀਆਂ ਹਨ। ਸੁੱਕੀ ਜ਼ਮੀਨ ਨੂੰ ਵਾਹੁੰਦੇ, ਘਾਹ ਤੇ ਹਰੇ ਪੱਠਿਆਂ ਬਿਨਾਂ ਬਲਦ ਹਾਰਨ ਲੱਗਦੇ ਹਨ ਤਾਂ ਉਸ ਸਮੇਂ ਮੀਂਹ ਪਾਉਣ ਲਈ ਅਰਦਾਸ ਕਰਦੀ ਔਰਤ ਦੀ ਮਨੋਸਥਿਤੀ ਨੂੰ ਇੱਕ ਲੋਕ ਗੀਤ ਇਸ ਤਰ੍ਹਾਂ ਪ੍ਰਗਟ ਕਰਦਾ ਹੈ:

ਮੀਂਹ ਨੀਂ ਪੈਂਦਾ, ਕਾਲ ਪੈ ਗਿਆ
ਸੁੱਕੀਆਂ ਵਰਾਨ ਜ਼ਮੀਨੀ,
ਤੂੜੀ ਖਾਂਦੇ ਢੱਗੇ ਹਾਰ ਗਏ, ਗੱਭਰੂ ਗਿੱਝ ਗਏ 'ਫ਼ੀਮੀ,
ਨੀਂ ਵਿੱਚ ਵਾਹਣਾਂ ਦੇ ਰੁਲ ਗਿਆ ਭੌਰ ਸ਼ੁਕੀਨੀ।
ਜੇ ਰੱਬਾ ਤੂੰ ਮੀਂਹ ਨਹੀਂ ਪਾਉਣਾ,
ਚਾਰ ਕੁ ਪਾ ਦੇ ਕਣੀਆਂ
ਵਿੱਚ ਵੇ ਬਰੇਤੀ ਦੇ 'ਕੱਲੇ ਭੌਰ ਨੂੰ ਬਣੀਆਂ।

ਇੰਦਰ ਦੇਵਤੇ ਨੂੰ ਖ਼ੁਸ਼ ਕਰਨ ਲਈ ਯੱਗ ਕੀਤੇ ਜਾਂਦੇ ਹਨ। ਮੀਂਹ ਲਈ ਅੱਡੀਆਂ-ਗੋਡੇ ਘਸਾਏ ਜਾਂਦੇ ਹਨ। 'ਰੱਬਾ, ਰੱਬਾ ਮੀਂਹ ਵਰਸਾ, ਸਾਡੀ ਕੋਠੀ ਦਾਣੇ ਪਾ' ਦੇ ਰਾਗ ਅਲਾਪੇ ਜਾਂਦੇ ਹਨ। ਜਦੋਂ ਚੜ੍ਹ-ਚੜ੍ਹ ਆਈਆਂ ਘਟਾਵਾਂ ਬਿਨਾਂ ਵਰ੍ਹੇ ਅੱਗੇ ਲੰਘ ਜਾਂਦੀਆਂ ਹਨ ਤਾਂ ਭੈਣਾਂ ਵੀਰਾਂ ਨੂੰ ਕੁਝ ਪੁੰਨ ਕਰਨ ਲਈ ਕਹਿੰਦੀਆਂ ਹਨ:

ਘਟਾ ਆਣ ਕੇ ਬਨੇਰੇ ਕੋਲੋਂ ਮੁੜ ਗਈ,
ਵੀਰਾ, ਕੁਝ ਪੁੰਨ ਕਰਦੇ।
ਵੀਰ ਮੇਰੇ ਧਰਮੀ ਨੇ,
ਸਣੇ ਬਲਦ ਗੱਡਾ ਪੁੰਨ ਕੀਤਾ।

ਪਾਣੀ ਜਨ-ਜੀਵਨ ਲਈ ਕੁਦਰਤ ਦੀ ਬਖ਼ਸ਼ੀ ਵਡਮੁੱਲੀ ਦਾਤ ਹੈ ਪਰ ਲਗਾਤਾਰ ਵਧ ਰਹੀ ਮੰਗ ਦੇ ਮੁਕਾਬਲੇ ਇਸ ਦੀ ਮਿਕਦਾਰ ਘਟਦੀ ਜਾ ਰਹੀ ਹੈ। ਇਸ ਦਾ ਵੱਡਾ ਕਾਰਨ ਧਰਤੀ, ਪਾਣੀ, ਆਕਾਸ਼ ਅਤੇ ਮਹੱਤਵਪੂਰਨ ਸੋਮਿਆਂ 'ਤੇ ਲਾਲਚੀ ਮਨੁੱਖਾਂ ਦਾ ਕਾਬਜ਼ ਹੋਣਾ ਹੈ, ਜੋ ਇਨ੍ਹਾਂ ਨੂੰ ਆਪਣੇ ਮੁਨਾਫ਼ੇ ਲਈ ਵਰਤਦੇ ਹਨ। ਇਨ੍ਹਾਂ ਨੇ ਕੁਦਰਤ ਨਾਲ ਖਿਲਵਾੜ ਕਰਕੇ ਵਾਤਾਵਰਨ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ। ਕਈ-ਕਈ ਦਿਨ ਲੱਗਦੀਆਂ ਝੜੀਆਂ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ। ਦਿਨੋਂ-ਦਿਨ ਵਧ ਰਹੀ ਘਾਤਕ ਗਰਮੀ ਅਤੇ ਪਾਣੀ ਦੇ ਘੱਟ ਰਹੇ ਸਰੋਤ ਸਮੁੱਚੀ ਜੀਵ ਵਿਭਿੰਨਤਾ ਦੇ ਖ਼ਾਤਮੇ ਵੱਲ ਵਧਦੇ ਕਦਮ ਹਨ। ਜੇ ਅਸੀਂ ਚਾਹੁੰਦੇ ਹਾਂ ਕੁਦਰਤ ਵੱਲੋਂ ਮਿਲੀਆਂ ਦੂਜੀਆਂ ਦਾਤਾਂ ਵਾਂਗ, ਮੀਂਹ ਦੀ ਵਡਮੁੱਲੀ ਦਾਤ ਆਪਣੀਆਂ ਰਹਿਮਤਾਂ ਦੀ ਬਖ਼ਸ਼ਿਸ਼ ਕਰਦੀ ਰਹੇ, ਕਾਲੀਆਂ-ਨੀਲੀਆਂ ਘਟਾਵਾਂ ਚੜ੍ਹ-ਚੜ੍ਹ ਆਉਂਦੀਆਂ ਰਹਿਣ ਤਾਂ ਸਾਨੂੰ ਕੁਦਰਤੀ ਵਾਤਾਵਰਨ ਦੀ ਸੰਭਾਲ ਕਰਨ ਵਲ ਕਦਮ ਪੁੱਟਣੇ ਪੈਣਗੇ। ਜਲ ਸਰੋਤਾਂ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਲਈ ਸਰਕਾਰਾਂ ਨੂੰ ਤਰਕਸੰਗਤ ਪਹੁੰਚ ਅਪਣਾਉਣੀ ਪਵੇਗੀ। ਇਸ ਦੀ ਦੁਰਵਰਤੋਂ ਰੋਕਣ ਲਈ ਸਖ਼ਤ ਕਾਨੂੰਨ ਬਣਾਉਣੇ ਅਤੇ ਨਾਲ-ਨਾਲ ਜਨ-ਚੇਤਨਾ ਪੈਦਾ ਕਰਨੀ ਹੋਵੇਗੀ। ਧਰਤੀ ਨੂੰ ਹਰੀ-ਭਰੀ ਬਣਾਉਂਦੇ ਇਨ੍ਹਾਂ ਸਰੋਤਾਂ 'ਤੇ ਕਾਬਜ਼ ਕੁਝ ਕੁ ਮੁਨਾਫ਼ੇਖ਼ੋਰਾਂ ਤੋਂ ਇਨ੍ਹਾਂ ਨੂੰ ਮੁਕਤ ਕਰਾਉਣਾ ਹੋਵੇਗਾ। ਜੇ ਅਸੀਂ ਪਾਣੀ ਦੀ ਸੰਭਾਲ ਨਾ ਕਰ ਸਕੇ ਤਾਂ ਇਸ ਧਰਤੀ 'ਤੇ ਵਿਚਰ ਰਹੇ ਸਾਰੇ ਸੰਜੀਵਾਂ ਦੇ ਸਾਹਾਂ ਦੀ ਤੰਦ ਖ਼ਤਮ ਕਰਨ ਦੀ ਜ਼ਿੰਮੇਵਾਰ ਮਨੁੱਖ ਜਾਤੀ ਹੀ ਹੋਵੇਗੀ।

-ਸ਼ਵਿੰਦਰ ਕੌਰ

# ਕੋਠੀਆਂ ਅਤੇ ਭੜੋਲੇ

ਅੱਜ ਪਿੰਡਾਂ ਦੀ ਨੁਹਾਰ ਬਦਲ ਚੁੱਕੀ ਹੈ। ਉੱਚੇ-ਉੱਚੇ ਮਹਿਲਨੁਮਾ ਮਕਾਨਾਂ ਕਰਕੇ ਪਿੰਡ ਸ਼ਹਿਰਾਂ ਦਾ ਰੂਪ ਧਾਰ ਗਏ ਹਨ। ਪੁਰਾਤਨ ਪਿੰਡਾਂ ਦੀ ਝਲਕ ਵੀ ਨਜ਼ਰ ਨਹੀਂ ਆਉਂਦੀ। ਹੁਣ ਦੀ ਪੀੜ੍ਹੀ ਨੂੰ ਕੱਚੀਆਂ ਕੋਠੀਆਂ ਭੜੋਲਿਆਂ ਬਾਰੇ ਜਾਣਕਾਰੀ ਨਹੀਂ ਹੈ। ਇਹ ਸਿਰਫ਼ ਬਜ਼ੁਰਗਾਂ ਦੇ ਚੇਤਿਆਂ ਵਿੱਚ ਹੀ ਰਹਿ ਗਈਆਂ ਹਨ। ਅੱਜ ਤੋਂ ਚਾਲੀ ਸਾਲ ਪਹਿਲਾਂ ਪੁਰਾਤਨ ਪਿੰਡਾਂ ਦੇ ਘਰ ਚੌੜੀਆਂ ਸਵਾਤਾਂ ਅਤੇ ਖੁੱਲ੍ਹੇ ਵਿਹੜਿਆਂ ਦੇ ਰੂਪ ਵਿੱਚ ਹੁੰਦੇ ਸਨ। ਇਹ ਖੁੱਲ੍ਹੇ-ਡੁੱਲ੍ਹੇ ਘਰ ਗੂੜ੍ਹੀਆਂ ਮੁਹੱਬਤਾਂ ਅਤੇ ਸਾਂਝਾਂ ਦੇ ਪ੍ਰਤੀਕ ਸਨ। ਇਨ੍ਹਾਂ ਸਵਾਤਾਂ ਅਤੇ ਵਿਹੜਿਆਂ ਵਿੱਚੋਂ ਪਿਆਰ ਅਤੇ ਅਪਣੱਤ ਦੀਆਂ ਖ਼ੁਸ਼ਬੋਈਆਂ ਆਉਂਦੀਆਂ ਸਨ। ਸਾਰੇ ਪਰਿਵਾਰ ਸਾਂਝੇ ਹੁੰਦੇ ਸਨ। ਇਨ੍ਹਾਂ ਲੰਮੀਆਂ ਚੌੜੀਆਂ ਸਵਾਤਾਂ ਵਿੱਚ ਰਹਿਣ ਵਾਲੇ ਘਰਾਂ ਵਿੱਚ ਅਨਾਜ, ਆਟਾ ਅਤੇ ਕੱਪੜੇ-ਲੀੜੇ ਨੂੰ ਸਾਂਭਣ ਲਈ ਘਰ ਵਿੱਚ ਮਿੱਟੀ ਦੀਆਂ ਬਣੀਆਂ ਕੱਚੀਆਂ ਕੋਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਕੋਠੀਆਂ ਘਰ ਵਿੱਚ ਜੋ ਕਿ ਬੜੇ ਖੁੱਲ੍ਹੇ-ਡੁੱਲ੍ਹੇ ਹੁੰਦੇ ਸਨ, ਇੱਕ ਪਾਸੇ ਬਣੀਆਂ ਹੁੰਦੀਆਂ ਸਨ। ਇਨ੍ਹਾਂ ਕੋਠੀਆਂ ਦੀ ਬਣਤਰ ਚੌਰਸ, ਢਾਈ ਤੋਂ ਤਿੰਨ ਕੁ ਫੁੱਟ ਚੌੜੀ ਅਤੇ ਲੰਬਾਈ ਛੇ ਤੋਂ ਸੱਤ-ਅੱਠ ਫੁੱਟ ਤਕ ਗਿੱਠਾਂ ਨਾਲ ਨਾਪ ਕੇ ਬਣਾਈ ਜਾਂਦੀ ਸੀ, ਜੋ ਕਿ ਦਸ ਬਾਰ੍ਹਾਂ ਗਿੱਠਾਂ ਤਕ ਅਨੁਮਾਨਤ ਹੁੰਦੀ ਸੀ। ਕੋਠੀ ਦੀ ਛੱਤ ਅਤੇ ਥੱਲੇ ਨੂੰ ਨਿੱਗਰ ਕਰਨ ਲਈ ਸੋਟੀਆਂ ਜਾਂ ਸਰਕੰਡੇ ਦੇ ਕਾਨ੍ਹਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀ ਦੇ ਭਾਰ ਨੂੰ ਸਹਾਰਨ ਲਈ ਹੇਠਾਂ ਮਿੱਟੀ ਦੇ ਹੀ ਚੌਖ਼ਟੇ ਬਣਾਏ ਜਾਂਦੇ ਸਨ। ਖੋਲ੍ਹਣ ਅਤੇ ਬੰਦ ਕਰਨ ਲਈ ਇੱਕ ਚਕੋਰ ਲੱਕੜੀ ਦੀ ਖਿੜਕੀ ਲਾਈ ਜਾਂਦੀ ਸੀ। ਇਹ ਖਿੜਕੀ ਦੋ ਫੱਟੀਆਂ ਨੂੰ ਜੋੜ ਕੇ ਬਣਾਈ ਜਾਂਦੀ ਸੀ। ਇਸ ਨੂੰ ਪੰਚਾਂਗ ਕਿਹਾ ਜਾਂਦਾ ਸੀ। ਇਸ ਪੰਚਾਂਗ ਦੀ ਲੰਬਾਈ ਦੋ ਤੋਂ ਤਿੰਨ ਗਿੱਠਾਂ ਤਕ ਹੁੰਦੀ ਸੀ। ਇਨ੍ਹਾਂ ਕੋਠੀਆਂ ਦੇ ਨੇੜੇ ਹੀ ਕੋਠੀਨੁਮਾ ਭੜੋਲੇ ਬਣਾਏ ਜਾਂਦੇ ਸਨ। ਇਹ ਭੜੋਲੇ ਵੀ ਚਾਰ ਤੋਂ ਲੈ ਕੇ ਛੇ ਗਿੱਠਾਂ ਤਕ ਕੋਠੀ ਦੀ ਤਰ੍ਹਾਂ ਹੀ ਬਣਾਏ ਜਾਂਦੇ ਸਨ ਪਰ ਇਨ੍ਹਾਂ ਦੀ ਲੰਬਾਈ ਚੌੜਾਈ ਕੋਠੀ ਤੋਂ ਘੱਟ ਹੁੰਦੀ ਸੀ। ਇਸ ਦੇ ਮੂੰਹ ਦੀ ਬਣਤਰ ਉੱਪਰ ਵੱਲ ਇੱਕ ਗੋਲ ਅਕਾਰ ਵਿੱਚ ਹੁੰਦੀ ਸੀ। ਇਸ ਦੇ ਮੂੰਹ ਨੂੰ ਢਕਣ ਲਈ ਝੱਕਰੇ ਜਾਂ ਤਸਲੇ ਦੀ ਵਰਤੋਂ ਕੀਤੀ ਜਾਂਦੀ ਸੀ। ਇਨ੍ਹਾਂ ਭੜੋਲਿਆਂ-ਕੋਠੀਆਂ ਦੀ ਸਫ਼ਾਈ ਅਤੇ ਲਿਪਾਈ ਲਈ ਪਾਂਡੂ ਮਿੱਟੀ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀ ਭੜੋਲੇ ਦੀ ਸਾਹਮਣੀ ਦਿੱਖ ਨੂੰ ਸੁੰਦਰ ਬਣਾਉਣ ਲਈ ਮੋਰ, ਘੁੱਗੀਆਂ ਦੇ ਅਕ੍ਰਿਤੀ ਨਮੂਨੇ ਬਹੁਤ ਹੀ ਕਲਾਤਮਿਕ ਢੰਗ ਨਾਲ ਬਣਾਏ ਜਾਂਦੇ ਸਨ। ਸੁਆਣੀ ਦੀ ਸੁਚੱਜਤਾ ਇਨ੍ਹਾਂ ਨਮੂਨਿਆਂ ਵਿੱਚ ਛੁਪੀ ਹੁੰਦੀ ਸੀ। ਇਨ੍ਹਾਂ ਕੋਠੀਆਂ ਭੜੋਲਿਆਂ ਨੂੰ ਬਣਾਉਣ ਲਈ ਪੰਦਰਾਂ ਤੇ ਵੀਹ ਦਿਨ ਤਕ ਲੱਗ ਜਾਂਦੇ ਸਨ। ਦੋ-ਦੋ, ਤਿੰਨ-ਤਿੰਨ ਸੁਆਣੀਆਂ 'ਕੱਠੀਆਂ ਹੋ ਕੇ ਲਾਲ ਮਿੱਟੀ ਨੂੰ ਗੁੰਨ੍ਹ-ਗੁੰਨ੍ਹ ਕੇ ਵਿੱਚ ਬਾਰੀਕ ਤੂੜੀ ਦਾ ਮਲ਼ਣ ਪਾ ਕੇ ਚਾਪੜੀਆਂ ਬਣਾ ਕੇ ਤਿਆਰ ਕਰਦੀਆਂ ਸਨ। ਇਸ ਮਿੱਟੀ ਨੂੰ ਤਿਆਰ ਕਰਨ ਲਈ ਸੁਆਣੀਆਂ ਨੂੰ ਕਾਫ਼ੀ ਮੁਸ਼ੱਕਤ ਕਰਨੀ ਪੈਂਦੀ ਸੀ। ਇਹ ਮਿੱਟੀ ਚੀੜ੍ਹੀ ਅਤੇ ਮਜ਼ਬੂਤ ਹੁੰਦੀ ਸੀ ਅਤੇ ਲੰਮੇ ਸਮੇਂ ਲਈ ਕੋਠੀਆਂ ਅਤੇ ਭੜੋਲਿਆਂ ਦੀ ਮੁਨਿਆਦ ਵਧਾਉਂਦੀ ਸੀ। ਇਨ੍ਹਾਂ ਭੜੋਲਿਆਂ-ਕੋਠੀਆਂ ਦੀ ਵੀਹ ਪੱਚੀ ਸਾਲ ਤੋਂ ਵੀ ਵੱਧ ਉਮਰ ਹੁੰਦੀ ਸੀ ਤੇ ਇਹ ਹਰ ਘਰ ਦਾ ਸ਼ਿੰਗਾਰ ਹੁੰਦੇ ਸਨ।

ਇਨ੍ਹਾਂ ਕੋਠੀਆਂ-ਭੜੋਲਿਆਂ ਦੇ ਨੇੜੇ ਹੀ ਗੋਲਾਈ ਵਿੱਚ ਆਟਾ ਪਾਉਣ ਲਈ ਮਿੱਟੀ ਦੇ ਦੋ ਮੱਟ ਵੀ ਬਣਾਏ ਜਾਂਦੇ ਸਨ। ਇੱਕ ਮੱਟ ਦੀ ਚੌੜਾਈ ਹੇਠਾਂ ਤੋਂ ਦੋ ਕੁ ਗਿੱਠ ਅਤੇ ਮੱਧ ਤੋਂ ਤਿੰਨ ਚਾਰ ਗਿੱਠ ਮਟਕੇ ਦੇ ਰੂਪ ਵਿੱਚ ਹੁੰਦੀ ਸੀ। ਇਸ ਮੱਟ ਦਾ ਮੂੰਹ ਇੱਕ ਗਿੱਠ ਦੇ ਘੇਰੇ ਵਿੱਚ ਬਣਾਇਆ ਜਾਂਦਾ ਸੀ। ਇਸ ਦੇ ਮੂੰਹ ਵਿੱਚੋਂ ਸੁਆਣੀ ਅਰਾਮ ਨਾਲ ਬੁੱਕ ਭਰ ਕੇ ਆਟਾ ਕੱਢ ਲੈਂਦੀ ਸੀ। ਮੂੰਹ ਨੂੰ ਬੰਦ ਕਰਨ ਲਈ ਝੱਕਰੇ ਦੀ ਵਰਤੋਂ ਕੀਤੀ ਜਾਂਦੀ ਸੀ। ਕੋਠੀਆਂ ਵਿੱਚ ਅਨਾਜ ਨੂੰ ਸਾਂਭਣ ਲਈ ਨਿੰਮ ਦੇ ਪੱਤੇ ਪਾਏ ਜਾਂਦੇ ਸਨ ਤਾਂ ਜੋ ਸੁਸਰੀ ਵਗੈਰਾ ਨਾ ਲੱਗ ਜਾਵੇ ਅਤੇ ਪੰਚਾਂਗ ਨੂੰ ਬੰਦ ਕਰ ਦਿੱਤਾ ਜਾਂਦਾ ਸੀ। ਇਹ ਅਨਾਜ ਲਗਪਗ ਸਾਲ ਛਿਮਾਹੀ ਲਈ ਭੰਡਾਰ ਕੀਤਾ ਜਾਂਦਾ ਸੀ। ਕੋਈ ਜ਼ਹਿਰੀਲੀ ਕੀਟਨਾਸ਼ਕ ਜਾਂ ਸਲਫ਼ਾਸ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਕੱਪੜੇ-ਲੀੜੇ, ਖੇਸ, ਰਜਾਈਆਂ, ਦਰੀਆਂ ਵੀ ਇਨ੍ਹਾਂ ਕੋਠੀਆਂ ਵਿੱਚ ਹੀ ਸਾਂਭੀਆਂ ਜਾਂਦੀਆਂ ਸਨ। ਟਿੱਡੀ, ਕੀੜੇ ਤੋਂ ਬਚਾਉਣ ਲਈ ਫਿਨਾਇਲ ਦੀਆਂ ਗੋਲੀਆਂ ਪਾਈਆਂ ਜਾਂਦੀਆਂ ਸਨ ਤਾਂ ਜੋ ਟਿੱਡੀਆਂ ਇਨ੍ਹਾਂ ਨੂੰ ਟੁੱਕ ਨਾ ਦੇਣ। ਇਨ੍ਹਾਂ ਕੋਠੀਆਂ-ਭੜੋਲਿਆਂ ਨੂੰ ਅਨਾਜ ਆਉਣ ਤੋਂ ਪਹਿਲਾਂ ਝਾੜਿਆ ਸੰਵਾਰਿਆ ਜਾਂਦਾ ਸੀ। ਪਿੜਾਂ ਵਿੱਚੋਂ ਆਏ ਅਨਾਜ ਨੂੰ ਸੁਕਾ ਕੇ ਕੋਠੀਆਂ ਵਿੱਚ ਪਾਇਆ ਜਾਂਦਾ ਸੀ। ਪੀਸਣ ਪਿਹਾਉਣ ਵੇਲੇ ਲੋੜ ਮੁਤਾਬਕ ਅਨਾਜ ਕੱਢਿਆ ਜਾਂਦਾ ਸੀ ਅਤੇ ਪੰਚਾਂਗ ਨਾਲ ਕੋਠੀ ਬੰਦ ਕਰ ਦਿੱਤੀ ਜਾਂਦੀ ਸੀ। ਇਨ੍ਹਾਂ ਕੋਠੀਆਂ-ਭੜੋਲਿਆਂ ਵਿੱਚ ਚੂਹਿਆਂ ਦੇ ਵੜਨ ਦਾ ਉੱਕਾ ਹੀ ਅੰਦੇਸ਼ਾ ਨਹੀਂ ਸੀ ਹੁੰਦਾ। ਕੋਠੀਆਂ-ਭੜੋਲਿਆਂ 'ਚੋਂ ਵਰਤਿਆ ਅਨਾਜ ਬੀਮਾਰੀਆਂ ਤੋਂ ਰਹਿਤ ਹੁੰਦਾ ਸੀ। ਪੁਰਾਣੇ ਗੱਭਰੂ ਬਜ਼ੁਰਗਾਂ ਸੁਆਣੀਆਂ ਦੇ ਚਿਹਰੇ ਹਸੂੰ-ਹਸੂੰ ਅਤੇ ਦਗ਼-ਦਗ਼ ਕਰਦੇ ਸਨ। ਉੱਚੇ ਲੰਮੇ ਗੱਭਰੂ ਮੁਟਿਆਰਾਂ ਪਸੀਨਾ ਵਹਾ ਕੇ ਤਕੜੀ ਮਿਹਨਤ ਕਰਦੇ ਸਨ। ਕੱਚੀਆਂ ਸਵਾਤਾਂ ਵਿੱਚੋਂ ਆਉਂਦੀਆਂ ਠੰਢੀਆਂ ਹਵਾਵਾਂ, ਖ਼ੁਸ਼ਬੋਈਆਂ ਅਤੇ ਸਾਂਝਾਂ ਇਨ੍ਹਾਂ ਮਹਿਲਨੁਮਾ ਮਕਾਨਾਂ ਵਿੱਚੋਂ ਦੇਖਣ ਨੂੰ ਨਹੀਂ ਮਿਲਦੀਆਂ। ਅੱਜ ਹਰੇਕ ਬੁੱਢੇ, ਬੱਚੇ, ਇਸਤਰੀ ਦੇ ਚਿਹਰੇ 'ਤੇ ਉਦਾਸੀਆਂ ਦਾ ਮੰਜ਼ਰ ਹੈ। ਹਾਸੇ, ਠੱਠੇ, ਮਸ਼ਕੂਲੇ ਇਨ੍ਹਾਂ ਕੋਠੀਆਂ 'ਚੋਂ ਮਨਫ਼ੀ ਹੋ ਗਏ ਹਨ। ਉਨ੍ਹਾਂ ਪੁਰਾਣੇ ਘਰਾਂ ਵਿਹੜਿਆਂ ਅਤੇ ਸਵਾਤਾਂ ਨੂੰ ਫੁੱਟਾਂ ਵਿੱਚ ਨਾਪ ਕੇ ਮਹਿਲ ਉਸਾਰੇ ਜਾ ਰਹੇ ਹਨ, ਜਿਸ ਨਾਲ ਸਾਡਾ ਪੁਰਾਤਨ ਸੱਭਿਆਚਾਰਕ ਅਮੀਰ ਵਿਰਸਾ ਸ਼ਰਮ-ਹਯਾ, ਧੀਆਂ-ਭੈਣਾਂ ਦੀ ਇੱਜ਼ਤ ਅਤੇ ਪਰਦੇ ਦੀ ਰਾਖੀ ਕਰਨ ਦੇ ਜਜ਼ਬੇ ਖ਼ਤਮ ਹੋ ਗਏ ਹਨ। ਸਿਰਫ਼ ਇਨ੍ਹਾਂ ਕੋਠੀਆਂ ਵਿੱਚ ਪੀਪੇ ਅਲਮਾਰੀਆਂ ਦੀਵਾਨ ਬੈੱਡ, ਡੱਬੇ, ਚੁੱਲ੍ਹਿਆਂ ਦੀ ਥਾਂ ਸਿਲੰਡਰਾਂ ਨੇ ਮੱਲ ਲਈ ਹੈ। ਆਧੁਨਿਕਤਾ ਦੇ ਚਾਨਣ ਨੇ ਸਾਡੇ ਮਨਾਂ ਵਿੱਚ ਹਨੇਰਾ ਕਰ ਦਿੱਤਾ ਹੈ। ਪਿਆਰ, ਸਾਂਝਾਂ, ਮੁਹੱਬਤਾਂ ਪੱਤਰਾ ਵਾਚ ਗਈਆਂ ਹਨ। ਭੜੋਲੇ, ਮੱਟ, ਕੱਚੀਆਂ ਕੋਠੀਆਂ ਪਿੰਡਾਂ ਵਿੱਚੋਂ ਖ਼ਤਮ ਹੋ ਗਏ ਹਨ। ਪੁਰਾਤਨ ਵਿਰਾਸਤ ਸੱਭਿਆਚਾਰ ਬਜ਼ੁਰਗਾਂ ਤੋਂ ਸੁਣੀਆਂ-ਸੁਣਾਈਆਂ ਗੱਲਾਂ ਰਹਿ ਗਈਆਂ ਹਨ।

-ਜਗਜੀਤ ਸਿੰਘ ਜੱਗਾ

# ਸੱਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਜਾਗੋ

ਪੰਜਾਬ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਧਰਤੀ ਹੈ। ਹੁਣ ਬੇਸ਼ੱਕ ਇੱਥੇ ਪੂਰੇ ਪੰਜ ਦਰਿਆ ਨਹੀਂ ਰਹੇ ਪਰ ਇਹ ਪਹਿਲਾਂ ਵਾਂਗ ਹੀ ਆਪਣੇ ਅਮੀਰ ਸੱਭਿਆਚਾਰ ਕਰਕੇ ਭਾਰਤ ਵਿੱਚ ਹੀ ਨਹੀਂ, ਸਗੋਂ ਪੂਰੀ ਦੁਨੀਆਂ 'ਚ ਆਪਣੀ ਵੱਖਰੀ ਪਛਾਣ ਦਾ ਅਹਿਸਾਸ ਕਰਵਾਉਂਦਾ ਆ ਰਿਹਾ ਹੈ। ਅੱਜ ਦੇ ਅਤਿ ਆਧੁਨਿਕ ਯੁੱਗ ਵਿੱਚ ਪੰਜਾਬ ਨੇ ਬੇਅੰਤ ਤਰੱਕੀ ਕੀਤੀ ਹੈ। ਕਿਸੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਕੱਚੇ ਰਸਤਿਆਂ 'ਤੇ ਲੱਕੜ ਦੇ ਪਹੀਆਂ ਵਾਲੇ ਗੱਡੇ ਦੌੜਦੇ ਸਨ। ਅੱਜ ਉਨ੍ਹਾਂ ਕੱਚੇ ਰਸਤਿਆਂ ਦਾ ਬਦਲ ਪੱਕੀਆਂ ਸੜਕਾਂ ਨੇ ਲੈ ਲਿਆ ਹੈ, ਗੱਡਿਆਂ ਦੀ ਥਾਂ ਹੁਣ ਵੀਹ-ਵੀਹ ਲੱਖ ਦੀਆਂ ਗੱਡੀਆਂ ਨੇ ਲੈ ਲਈ ਹੈ। ਪੰਜਾਬ ਵਸਦਾ ਹੈ ਤੇ ਵਸਦਾ ਰਹੇਗਾ ਪਰ ਵਕਤ ਦੀ ਚਾਲ ਦੇ ਨਾਲ-ਨਾਲ ਇੱਥੋਂ ਦੇ ਤਿੱਥਾਂ-ਤਿਉਹਾਰਾਂ ਵਿੱਚ ਬਦਲਾਅ ਆ ਰਿਹਾ ਹੈ। ਪੰਜਾਬੀ ਸੱਭਿਆਚਾਰ ਦਾ ਹਿੱਸਾ ਹੀ ਨਹੀਂ, ਸਗੋਂ ਅਨਿੱਖੜਵਾਂ ਅੰਗ ਅਖਵਾਉਣ ਵਾਲੀ 'ਜਾਗੋ' ਦੀ ਅਸਲ ਪਛਾਣ ਖ਼ਤਰੇ ਵਿੱਚ ਪੈ ਚੁੱਕੀ ਹੈ। 'ਜਾਗੋ' ਵਿਆਹ ਚਾਹੇ ਕੁੜੀ ਦਾ ਹੋਵੇ ਜਾਂ ਮੁੰਡੇ ਦਾ, ਵਿਆਹ ਤੋਂ ਠੀਕ ਇੱਕ ਦਿਨ ਪਹਿਲਾਂ ਰਾਤ ਸਮੇਂ ਕੱਢੀ ਜਾਂਦੀ ਹੈ। ਪਹਿਲੇ ਸਮੇਂ ਵਿੱਚ ਜਾਗੋ ਆਪਸੀ ਭਾਈਚਾਰਕ ਸਾਂਝ ਦੀ ਤਰਜ਼ਮਾਨੀ ਕਰਦੀ ਇੱਕ ਮਿਸਾਲ ਪੇਸ਼ ਕਰਦੀ ਸੀ। ਆਪਸੀ ਰਿਸ਼ਤਿਆਂ ਦੀਆਂ ਤੰਦਾਂ ਨੂੰ ਹੋਰ ਵੀ ਨੂੜ ਕੇ ਰੱਖਦੀ ਸੀ ਜਾਗੋ। ਇਸ ਵਿੱਚ ਪਾਈਆਂ ਜਾਂਦੀਆਂ ਬੋਲੀਆਂ ਬੇਸ਼ੱਕ ਕੌੜੀਆਂ ਤੇ ਮਸ਼ਕਰੀਆਂ ਵਾਲੀਆਂ ਹੁੰਦੀਆਂ ਸਨ ਪਰ ਫਿਰ ਵੀ ਕਦੇ ਕਿਸੇ ਰਿਸ਼ਤੇ ਤੇ ਭਾਈਚਾਰਕ ਸਾਂਝ ਦੀ ਟੁੱਟ-ਭੱਜ ਨਹੀਂ ਸੀ ਹੁੰਦੀ। ਉਸ ਵੇਲੇ ਦੇਸੀ ਸਾਜ਼ਾਂ ਜਿਵੇਂ ਪਰਾਤ ਅਤੇ ਛੱਜ ਨੂੰ ਵਜਾ-ਵਜਾ ਕੇ ਜਾਗੋ ਪੂਰੇ ਪਿੰਡ ਵਿੱਚ ਕੱਢੀ ਜਾਂਦੀ ਸੀ, ਜਿਸ ਵਿੱਚ ਸਾਰਾ ਭਾਈਚਾਰਾ ਸ਼ਿਰਕਤ ਕਰਦਾ ਸੀ। ਕੁੜੀਆਂ, ਬੁੜੀਆਂ ਵਿੱਚ ਜਾਗੋ ਸਮੇਂ ਇੱਕ ਵੱਖਰਾ ਹੀ ਚਾਅ ਤੇ ਜੋਸ਼ ਹੁੰਦਾ ਸੀ। ਹੁਣ ਜਾਗੋ ਅਸੱਭਿਅਕ ਹੁੰਦੀ ਜਾ ਰਹੀ ਹੈ। ਅੱਜ ਦੀ ਜਾਗੋ ਨੇ ਵੱਖਰਾ ਹੀ ਆਧੁਨਿਕ ਰੰਗ ਅਖ਼ਤਿਆਰ ਕਰ ਲਿਆ ਹੈ। ਅੱਜ ਜਾਗੋ ਪਰਾਤ ਤੇ ਛੱਜਾਂ ਨਾਲ ਨਹੀਂ, ਸਗੋਂ ਢੋਲ-ਢਮੱਕਿਆਂ ਨਾਲ ਕੱਢੀ ਜਾਂਦੀ ਹੈ। ਅਤਿ ਆਧੁਨਿਕ ਤਰ੍ਹਾਂ ਦੇ ਬੰਬ ਪਟਾਕੇ ਚਲਾ ਕੇ ਜਾਗੋ ਕੱਢੀ ਜਾਂਦੀ ਹੈ। ਬੋਲੀਆਂ ਤਾਂ ਅੱਜ ਦੀ ਪੀੜ੍ਹੀ ਭੁੱਲ-ਭੁਲਾ ਚੁੱਕੀ ਹੈ, ਹੁਣ ਬੋਲੀਆਂ ਲਈ ਵੀ ਵਿਅਕਤੀ ਕਿਰਾਏ 'ਤੇ ਆਉਂਦਾ ਹੈ। ਰਾਤ ਸਮੇਂ ਕੰਨ ਪਾੜਵੇਂ ਸੰਗੀਤ ਵਿੱਚ ਵਜਦੇ ਪਟਾਕਿਆਂ ਵਿੱਚ ਕਈ ਵਾਰ ਅਸਲੀ ਗੋਲੀਆਂ ਦੇ ਫਾਇਰ ਵੀ ਕੀਤੇ ਜਾਂਦੇ ਹਨ। ਹਥਿਆਰਾਂ ਦਾ ਚਲਨ ਵੀ ਜਾਗੋ ਵਿੱਚ ਸ਼ਾਮਲ ਹੁੰਦਾ ਜਾ ਰਿਹਾ ਹੈ। ਪੁਰਾਣੇ ਸਮੇਂ ਕੱਢੀ ਜਾਂਦੀ ਜਾਗੋ ਨਾਲ ਜਿੱਥੇ ਆਪਸੀ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਸਨ, ਉੱਥੇ ਅੱਜ-ਕੱਲ੍ਹ ਦੀ ਤੜਕ-ਭੜਕ ਨਾਲ ਕੱਢੀ ਜਾਂਦੀ ਜਾਗੋ ਸਮੇਂ ਹੋਏ ਝਗੜਿਆਂ ਦੇ ਨਿਪਟਾਰੇ ਅਦਾਲਤਾਂ ਤਕ ਪਹੁੰਚਦੇ ਵੇਖੇ ਜਾ ਸਕਦੇ ਹਨ। ਆਮ ਕਰਕੇ ਪੰਜਾਬੀਆਂ ਵਿੱਚ ਵਿੱਤੋਂ ਬਾਹਰਾ ਹੋ ਕੇ ਖਰਚਾ ਕਰਨ ਦੀ ਪਿਰਤ ਰਹੀ ਹੈ, ਜਿਸ ਕਰਕੇ ਸਾਡੇ ਤਿੱਥ-ਤਿਉਹਾਰ ਮਨਾਉਣ ਦੇ ਢੰਗ ਤਰੀਕੇ ਬਦਲ ਰਹੇ ਹਨ। ਫਿਰ ਵੀ ਇਸ ਕਥਨ ਨੂੰ ਸੱਚ ਹੁੰਦਿਆਂ ਆਪਾਂ ਛੇਤੀ ਹੀ ਵੇਖਾਂਗੇ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦੈ, ਭਾਵ ਜੋ ਪਰੰਪਰਾਵਾਂ ਤੇ ਰੀਤੀ-ਰਿਵਾਜ ਸਾਡੀ ਸੱਭਿਅਤਾ ਦਾ ਕਦੇ ਹਿੱਸਾ ਹੋਇਆ ਕਰਦੇ ਸਨ, ਉਹ ਫਿਰ ਤੋਂ ਜੀਵਤ ਹੋਣਗੇ। ਫਿਰ ਉਸੇ ਤਰ੍ਹਾਂ ਪਿੰਡਾਂ ਵਿੱਚ ਵਿਆਹ ਆਪਣੇ ਘਰਾਂ ਵਿੱਚ ਹੀ ਕੀਤੇ ਜਾਣਗੇ, ਫਿਰ ਪਰੰਪਰਾ ਤੁਰੇਗੀ ਸੱਭਿਅਕ ਤੌਰ 'ਤੇ ਜਾਗੋ ਕੱਢਣ ਦੀ। ਕਾਸ਼! ਇਹ ਸੱਚ ਹੋ ਜਾਵੇ।



- ਮਦਨ ਬੰਗੜ

# ਦੁਰਲੱਭ ਪੰਜਾਬੀ ਫ਼ਿਲਮਾਂ ਅਤੇ ਸੰਗੀਤ ਦਾ ਖੋਜਕਾਰ : ਮਨਦੀਪ ਸਿੰਘ ਸਿੱਧੂ



ਪਿਛਲੇ ਕਈ ਸਾਲਾਂ ਤੋਂ ਪੁਰਾਣੇ ਪੰਜਾਬੀ ਲੋਕ ਸੰਗੀਤ ਅਤੇ ਫ਼ਿਲਮ ਸੰਗੀਤ ਨੂੰ ਇਕੱਠਾ ਕਰਨ ਲਈ ਮਨਦੀਪ ਸਿੰਘ ਸਿੱਧੂ ਤਨਦੇਹੀ ਨਾਲ ਜੁਟਿਆ ਹੋਇਆ ਹੈ। ਉਸ ਦਾ ਜਨਮ ਪਿਤਾ ਜੋਗਿੰਦਰ ਸਿੰਘ ਦੇ ਘਰ ਮਾਤਾ ਗੁਰਮੇਲ ਕੌਰ ਦੀ ਕੁੱਖੋਂ ਫ਼ਿਰੋਜ਼ਪੁਰ ਵਿਖੇ ਹੋਇਆ। ਸੰਗੀਤ ਨਾਲ ਬਚਪਨ ਤੋਂ ਲਗਾਓ ਹੋਣ ਸਦਕਾ ਮਨਦੀਪ ਸਿੱਧੂ ਨੇ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਹੀ 'ਰੇਡੀਓ ਸੀਲੋਨ' ਦੇ ਪ੍ਰੋਗਰਾਮ 'ਬਿਨਾਕਾ ਗੀਤਮਾਲਾ', 'ਵਿਵਿਧ ਭਾਰਤੀ' ਦੇ 'ਹਵਾ ਮਹਿਲ', 'ਸਿਬਾਕਾ ਗੀਤ ਮਾਲਾ', 'ਆਲ ਇੰਡੀਆ ਰੇਡੀਓ' ਦੀ ਉਰਦੂ ਸਰਵਿਸ ਤੋਂ 'ਆਵਾਜ਼ ਦੇ ਕਹਾਂ ਹੈਂ' ਅਤੇ 'ਰੇਡੀਓ ਜਲੰਧਰ' ਤੋਂ ਚਲਦੇ ਦਿਲਕਸ਼ ਸੰਗੀਤ ਨੂੰ ਪੜ੍ਹਾਈ ਦੌਰਾਨ ਹੀ ਇਕੱਠਿਆਂ ਕਰਨਾ ਸ਼ੁਰੂ ਕਰ ਦਿੱਤਾ। ਫਿਰ ਉਸ ਨੇ ਗ੍ਰਾਮੋਫ਼ੋਨ ਮਸ਼ੀਨ 'ਤੇ ਚੱਲਣ ਵਾਲੇ ਪੱਥਰ ਦੇ ਰਿਕਾਰਡ (GE RPM), ਲੌਂਗ-ਪਲੇਅ ਰਿਕਾਰਡ (33 RPM) ਅਤੇ ਐਕਸਟੈਂਡ-ਪਲੇਅ ਰਿਕਾਰਡ (45 RPM) ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਆਡੀਓ ਕੈਸਟਾਂ ਵੀ। ਹੁਣ ਉਹ ਇਨ੍ਹਾਂ ਦੇ ਗੀਤਾਂ ਨੂੰ ਕੰਪਿਊਟਰ ਵਿੱਚ ਅਪਲੋਡ ਕਰ ਰਿਹਾ ਹੈ।

ਇਸ ਵੇਲੇ ਮਨਦੀਪ ਦੀ ਸੰਗੀਤਕ-ਲਾਇਬਰੇਰੀ ਵਿੱਚ ਅਣਵੰਡੇ ਪੰਜਾਬ ਦੀਆਂ 1935 ਤੋਂ 1947 ਤਕ ਦੀਆਂ ਬਣੀਆਂ ਪੰਜਾਬੀ ਫ਼ਿਲਮਾਂ ਦੇ ਨਾਯਾਬ ਗੀਤ ਕੰਪਿਊਟਰ ਵਿੱਚ ਅਪਲੋਡ ਕਰਕੇ ਰੱਖੇ ਹੋਏ ਹਨ। ਦੇਸ਼ ਆਜ਼ਾਦੀ ਤੋਂ ਬਾਅਦ ਆਜ਼ਾਦ ਹਿੰਦੁਸਤਾਨ ਦੀ ਪਹਿਲੀ ਪੰਜਾਬੀ ਫ਼ਿਲਮ 'ਚਮਨ' ਜੋ 3 ਅਗਸਤ 1948 ਨੂੰ ਨੁਮਾਇਸ਼ ਹੋਈ, ਜਿਸ ਦੇ ਮਰਕਜ਼ੀ ਕਿਰਦਾਰ 'ਕਰਨ ਦੀਵਾਨ' ਤੇ 'ਮੀਨਾ ਸ਼ੋਰੀ' ਨੇ ਅਦਾ ਕੀਤੇ ਸਨ ਦਾ ਪ੍ਰਿੰਟ ਉਸ ਦੇ ਕੋਲ ਪਿਆ ਹੈ। ਉਸ ਕੋਲ ਪੰਜਾਹਵੇਂ ਤੋਂ ਨੱਬੇਵੇਂ ਦਹਾਕੇ ਵਿੱਚ ਆਈਆਂ ਦੁਰਲੱਭ ਪੰਜਾਬੀ ਫ਼ਿਲਮਾਂ ਮਹਿਫ਼ੂਜ਼ ਪਈਆਂ ਹਨ। ਮਨਦੀਪ ਵੱਲੋਂ ਪੰਜਾਹਵੇਂ ਦਹਾਕੇ ਵਿੱਚ ਬਣੀਆਂ ਬਾਕੀ ਪੰਜਾਬੀ ਫ਼ਿਲਮਾਂ ਦੀ ਖੋਜ ਜਾਰੀ ਹੈ ਅਤੇ ਲਹਿੰਦੇ ਪੰਜਾਬ ਵਿੱਚ ਬਣੀਆਂ ਕਾਫ਼ੀ ਸਾਰੀਆਂ ਪੰਜਾਬੀ ਫ਼ਿਲਮਾਂ ਵੀ ਉਸ ਦੀ ਲਾਇਬਰੇਰੀ ਵਿੱਚ ਪਈਆਂ ਹਨ।

ਜੇ ਹਿੰਦੀ ਸਿਨੇਮੇ ਦੀ ਗੱਲ ਕਰੀਏ ਤਾਂ ਸਿੱਧੂ ਦੀ ਲਾਇਬਰੇਰੀ ਵਿੱਚ 1932 ਤੋਂ 1980 ਤਕ ਦੀਆਂ ਫ਼ਿਲਮਾਂ ਦੇ ਅਨੇਕਾਂ ਦੁਰਲੱਭ ਗੀਤ ਸਾਂਭੇ ਪਏ ਹਨ। ਇਸ ਤੋਂ ਇਲਾਵਾ ਉਸ ਕੋਲ 1934 ਤੋਂ 1960 ਤਕ ਦੀਆਂ ਅਨੇਕਾਂ ਹਿੰਦੀ ਫ਼ਿਲਮਾਂ ਦੇ ਦੁਰਲਭ ਪ੍ਰਿੰਟ ਪਏ ਹਨ। ਜੇ ਗੱਲ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਫ਼ਿਲਮੀ ਅਤੇ ਲੋਕ-ਫ਼ਨਕਾਰਾਂ ਦੀ ਕਰੀਏ ਤਾਂ ਉਸ ਦੇ ਕੋਲ ਹਰ ਗਾਇਕ ਦੇ ਗੀਤ ਸੰਭਾਲੇ ਪਏ ਹਨ। ਪੁਰਾਣੇ ਫ਼ਿਲਮੀ ਸੰਗੀਤ ਦੀ ਉਸ ਨੂੰ ਐਨੀ ਜਾਣਕਾਰੀ ਹੈ ਕਿ ਤੁਸੀਂ ਕਿਸੇ ਫ਼ਿਲਮ, ਗੀਤ, ਗਾਇਕ, ਅਦਾਕਾਰ ਅਤੇ ਗਰੁੱਪ ਬਾਰੇ ਪੁੱਛ ਲਵੋ, ਉਹ ਤੁਰੰਤ ਦੱਸ ਦੇਵੇਗਾ।

ਸਿੱਧੂ ਪੁਰਾਣੀਆਂ ਪੰਜਾਬੀ ਫ਼ਿਲਮਾਂ ਤੇ ਗੀਤਾਂ ਦੀ ਖ਼ਾਤਰ ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ (ਪਾਕਿਸਤਾਨ) ਦੀਆਂ ਗਲੀਆਂ ਵੀ ਛਾਣ ਚੁੱਕਿਆ ਹੈ। ਮਨਦੀਪ ਪਾਕਿਸਤਾਨ ਫੇਰੀ ਦੌਰਾਨ ਲਾਹੌਰ ਦੇ ਮਸ਼ਹੂਰ ਮਿਊਜ਼ਿਕ ਕੇਂਦਰਾਂ ਤੋਂ 1949-50 ਦੇ ਜ਼ਮਾਨੇ ਦੀਆਂ ਪੰਜਾਬੀ ਫ਼ਿਲਮਾਂ, ਉੱਥੋਂ ਦੇ ਫ਼ਨਕਾਰਾਂ ਦੇ ਗੀਤ ਇਕੱਠੇ ਕਰਨ ਦੇ ਨਾਲ 'ਜੂਪੀਟਰਸ ਗਰੁੱਪ' ਦੇ 'ਜਵਾਦ ਅਹਿਮਦ', 'ਨੈਕਸਸ' ਦੇ 'ਤਾਹਿਰ ਸਾਕੀ' ਅਤੇ 'ਰੇਜ ਗਰੁੱਪ' ਦੇ 'ਸੁਲੇਮਾਨ' ਨਾਲ ਵੀ ਮੁਲਾਕਾਤ ਕਰ ਚੁੱਕਿਆ ਹੈ। ਉਸ ਨੇ 1995-96 ਵਿੱਚ ਪੀ.ਟੀ.ਵੀ. ਚੈਨਲ 'ਤੇ ਚੱਲਦੇ ਪੌਪ ਸੰਗੀਤ ਸ਼ੋਅ ਡਰਾਮੇ ਅਤੇ ਡੀ. ਡੀ. ਨੈਸ਼ਨਲ ਤੇ ਡੀ. ਡੀ. ਜਲੰਧਰ ਤੋਂ ਚੱਲਦੇ ਪੁਰਾਣੇ ਗੀਤਾਂ ਤੇ ਫ਼ਿਲਮਾਂ ਦੀ ਵੀ. ਸੀ. ਆਰ. ਤੋਂ ਰਿਕਾਰਡਿੰਗ ਕਰਕੇ ਵੀਡੀਓ ਕੈਸਿਟਾਂ ਦੇ ਰੂਪ ਵਿੱਚ ਸਾਂਭੀ ਹੋਈ ਹੈ।

ਐਨਾ ਹੀ ਨਹੀਂ ਮਨਦੀਪ ਦੀ ਪੰਜਾਬੀ ਦੀ ਸੁੰਦਰ ਲਿਖਾਈ ਕੰਪਿਊਟਰ ਨੂੰ ਵੀ ਮਾਤ ਪਾਉਂਦੀ ਹੈ। ਹੁਣ ਤਕ ਮਨਦੀਪ ਕੋਲੋਂ ਸਕੂਲਾਂ/ਕਾਲਜਾਂ ਦੇ ਕਈ ਮੁੰਡੇ-ਕੁੜੀਆਂ ਸੁੰਦਰਬ ਲਿਖਾਈ ਦੇ ਗੁਰ ਸਿੱਖ ਚੁੱਕੇ ਹਨ ਤੇ ਸਿੱਖ ਰਹੇ ਹਨ। ਉਹ ਸੁੰਦਰ ਲਿਖਾਈ ਕਰਕੇ ਅਨੇਕਾਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਹੋ ਚੁੱਕਾ ਹੈ। ਉਸ ਕੋਲ ਵੱਖ-ਵੱਖ ਮੁਲਕਾਂ ਦੇ ਇਤਿਹਾਸ, ਆਰਥਿਕਤਾ ਅਤੇ ਸੱਭਿਆਚਾਰ ਨੂੰ ਦਰਸਾਉਂਦੇ ਕਰੰਸੀ ਨੋਟਾਂ, ਡਾਕ-ਟਿਕਟਾਂ, ਪੁਰਾਤਨ ਸਿੱਕੇ ਅਤੇ ਪੁਰਾਣੀਆਂ ਹੱਥ ਲਿਖਤ ਪੁਸਤਕਾਂ, ਫ਼ਿਲਮੀ ਪੋਸਟਰਾਂ ਦਾ ਵੀ ਵੱਡਾ ਸੰਗ੍ਰਹਿ ਪਿਆ ਹੈ। ਪਿਛਲੇ ਕਈ ਸਾਲਾਂ ਤੋਂ ਦੇਸ਼-ਵਿਦੇਸ਼ ਤੋਂ ਛਪਦੇ ਪੰਜਾਬੀ ਅਖ਼ਬਾਰਾਂ ਵਿੱਚ ਉਸ ਦੇ ਲੇਖ ਛਪਦੇ ਆ ਰਹੇ ਹਨ। ਉਸ ਦੀਆਂ ਲਿਖੀਆਂ ਅਨੇਕਾਂ ਬਾਲ-ਕਹਾਣੀਆਂ, ਰੌਚਿਕ ਜਾਣਕਾਰੀਆਂ, ਕਵਿਤਾਵਾਂ ਆਦਿ ਵੀ ਛਪ ਚੁੱਕੀਆਂ ਹਨ।

ਉਸ ਨੇ ਦੱਸਿਆ ਕਿ ਇਸ ਕਾਰਜ ਨੂੰ ਪੂਰਾ ਕਰਨ ਲਈ ਸ਼ਮਸ਼ੇਰ ਸਿੰਘ ਰਾਏ, ਮਨਜੀਤ ਸਿੰਘ ਰਾਏ, ਬਲਕੀਤ ਸਿੰਘ ਪੇਸੀ, ਬਲਵਿੰਦਰ ਸਿੰਘ ਮੋਹੀ ਹੁਰਾਂ ਦਾ ਵਿਸ਼ੇਸ਼ ਸਹਿਯੋਗ ਮਿਲ ਰਿਹਾ ਹੈ। ਮਨਦੀਪ ਸਿੱਧੂ ਦੀ ਦਿਲੀ ਖ਼ਵਾਹਿਸ਼ ਹੈ ਕਿ ਉਹ ਇਕੱਠੀਆਂ ਕੀਤੀਆਂ ਤਮਾਮ ਨਾਯਾਬ ਫ਼ਿਲਮਾਂ ਅਤੇ ਸੰਗੀਤ ਨੂੰ ਆਪਣੀ ਨਿੱਜੀ ਲਾਇਬਰੇਰੀ ਬਣਾਉਣ ਦੀ ਬਜਾਏ ਪੰਜਾਬ ਦੀ ਧਰਤ 'ਤੇ 'ਪੰਜਾਬੀ ਸੰਗੀਤ ਮਹਿਲ' ਬਣਾ ਕੇ ਲੋਪ ਹੋ ਰਹੇ ਪੰਜਾਬੀ ਲੋਕ-ਸੰਗੀਤ ਅਤੇ ਪੰਜਾਬੀ ਫ਼ਿਲਮਾਂ ਨੂੰ ਸੰਭਾਲ ਸਕੇ।

-ਨਵਿੰਦਰ ਸਿੰਘ ਪੰਧੇਰ

## ਸੰਪਾਦਕੀ

### ਦੁੱਧ 'ਚ ਮਿਲਾਵਟ

ਦੁੱਧ ਦੁਨੀਆ ਦਾ ਸਭ ਤੋਂ ਵੱਧ ਮਿਲਾਵਟੀ ਖ਼ੁਰਾਕੀ ਪਦਾਰਥ ਹੈ। ਭਾਰਤ 'ਚ ਇਹ ਸਮੱਸਿਆ ਖ਼ਾਸ ਤੌਰ 'ਤੇ ਜ਼ਿਆਦਾ ਹੈ, ਜੋ ਕਿ ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਪੂਰੇ ਸੰਸਾਰ ਦਾ ਸਭ ਤੋਂ ਵੱਡਾ ਦੁੱਧ-ਉਤਪਾਦਕ ਮੁਲਕ ਹੈ। ਆਮ ਤੌਰ 'ਤੇ ਪਾਣੀ ਮਿਲਾਵਟ ਲਈ ਸਭ ਤੋਂ ਵੱਧ ਵਰਤਿਆ ਜਾਂਦਾ ਹੈ, ਜੋ ਤੁਹਾਡੇ ਆਂਢ-ਗੁਆਂਢ ਦਾ ਦੋਧੀ ਅਕਸਰ ਦੁੱਧ ਵਿੱਚ ਪਾਉਂਦਾ ਹੈ, ਹਾਲਾਂਕਿ ਇਸ ਨਾਲ ਸਿਹਤ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਹਰੇਕ ਭਾਰਤੀ ਪਰਿਵਾਰ ਵਿੱਚ ਪ੍ਰਮੁੱਖਤਾ ਨਾਲ ਵਰਤੇ ਜਾਂਦੇ ਦੁੱਧ ਦੀ ਮਾਤਰਾ ਤੇ ਮਿਆਦ ਵਧਾਉਣ ਲਈ ਬੇਈਮਾਨ ਅਨਸਰ ਇਸ 'ਚ ਡਿਟਰਜੈਂਟ, ਯੂਰੀਆ, ਸਟਾਰਚ, ਗਲੂਕੋਜ਼ ਤੇ ਫੋਰਮਾਲਿਨ ਮਿਲਾਉਂਦੇ ਹਨ। ਦੋ ਅਹਿਮ ਸਵਾਲ ਹਨ: ਕੀ ਖ਼ੁਰਾਕ ਸੁਰੱਖਿਆ ਇਕਾਈਆਂ ਇਸ ਕੁਪ੍ਰਥਾ ਨੂੰ ਰੋਕਣ ਲਈ ਕੋਸ਼ਿਸ਼ ਕਰ ਰਹੀਆਂ ਹਨ ? ਤੇ ਕੀ ਸਿਹਤ ਲਈ ਬਣੇ ਇਸ ਖ਼ਤਰੇ ਬਾਰੇ ਖ਼ਪਤਕਾਰਾਂ ਨੂੰ ਜਗਾਉਣ ਲਈ ਢੁੱਕਵੀਂ ਜਾਗਰੂਕਤਾ ਫੈਲਾਈ ਜਾ ਰਹੀ ਹੈ ?

ਪੰਜਾਬ, ਜਿੱਥੇ ਦੇਸ਼ ਵਿੱਚ ਸਭ ਤੋਂ ਵੱਧ ਦੁੱਧ ਦੀ ਪ੍ਰਤੀ ਵਿਅਕਤੀ ਉਪਲੱਬਧਤਾ ਹੈ, ਇਸ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਸੰਘਰਸ਼ ਕਰ ਰਿਹਾ ਹੈ। ਪਿਛਲੇ ਤਿੰਨ ਸਾਲਾਂ (2021-24) 'ਚ, ਪੂਰੇ ਸੂਬੇ ਵਿੱਚੋਂ ਲਏ ਗਏ ਦੁੱਧ ਤੇ ਦੁੱਧ ਉਤਪਾਦਾਂ ਦੇ ਕਰੀਬ 18 ਪ੍ਰਤੀਸ਼ਤ ਸੈਂਪਲ ਮਿਆਰਾਂ 'ਤੇ ਖ਼ਰੇ ਉਤਰਨ ਵਿੱਚ ਨਾਕਾਮ ਹੋਏ ਹਨ। ਦੇਸ਼ ਦੇ ਮੋਹਰੀ ਦੁੱਧ ਉਤਪਾਦਕ ਸੂਬਿਆਂ 'ਚ ਸ਼ੁਮਾਰ ਹਰਿਆਣਾ ਦੀ ਸਥਿਤੀ ਇਸ ਮਾਮਲੇ ਵਿੱਚ ਹੋਰ ਵੀ ਮਾੜੀ ਹੈ। ਉੱਥੇ 28 ਪ੍ਰਤੀਸ਼ਤ ਸੈਂਪਲ ਮਿਆਰਾਂ ਦੀ ਪਰਖ਼ ਵਿੱਚ ਖ਼ਰੇ ਨਹੀਂ ਉੱਤਰੇ ਹਨ। ਆਗਾਮੀ ਤਿਉਹਾਰਾਂ ਦੀ ਰੁੱਤ ਦੇ ਮੱਦੇਨਜ਼ਰ ਮਿਲਾਵਟੀ ਪਦਾਰਥਾਂ 'ਤੇ ਛਾਪਿਆਂ ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ ਅਤੇ ਇਨ੍ਹਾਂ ਨੂੰ ਜ਼ਬਤ ਵੀ ਕੀਤਾ ਜਾਵੇਗਾ।

ਹਾਲਾਂਕਿ, ਮਿਲਾਵਟ ਕਰਨ ਵਾਲਿਆਂ ਵਿਰੁੱਧ ਦੀਵਾਨੀ ਤੇ ਫ਼ੌਜਦਾਰੀ ਕੇਸ ਦਰਜ ਹੋਣ ਦੇ ਬਾਵਜੂਦ ਇਸ ਅਲਾਮਤ ਨੂੰ ਨੱਥ ਨਹੀਂ ਪਾਈ ਜਾ ਸਕੀ। ਅਜਿਹੇ ਮਾਮਲਿਆਂ ਵਿੱਚ ਸਜ਼ਾ ਬਹੁਤ ਘੱਟ ਹੁੰਦੀ ਹੈ ਜਿਸ ਕਾਰਨ ਕੇਸ ਦਰਜ ਹੋਣ ਦੇ ਬਾਵਜੂਦ ਇਹ ਬੇਰੋਕ ਜਾਰੀ ਹੈ। ਜ਼ਿਆਦਾਤਰ ਮੁਲਜ਼ਮਾਂ ਨੂੰ ਪਤਾ ਹੁੰਦਾ ਹੈ ਕਿ ਉਹ ਕਾਨੂੰਨੀ ਪ੍ਰਕਿਰਿਆ 'ਚੋਂ ਬਚ ਨਿਕਲਣਗੇ। ਦੁੱਧ 'ਚ ਆਮ ਵਰਤੇ ਜਾਂਦੇ ਮਿਲਾਵਟੀ ਪਦਾਰਥਾਂ ਦੀ ਸ਼ਨਾਖ਼ਤ ਲਈ ਟੈਸਟਿੰਗ ਕਿੱਟਾਂ ਬਾਜ਼ਾਰ 'ਚ ਉਪਲੱਬਧ ਹਨ। ਇਨ੍ਹਾਂ ਉਤਪਾਦਾਂ ਨੂੰ ਕਿਫ਼ਾਇਤੀ ਬਣਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਇਹ ਆਸਾਨੀ ਨਾਲ ਵਰਤੇ ਜਾ ਸਕਣ ਵਾਲੇ ਤੇ ਸਰਲ ਹੋਣੇ ਚਾਹੀਦੇ ਹਨ ਤਾਂ ਕਿ ਖ਼ਪਤਕਾਰਾਂ ਦੇ ਨਾਲ-ਨਾਲ ਸਹਿਕਾਰੀ ਡੇਅਰੀ ਤੇ ਪਲਾਂਟ 'ਚ ਵੀ ਦੁੱਧ ਦੀ ਗੁਣਵੱਤਾ ਜਾਂਚੀ ਜਾ ਸਕੇ। ਇਸ ਦੇ ਨਾਲ-ਨਾਲ, ਖ਼ੁਰਾਕ ਸੁਰੱਖਿਆ ਏਜੰਸੀਆਂ ਨੂੰ ਚਾਹੀਦਾ ਹੈ ਕਿ ਉਹ ਖ਼ੁਰਾਕੀ ਪਦਾਰਥਾਂ ਦੇ ਨਿਰੀਖਣ ਤੇ ਜਾਂਚ ਲਈ ਅਗਾਊਂ ਸਰਗਰਮ ਹੋਣ। ਸੈਂਪਲ ਦੀ ਜਾਂਚ ਤੋਂ ਬਾਅਦ ਘਟੀਆ ਮਿਆਰਾਂ ਲਈ ਜ਼ਿੰਮੇਵਾਰਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਅਜਿਹੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ 'ਤੇ ਮਾੜੇ ਅਨਸਰਾਂ ਨੂੰ ਬਲ ਮਿਲਦਾ ਹੈ ਤੇ ਉਹ ਲੋਕਾਂ ਦੀ ਸਿਹਤ ਨਾਲ ਖੇਡਣਾ ਜਾਰੀ ਰੱਖਦੇ ਹਨ।

### 32 ਸਾਲਾਂ ਬਾਅਦ

1992 ਵਿੱਚ ਅਜਮੇਰ ਵਿੱਚ ਜਬਰ-ਜਨਾਹ ਦਾ ਇੱਕ ਘਿਣਾਉਣਾ ਕੇਸ ਵਾਪਰਿਆ ਸੀ ਜਿਸ ਵਿੱਚ 100 ਦੇ ਕਰੀਬ ਸਕੂਲੀ ਬੱਚੀਆਂ ਦੇ ਜਿਨਸੀ ਸ਼ੋਸ਼ਣ ਅਤੇ ਬਲੈਕਮੇਲ ਕਰਨ ਦਾ ਧੰਦਾ ਬੇਨਕਾਬ ਹੋਇਆ ਸੀ ਤੇ ਇਹ ਗਾਥਾ ਭਾਰਤ ਦੀ ਨਿਆਂ ਪ੍ਰਣਾਲੀ ਦੀ ਦੁਰਦਸ਼ਾ ਵੱਲ ਵੀ ਧਿਆਨ ਦਿਵਾਉਂਦੀ ਹੈ। ਪੂਰੇ 32 ਸਾਲਾਂ ਬਾਅਦ ਲੰਘੇ ਮੰਗਲਵਾਰ ਚਾਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣਾ ਸਾਡੇ ਕਾਨੂੰਨੀ ਅਤੇ ਨਿਆਂ ਪ੍ਰਬੰਧ ਦੀ ਨਾਕਾਮੀ ਨੂੰ ਦਰਸਾਉਂਦਾ ਹੈ ਜਿਸ ਕਰ ਕੇ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਧਦੀਆਂ ਹੀ ਜਾ ਰਹੀਆਂ ਹਨ। ਹਾਲਾਂਕਿ ਔਰਤਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਮੌਜੂਦ ਹਨ ਪਰ ਕੌੜੀ ਹਕੀਕਤ ਇਹ ਹੈ ਕਿ ਅਣਗਿਣਤ ਪੀੜਤ ਅਜੇ ਤੱਕ ਨਿਆਂ ਲਈ ਤਾਂਘ ਰਹੇ ਹਨ।

ਇਹ ਕੇਸ ਇੱਕ ਅਜਿਹੇ ਖ਼ੌਫ਼ਨਾਕ ਤਾਣੇ-ਬਾਣੇ ਨਾਲ ਜੁੜਿਆ ਹੋਇਆ ਸੀ ਜੋ ਸਕੂਲ ਅਤੇ ਕਾਲਜ ਜਾਣ ਵਾਲੀਆਂ ਜਵਾਨ ਬੱਚੀਆਂ ਨੂੰ ਸ਼ਿਕਾਰ ਬਣਾਉਂਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਸਿਆਸੀ ਅਤੇ ਵਿੱਤੀ ਰਸੂਖ਼ਦਾਰ ਲੋਕਾਂ ਵੱਲੋਂ ਬਲੈਕਮੇਲ ਕੀਤਾ ਜਾਂਦਾ ਸੀ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਇਨ੍ਹਾਂ 'ਚੋਂ ਦੋ ਜਣੇ ਫਾਰੂਕ ਚਿਸ਼ਤੀ ਅਤੇ ਨਫ਼ੀਸ ਚਿਸ਼ਤੀ ਯੂਥ ਕਾਂਗਰਸ ਦੇ ਆਗੂ ਸਨ ਜੋ ਪੀੜਤ ਲੜਕੀਆਂ ਦੀ ਜ਼ੁਬਾਨ ਬੰਦ ਕਰਾਉਣ ਲਈ ਆਪਣੀ ਸਿਆਸੀ ਸੱਤਾ ਦਾ ਰੱਜ ਕੇ ਇਸਤੇਮਾਲ ਕਰਦੇ ਸਨ। ਇਸ ਦੇ ਨਾਲ ਹੀ ਉਹ ਸਿਸਟਮ ਦੀ ਦੁਰਵਰਤੋਂ ਕਰ ਕੇ ਅਕਸਰ ਆਪਣੇ ਅਪਰਾਧਾਂ ਦੇ ਸਬੂਤ ਮਿਟਾਉਣ ਵਿੱਚ ਕਾਮਯਾਬ ਹੋ ਜਾਂਦੇ ਸਨ। ਸਦਮੇ ਕਾਰਨ ਕੁਝ ਪੀੜਤ ਲੜਕੀਆਂ ਨੇ ਤਾਂ ਖ਼ੁਦਕੁਸ਼ੀ ਕਰ ਲਈ ਸੀ।ਕੋਲਕਾਤਾ ਦੀ ਹਾਲੀਆ ਘਟਨਾ ਜਿੱਥੇ ਇੱਕ ਡਾਕਟਰ ਨਾਲ ਜਬਰ-ਜਨਾਹ ਕਰ ਕੇ ਉਸ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ, ਦਿੱਲੀ ਦੇ ਨਿਰਭਯਾ ਕੇਸ ਵਾਂਗ, ਅਜਮੇਰ ਕੇਸ ਵੀ ਮਹਿਲਾਵਾਂ ਖ਼ਿਲਾਫ਼ ਹਿੰਸਾ ਦੇ ਵਿਆਪਕ ਵਰਤਾਰੇ ਦਾ ਇੱਕ ਹੋਰ ਪ੍ਰਤੀਕ ਹੈ। ਇਨ੍ਹਾਂ ਕੇਸਾਂ ਵਿੱਚ ਨਿਆਂ ਮਿਲਣ 'ਚ ਦੇਰੀ ਨਾਲ ਨਾ ਸਿਰਫ਼ ਪੀੜਤਾਂ ਦੇ ਦੁੱਖ ਵਿੱਚ ਵਾਧਾ ਹੁੰਦਾ ਹੈ ਬਲਕਿ ਨਿਆਂਪਾਲਿਕਾ ਵਿੱਚ ਲੋਕਾਂ ਦੇ ਭਰੋਸੇ ਨੂੰ ਵੀ ਠੇਸ ਲੱਗਦੀ ਹੈ ਕਿਉਂਕਿ ਅਪਰਾਧੀ ਜੇ ਦਹਾਕਿਆਂ ਨਹੀਂ ਤਾਂ ਕਈ ਸਾਲਾਂ ਤੱਕ ਜਵਾਬਦੇਹੀ ਤੋਂ ਬਚਣ 'ਚ ਸਫ਼ਲ ਹੋ ਜਾਂਦੇ ਹਨ। ਅਸਲ ਬਦਲਾਅ ਉਦੋਂ ਆਏਗਾ ਜਦੋਂ ਇਨ੍ਹਾਂ ਕਾਨੂੰਨਾਂ ਨੂੰ ਫੌਰੀ ਤੌਰ 'ਤੇ ਲਾਗੂ ਕੀਤਾ ਜਾਵੇਗਾ, ਜਦੋਂ ਅਪਰਾਧੀਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਪੀੜਤਾਂ ਦੀਆਂ ਆਵਾਜ਼ਾਂ ਸੁਣੀਆਂ ਜਾਣਗੀਆਂ, ਉਨ੍ਹਾਂ ਦਾ ਮਾਣ ਰੱਖਿਆ ਜਾਵੇਗਾ। ਅੱਜ ਸਾਡਾ ਸਮਾਜ ਡਾਕਟਰ ਨਾਲ ਜਬਰ-ਜਨਾਹ ਤੇ ਹੱਤਿਆ ਅਤੇ ਮਹਾਰਾਸ਼ਟਰ ਦੇ ਬਦਲਾਪੁਰ ਵਿੱਚ ਦੋ ਨਿੱਕੀਆਂ ਸਕੂਲੀ ਬੱਚੀਆਂ ਦੇ ਜਿਨਸੀ ਸ਼ੋਸ਼ਣ ਉੱਤੇ ਪ੍ਰਗਟ ਕੀਤੇ ਜਾ ਰਹੇ ਰੋਸ ਤੋਂ ਪ੍ਰੇਸ਼ਾਨ ਹੋਇਆ ਪਿਆ ਹੈ। ਇਸ ਤਰ੍ਹਾਂ ਦੀਆਂ ਤ੍ਰਾਸਦੀਆਂ ਨੂੰ ਰੋਕਣ ਲਈ ਇਨਸਾਫ਼ ਤਰਜੀਹ ਹੋਣਾ ਚਾਹੀਦਾ ਹੈ, ਨਾ ਕਿ ਤ੍ਰਾਸਦੀ ਵਾਪਰਨ ਮਗਰੋਂ ਵਿਚਾਰਿਆ ਜਾਣ ਵਾਲਾ ਪੱਖ।

-ਪੀਤਾਂਬਰ ਸ਼ਰਮਾ

# ਉਪ ਵਰਗੀਕਰਨ ਦਾ ਤਰਕ ਅਤੇ ਸਮਾਜਿਕ ਨਿਆਂ

**ਜ਼ੋਇਆ ਹਸਨ**



ਲੋਕ ਸਭਾ ਵਿੱਚ ਰਾਹੁਲ ਗਾਂਧੀ ਦੀ ਅਗਵਾਈ ਹੇਠ ਵਿਰੋਧੀ ਧਿਰ ਨੇ ਸਮਾਜਿਕ ਨਿਆਂ ਅਤੇ ਜਾਤੀ ਗਣਨਾ ਦੇ ਮੁੱਦੇ 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ ਪਰ ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਪੰਜਾਬ ਸਟੇਟ ਬਨਾਮ ਦਵਿੰਦਰ ਸਿੰਘ ਕੇਸ ਵਿੱਚ ਅਨੁਸੂਚਿਤ ਜਾਤੀਆਂ ਦੇ ਉਪ ਵਰਗੀਕਰਨ ਦੇ ਸੰਵਿਧਾਨਕ ਮੁੱਦੇ 'ਤੇ ਆਪਣਾ ਫ਼ੈਸਲਾ ਸੁਣਾਉਂਦਿਆਂ ਰਾਖਵਾਂਕਰਨ ਦੇ ਮੰਤਵ ਲਈ ਅਨੁਸੂਚਿਤ ਜਾਤੀਆਂ/ਜਨਜਾਤੀਆਂ ਅੰਦਰ ਉਪ ਵਰਗੀਕਰਨ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ। ਪੰਜਾਬ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ (ਸੇਵਾਵਾਂ ਵਿੱਚ ਰਾਖਵਾਂਕਰਨ) ਕਾਨੂੰਨ, 2006 ਦੀ ਸੰਵਿਧਾਨਕਤਾ ਨਾਲ ਜੁੜਿਆ ਕੇਂਦਰੀ ਸਵਾਲ ਇਹ ਹੈ ਕਿ ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਦੇਣ ਲਈ ਵਾਲਮੀਕੀ ਅਤੇ ਮਜ਼ਹਬੀ ਸਿੱਖਾਂ ਨੂੰ ਪ੍ਰਥਮ ਤਰਜੀਹ ਦੇਣ ਦੀ ਨੀਤੀ ਤਹਿਤ ਅਨੁਸੂਚਿਤ ਜਾਤੀਆਂ ਦਾ ਉਪ ਵਰਗੀਕਰਨ ਕੀਤਾ ਗਿਆ ਸੀ। ਹੋਰਨਾਂ ਪੱਛੜੀਆਂ ਸ਼੍ਰੇਣੀਆਂ ਤੋਂ ਇਸ ਅਸੂਲ ਨੂੰ ਅਨੁਸੂਚਿਤ ਜਾਤੀਆਂ ਤੱਕ ਵਿਸਤਾਰਦਿਆਂ ਅਦਾਲਤ ਨੇ ਅਨੁਸੂਚਿਤ ਜਾਤੀਆਂ ਅੰਦਰ ਰਾਜ ਸਰਕਾਰ ਵੱਲੋਂ ਉਪ ਵਰਗ ਬਣਾਉਣ ਦੀ ਆਗਿਆ ਦੇਣ ਵਾਲੇ ਈਵੀ ਚਿਨੱਈਆ ਬਨਾਮ ਆਂਧਰਾ ਪ੍ਰਦੇਸ਼ ਰਾਜ ਦੇ ਕੇਸ ਵਿੱਚ ਆਏ 2004 ਦੇ ਫ਼ੈਸਲੇ ਨੂੰ ਉਲੱਦ ਦਿੱਤਾ। ਆਕਸਫੋਰਡ ਯੂਨੀਵਰਸਿਟੀ ਦੇ ਇੱਕ ਦਲਿਤ ਵਿਦਵਾਨ ਅਸਾਂਗ ਵਾਨਖੇੜੇ ਨੇ ਆਪਣੇ ਇੱਕ ਹਾਲੀਆ ਲੇਖ ਵਿੱਚ ਦਲੀਲ ਦਿੱਤੀ ਹੈ ਕਿ ਅਜਿਹਾ ਕਰਦੇ ਹੋਏ ਇਹ ਅਦਾਲਤ ਅਨੁਸੂਚਿਤ ਜਾਤੀਆਂ ਅੰਦਰ ਪੱਛੜੇਪਣ ਦੀ ਸਮਰੂਪਤਾ ਦੀ ਧਾਰਨਾ ਰੱਦ ਕਰਦੀ ਹੈ ਅਤੇ ਅਨੁਸੂਚਿਤ ਜਾਤੀਆਂ ਦੇ ਅਗੜੇਪਣ ਦੀ ਸਮਰੂਪਤਾ ਨੂੰ ਫਰੋਖ਼ ਦਿੰਦੀ ਹੈ।"

ਆਜ਼ਾਦੀ ਤੋਂ ਲੈ ਕੇ ਰਾਖਵੇਂਕਰਨ ਮੁਤੱਲਕ ਨੀਤੀ ਬਹਿਸ ਵਿੱਚ ਤਿੰਨ ਮੁੱਦੇ ਭਾਰੂ ਰਹੇ ਹਨ। ਪਹਿਲਾ ਇਹ ਕਿ ਕੀ ਪੱਛੜੀਆਂ ਸ਼੍ਰੇਣੀਆਂ ਨੂੰ ਜਾਤੀ ਸਮੂਹ ਦੇ ਰੂਪ ਵਿੱਚ ਲਿਆ ਜਾਣਾ ਚਾਹੀਦਾ ਹੈ ਜਾਂ ਇਨ੍ਹਾਂ ਨੂੰ ਆਰਥਿਕ ਅਤੇ ਕਸਬੀ ਪੈਮਾਨੇ ਦੇ ਰੂਪ ਵਿੱਚ ਦੇਖਿਆ ਜਾਵੇ। ਦੂਜਾ ਇਹ ਕਿ ਕੀ ਇਨ੍ਹਾਂ ਸਮੂਹਾਂ ਦਾ ਸੂਚੀਕਰਨ ਜਾਂ ਤਰਜੀਹ ਕੁੱਲ ਹਿੰਦ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ ਜਾਂ ਸੂਬਾਈ ਪੱਧਰ 'ਤੇ। ਤੀਸਰੀ ਚਿੰਤਾ ਇਸ ਢਾਂਚੇ ਤੋਂ ਹੋਰ ਵਾਂਝੇ ਸਮੂਹਾਂ ਨੂੰ ਬਾਹਰ ਕੱਢਣ ਦੀ ਹੈ ਅਤੇ ਕੀ ਜਾਤ, ਵਰਗ, ਧਾਰਮਿਕ ਭਾਈਚਾਰੇ ਅਤੇ ਲਿੰਗ ਦੇ ਵਧੇਰੇ ਗੁੰਝਲਦਾਰ ਮਾਪਦੰਡ ਜਾਤ-ਆਧਾਰਿਤ ਰਾਖਵੇਂਕਰਨ ਨਾਲੋਂ ਹੱਕ ਦਾ ਆਧਾਰ ਬਣਨੇ ਚਾਹੀਦੇ ਹਨ ਕਿਉਂਕਿ ਅਸਲ ਵਿਹਾਰ ਅਤੇ ਵਿਆਖਿਆ ਪੱਖੋਂ ਪੱਛੜੀਆਂ ਸ਼੍ਰੇਣੀਆਂ ਪੱਛੜੀਆਂ ਜਾਤੀ ਹਿੰਦੂਆਂ ਦੇ ਸਮਾਨ ਬਣ ਗਈਆਂ ਹਨ।

ਜਾਤੀ ਸਮੂਹਾਂ, ਖ਼ਾਸਕਰ ਹੋਰਨਾਂ ਪੱਛੜੇ ਤਬਕਿਆਂ (ਓਬੀਸੀਜ਼) ਅੰਦਰ ਆਰਥਿਕ ਅਤੇ ਸਮਾਜਿਕ ਗਤੀਸ਼ੀਲਤਾ ਨੂੰ ਮਾਨਤਾ ਦੇਣ ਲਈ ਅਧਿਕਾਰਤ ਸ਼੍ਰੇਣੀਆਂ ਵਿੱਚ ਬਦਲਾਅ ਲਿਆਉਣ ਲਈ ਸਮੇਂ-ਸਮੇਂ 'ਤੇ ਦਬਾਅ ਪੈਦਾ ਹੁੰਦਾ ਰਿਹਾ ਹੈ ਪਰ ਇਸ ਵਖਰੇਵੇਂ ਦੇ ਮਾਪਦੰਡ ਨੂੰ ਓਬੀਸੀਜ਼ 'ਤੇ ਲਾਗੂ ਕਰਨਾ ਔਖਾ ਹੋ ਗਿਆ ਹੈ ਅਤੇ ਸਿਆਸੀ ਤੇ ਆਰਥਿਕ ਪ੍ਰਭਾਵ ਵਾਲੇ ਭਾਈਚਾਰਿਆਂ ਨੂੰ 'ਲਾਭ ਪ੍ਰਣਾਲੀ ਤੋਂ ਬਾਹਰ ਕਰਨ ਲਈ' ਸਖ਼ਤ ਫ਼ੈਸਲੇ ਲੈਣਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੋ ਗਿਆ ਹੈ। ਅਨੁਸੂਚਿਤ ਜਾਤੀਆਂ ਲਈ ਵੀ ਅਜਿਹਾ ਕਰਨਾ ਆਸਾਨ ਨਹੀਂ ਹੋਵੇਗਾ।

ਹਾਲਾਂਕਿ ਜਾਤਾਂ ਅਤੇ ਭਾਈਚਾਰਿਆਂ ਵਿੱਚ ਆਰਥਿਕ ਵਖਰੇਵੇਂ ਦੇ ਸਵਾਲ ਨੂੰ ਹੱਲ ਕਰਨ ਦੀ ਲੋੜ ਹੈ। ਉਪ-ਵਰਗੀਕਰਨ ਦੀ ਬਹਿਸ ਇਸ ਸਵਾਲ ਨੂੰ ਸਾਹਮਣੇ ਰੱਖ ਕੇ ਮੁਖ਼ਾਤਿਬ ਹੁੰਦੀ ਹੈ ਕਿ ਕੀ ਅਨੁਸੂਚਿਤ ਜਾਤੀਆਂ ਆਪਣੀ ਰਚਨਾ ਪੱਖੋਂ ਇੱਕ ਸਮਾਨ ਸ਼੍ਰੇਣੀ ਹਨ। ਅਦਾਲਤ ਨੇ ਅਸਲ ਸਮਾਨਤਾ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਉਨ੍ਹਾਂ ਵਿੱਚ ਵਧੇਰੇ ਪਛੜੇ ਲੋਕਾਂ ਨੂੰ ਵਰਗੀਕਰਨ ਅਤੇ ਤਰਜੀਹੀ ਸਲੂਕ ਦੇਣ ਲਈ ਵਿਭਿੰਨਤਾ ਦੇ ਲਿਹਾਜ਼ ਤੋਂ ਤੋਲਿਆ ਹੈ। ਇਹ ਇੱਕ ਸਪੱਸ਼ਟ ਮਾਨਤਾ 'ਤੇ ਆਧਾਰਿਤ ਹੈ ਕਿ ਅਨੁਸੂਚਿਤ ਜਾਤੀਆਂ ਹੁਣ ਇੱਕ ਸਮਾਨ ਸ਼੍ਰੇਣੀ ਨਹੀਂ ਹਨ ਕਿਉਂਕਿ ਉਨ੍ਹਾਂ ਵਿੱਚ ਪਛੜੇਪਣ ਦੀ ਹੱਦ ਅਤੇ ਪ੍ਰਗਤੀ ਦੇ ਪੱਧਰਾਂ ਵਿੱਚ ਵਖਰੇਵੇਂ ਹਨ।

ਇਸ ਕੇਸ ਵਿੱਚ ਨਿਆਂਇਕ ਪਹੁੰਚ ਇੱਕੋ ਤਰਜ਼ ਦੇ ਤਰਕ ਦੀ ਪਾਲਣਾ ਕਰਦੀ ਪ੍ਰਤੀਤ ਹੁੰਦੀ ਹੈ ਅਤੇ ਅਨੁਸੂਚਿਤ ਜਾਤੀਆਂ ਅਤੇ ਓਬੀਸੀ ਨੂੰ ਸੰਵਿਧਾਨਕ ਸਕੀਮ ਦੇ ਅੰਦਰ ਬਰਾਬਰ ਰੱਖ ਕੇ ਵੇਖਦੀ ਹੈ, ਹਾਲਾਂਕਿ ਇਨ੍ਹਾਂ ਦਰਮਿਆਨ ਅਹਿਮ ਫ਼ਰਕ ਹਨ। ਅਨੁਸੂਚਿਤ ਜਾਤੀਆਂ ਜੋ ਕਿ ਇਤਿਹਾਸਕ ਤੌਰ 'ਤੇ ਵਿਤਕਰੇ ਦਾ ਸ਼ਿਕਾਰ ਹਨ ਅਤੇ ਸਮਾਜਿਕ ਤੇ ਵਿਦਿਅਕ ਤੌਰ 'ਤੇ ਪੱਛੜੀਆਂ ਸ਼੍ਰੇਣੀਆਂ ਦੀ ਸ਼੍ਰੇਣੀ ਦੇ ਅਧੀਨ ਆਉਂਦੇ ਓਬੀਸੀ ਵਿਚਕਾਰ ਅੰਤਰ ਮਹੱਤਵਪੂਰਨ ਹਨ। ਓਬੀਸੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲੋਂ ਵਧੇਰੇ ਵਿਭਿੰਨ ਅਤੇ ਵੰਨ-ਸੁਵੰਨੀਆਂ ਸ਼੍ਰੇਣੀਆਂ ਦਾ ਨਿਰਮਾਣ ਕਰਦੇ ਹਨ। ਇਸ ਤੋਂ ਇਲਾਵਾ ਓਬੀਸੀ ਲਈ ਰਾਖਵਾਂਕਰਨ ਸ਼ਕਤੀ-ਵੰਡ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਸੀ ਜਦੋਂਕਿ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਰਾਖਵੇਂਕਰਨ ਦਾ ਉਦੇਸ਼ ਸਮਾਜਿਕ ਭੇਦ-ਭਾਵ ਨੂੰ ਉਲਟਾਉਣਾ ਅਤੇ ਮੌਕਿਆਂ ਦੀ ਬਰਾਬਰੀ ਨੂੰ ਵਧਾਉਣਾ ਹੈ। ਪਹਿਲੇ ਦਾ ਉਦੇਸ਼ ਸ਼ਕਤੀ ਸੰਤੁਲਨ ਨੂੰ ਬਦਲਣਾ ਸੀ ਜਦੋਂਕਿ ਬਾਅਦ ਵਾਲੇ ਨੇ ਵਡੇਰੀ ਬਰਾਬਰੀ ਪ੍ਰਾਪਤ ਕਰਨ ਦੀ ਚਾਹਨਾ ਕੀਤੀ। ਓਬੀਸੀ ਦਾ ਵੱਡਾ ਹਿੱਸਾ ਮਹਿਰੂਮਾਂ 'ਚ ਆਉਂਦਾ ਹੈ ਪਰ ਉਨ੍ਹਾਂ ਦਾ ਤਜਰਬਾ ਬਾਕੀ ਦੋ ਸ਼੍ਰੇਣੀਆਂ ਨਾਲੋਂ ਬਹੁਤ ਵੱਖਰਾ ਹੈ। ਅਦਾਲਤ ਓਬੀਸੀ ਅਤੇ ਅਨੁਸੂਚਿਤ ਜਾਤੀਆਂ ਵਿੱਚ ਫ਼ਰਕ ਨੂੰ ਮਾਨਤਾ ਦਿੰਦੀ ਹੈ, ਫਿਰ ਵੀ ਇਹ ਡੂੰਘੀ ਸਮਾਨਤਾ ਲਿਆਉਣ ਲਈ ਬਾਅਦ ਵਿੱਚ ਗਹਿਰੀ ਅਸਮਾਨਤਾ ਨੂੰ ਸਵੀਕਾਰ ਕਰਨ ਅਤੇ ਹੱਲ ਕਰਨ ਦੀ ਲੋੜ ਦਾ ਤਰਕ ਪੇਸ਼ ਕਰਦੀ ਹੈ।

ਹਾਂਦਰੂ ਕਾਰਵਾਈ ਦਾ ਨਿਆਂ-ਸ਼ਾਸਤਰ ਰਸਮੀ ਬਰਾਬਰੀ ਦੀ ਧਾਰਨਾ ਤੋਂ ਅਸਲ ਬਰਾਬਰੀ ਤੱਕ ਲਗਾਤਾਰ ਵਿਕਸਤ ਹੋ ਰਿਹਾ ਹੈ ਜਦੋਂਕਿ ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਤੋਂ ਬਾਅਦ ਬਹੁਤ ਸਾਰੇ ਨਵੇਂ ਸਵਾਲ ਸਾਹਮਣੇ ਆਏ ਹਨ - ਅਨੁਸੂਚਿਤ ਜਾਤੀਆਂ ਦੇ ਪਛੜੇਪਣ ਜਾਂ ਅਗੜੇਪਣ ਦੇ ਪੱਧਰਾਂ ਨੂੰ ਕਿਵੇਂ ਨਿਰਧਾਰਤ ਕੀਤਾ ਜਾਣਾ ਹੈ ਅਤੇ ਇਸ ਤੋਂ ਅਗਾਂਹ ਰਾਜ ਸਰਕਾਰਾਂ ਦੀਆਂ ਤਰਜੀਹੀ ਨੀਤੀਆਂ ਦਾ ਸਿਧਾਂਤਕ ਫਲਸਫ਼ਾ ਅਤੇ ਡਿਜ਼ਾਈਨ ਕੀ ਹੋਵੇਗਾ ? ਅਨੁਸੂਚਿਤ ਜਾਤੀਆਂ ਦੀਆਂ ਅਨੁਭਵੀ ਹਕੀਕਤਾਂ ਦੀ ਵਿਆਪਕ ਜਨਗਣਨਾ ਦੀ ਅਣਹੋਂਦ ਵਿੱਚ ਅਨੁਸੂਚਿਤ ਜਾਤੀਆਂ ਲਈ ਉਪ-ਵਰਗੀਕਰਨ ਇੱਕ ਵੱਡੀ ਚੁਣੌਤੀ ਹੋਵੇਗੀ। ਇਹ ਦਰਸਾਉਣ ਲਈ ਸਮਾਜਿਕ-ਆਰਥਿਕ ਅਸਮਾਨਤਾਵਾਂ ਬਾਰੇ ਸਬੂਤ ਦੀ ਲੋੜ ਹੁੰਦੀ ਹੈ ਕਿ ਜੋ ਮੁਕਾਬਲਤਨ ਆਰਥਿਕ ਤੌਰ 'ਤੇ ਵਿਕਸਤ ਹਨ, ਉਹ ਸਮਾਜਿਕ ਵਿਤਕਰੇ ਤੋਂ ਪੀੜਤ ਨਹੀਂ ਹਨ ਪਰ ਕੇਂਦਰ ਸਰਕਾਰ ਆਮ ਤੌਰ 'ਤੇ ਆਮਦਨ, ਦੌਲਤ ਅਤੇ ਰੁਜ਼ਗਾਰ ਦੇ ਅੰਕੜੇ ਜਾਰੀ ਕਰਨ ਤੋਂ ਝਿਜਕਦੀ ਹੈ।

ਅਸਮਾਨਤਾਵਾਂ 'ਤੇ ਜਾਤੀ-ਵਿਸ਼ੇਸ਼ ਦੇ ਅੰਕੜਿਆਂ ਨੂੰ ਤਾਂ ਛੱਡ ਹੀ ਦਿਉ। ਇੱਥੋਂ ਤੱਕ ਕਿ 2021 ਦੀ ਦਹਾਕੇ ਦੀ ਮਰਦਮਸ਼ੁਮਾਰੀ ਨੂੰ ਵੀ ਅਚਨਚੇਤ ਮੁਲਤਵੀ ਕਰ ਦਿੱਤਾ ਗਿਆ ਹੈ। ਵੱਖ-ਵੱਖ ਸਮੂਹਾਂ ਦੀ ਸਮਾਜਿਕ-ਆਰਥਿਕ ਸਥਿਤੀ ਬਾਰੇ ਭਰੋਸੇਮੰਦ ਜਾਣਕਾਰੀ ਦੀ ਘਾਟ ਜਾਤਾਂ ਦੇ ਉਪ-ਵਰਗੀਕਰਨ ਸਮੇਤ ਨੀਤੀ ਨਿਰਮਾਣ ਵਿੱਚ ਇੱਕ ਵੱਡੀ ਰੁਕਾਵਟ ਹੋਣ ਦੀ ਸੰਭਾਵਨਾ ਹੈ। ਇਹ ਜਾਣਕਾਰੀ ਉਪ-ਵਰਗੀਕਰਨ ਲਈ ਇੱਕ ਅਹਿਮ ਸ਼ਰਤ ਹੈ।

ਰਾਖਵਾਂਕਰਨ ਨੀਤੀਆਂ ਨੂੰ ਸੁਚਾਰੂ ਬਣਾਉਣਾ ਅਤੇ ਇਨ੍ਹਾਂ ਨੂੰ ਇਸ ਦੇ ਅਸਲ ਲੋੜਵੰਦਾਂ ਤੱਕ ਪਹੁੰਚਾਉਣ ਲਈ ਲਾਭਾਂ ਨੂੰ ਡੂੰਘਾ ਕਰਨਾ ਮਹੱਤਵਪੂਰਨ ਹੈ, ਪਰ ਇਸ ਲਈ ਉਨ੍ਹਾਂ ਵਿੱਚ ਦਰਜਾਬੰਦ ਅਸਮਾਨਤਾ ਨੂੰ ਘਟਾਉਣ ਲਈ ਅਨੁਸੂਚਿਤ ਜਾਤੀਆਂ ਉੱਤੇ ਸਮਾਜਿਕ ਲਾਗਤ ਦੇ ਰੂਪ ਵਿੱਚ ਰਾਖਵਾਂਕਰਨ ਨੂੰ ਘੱਟ ਨਹੀਂ ਕਰਨਾ ਚਾਹੀਦਾ। ਸਾਨੂੰ ਸਮਾਜਿਕ ਅਤੇ ਆਰਥਿਕ ਵਿਤਕਰੇ ਨੂੰ ਇਕਜੁੱਟ ਨਹੀਂ ਕਰਨਾ ਚਾਹੀਦਾ ਜਿਸ ਦੇ ਸਿੱਟੇ ਵਜੋਂ ਕੋਟੇ ਦੇ ਤਰਕ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ, ਭਾਵ ਇਹ ਸਮਾਜਿਕ ਵਿਤਕਰਾ ਹੈ ਨਾ ਕਿ ਆਰਥਿਕ ਵਿਤਕਰਾ। ਆਰਥਿਕ ਅਸਮਾਨਤਾਵਾਂ ਨੂੰ ਸਿੱਖਿਆ, ਸਿਹਤ ਸੰਭਾਲ ਅਤੇ ਸਮਾਜਿਕ ਸੁਰੱਖਿਆ ਉਪਰਾਲਿਆਂ ਉਪਰ ਜ਼ਿਆਦਾ ਧਿਆਨ ਦੇ ਕੇ ਮੁਖ਼ਾਤਿਬ ਹੋਇਆ ਜਾ ਸਕਦਾ ਹੈ ਜਿਨ੍ਹਾਂ ਰਾਹੀਂ ਬਹੁਤ ਸਾਰੇ ਮੁਲਕਾਂ ਅੰਦਰ ਨਾਬਰਾਬਰੀ ਨੂੰ ਘਟਾਉਣ ਵਿੱਚ ਮਦਦ ਮਿਲੀ ਹੈ। ਭਾਰਤੀ ਹਾਂਦਰੂ ਕਾਰਵਾਈ (ਜਾਤੀ ਰਾਖਵਾਂਕਰਨ) ਇਸ ਮੰਤਵ ਨਾਲ ਵਿਉਂਤੀ ਗਈ ਸੀ ਤਾਂ ਕਿ 'ਗ਼ੈਰ ਬਰਾਬਰਾਂ' ਨੂੰ ਬਰਾਬਰੀ 'ਤੇ ਲਿਆਂਦਾ ਜਾਵੇ ਅਤੇ ਨਾ ਕਿ ਸਾਰੀਆਂ ਜਾਂ ਕਿਸੇ ਵੀ ਸਮੂਹ ਦੀ ਤਰਜੀਹ ਦੀ ਹਰੇਕ ਮੰਗ 'ਤੇ ਰਾਖਵਾਂਕਰਨ ਦਿੱਤਾ ਜਾਵੇ।

# ਖੇਤੀ ਮੰਤਰੀ ਦੇ ਵਿਦੇਸ਼ ਦੌਰੇ ਕਾਰਨ ਖੇਤ ਮਜ਼ਦੂਰਾਂ ਦਾ ਧਰਨਾ ਮੁਲਤਵੀ

## ਸੰਕੇਤਕ ਧਰਨਾ ਦੇ ਕੇ ਪਹਿਲੀ ਸਤੰਬਰ ਨੂੰ ਮੁਜ਼ਾਹਰਾ ਕਰਨ ਦਾ ਐਲਾਨ; ਸਿਹਤ ਕਾਮਿਆਂ ਦੇ ਸੰਘਰਸ਼ ਦੀ ਹਮਾਇਤ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਮੰਤਰੀ ਗੁਰਮੀਤ ਖੁੱਡੀਆਂ ਦੇ ਕੈਨੇਡਾ ਦੌਰੇ ਕਾਰਨ ਖੇਤ ਮਜ਼ਦੂਰਾਂ ਵੱਲੋਂ 'ਆਪ' ਸਰਕਾਰ ਦੇ ਅਧੂਰੇ ਚੋਣ ਵਾਅਦਿਆਂ ਪ੍ਰਤੀ ਕੀਤੇ ਜਾਣ ਵਾਲੀ ਜਥੇਬੰਦਕ ਜਵਾਬਤਲਬੀ ਆਗਾਮੀ ਇੱਕ ਸਤੰਬਰ 'ਤੇ ਪੈ ਗਈ ਹੈ। ਪਹਿਲਾਂ ਤੋਂ ਐਲਾਨੇ ਹੋਏ ਧਰਨੇ ਤਹਿਤ ਅੱਜ ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਖੇਤੀ ਮੰਤਰੀ ਦੇ ਘਰ ਅੱਗੇ ਧਰਨਾ ਲਗਾਇਆ। ਮੰਤਰੀ ਦੇ ਵਿਦੇਸ਼ ਗਏ ਹੋਣ ਕਾਨ ਅੱਜ ਖੇਤ ਮਜ਼ਦੂਰਾਂ ਨੇ ਧਰਨੇ ਨੂੰ ਇੱਕ ਦਿਨ ਵਿੱਚ ਮੁਲਤਵੀ ਕਰ ਦਿੱਤਾ। ਜ਼ਿਕਰਯੋਗ ਹੈ ਕਿ ਮਜ਼ਦੂਰ ਕਿਸਾਨ ਤੇ ਵਾਤਾਵਰਨ ਪੱਖੀ ਖੇਤੀ ਨੀਤੀ, ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ, ਰੁਜ਼ਗਾਰ ਗਾਰੰਟੀ, ਬੇਘਰਿਆਂ ਤੇ ਲੋੜਵੰਦਾਂ ਨੂੰ ਪਲਾਟ ਦੇਣ, ਲਾਲ ਲਕੀਰ ਅੰਦਰਲੇ ਘਰਾਂ ਦੇ ਮਾਲਕੀ ਹੱਕ ਜਿਹੇ ਕਾਫੀ ਭਖਦੇ ਚੋਣ ਵਾਅਦੇ ਕਿਸਾਨਾਂ ਮਜ਼ਦੂਰਾਂ ਦੇ ਬਕਾਇਆ ਹਨ।



ਖੇਤੀ ਮੰਤਰੀ ਗੁਰਮੀਤ ਖੁੱਡੀਆਂ ਦੇ ਘਰ ਅੱਗੇ ਨਾਅਰੇਬਾਜ਼ੀ ਕਰਦੇ ਹੋਏ ਮਜ਼ਦੂਰ।

ਇਸ ਮੌਕੇ ਦੋ ਵੱਖ-ਵੱਖ ਮਤਿਆਂ ਤਹਿਤ ਨਿੱਜੀਕਰਨ ਨੀਤੀਆਂ ਵਿਰੁੱਧ ਸੰਘਰਸ਼ ਕਰਦੇ ਜਲ ਸਪਲਾਈ ਕਾਮੇ ਤੇ ਹੋਰਨਾਂ ਵਿਭਾਗਾਂ ਦੇ ਠੇਕਾ ਕਾਮਿਆਂ ਦੇ ਸੰਘਰਸ਼ ਅਤੇ ਕੋਲਕਾਤਾ 'ਚ ਮਹਿਲਾ ਡਾਕਟਰ ਦੇ ਬਲਾਤਕਾਰ ਤੇ ਕਤਲ ਦੇ ਮੁਲਜ਼ਮਾਂ ਨੂੰ ਸਖ਼ਤ ਸਜ਼ਾਵਾਂ ਸਬੰਧੀ ਸਿਹਤ ਕਾਮਿਆਂ ਦੇ ਘੋਲ ਦੀ ਹਮਾਇਤ ਕੀਤੀ ਗਈ। ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਬਦਲਾਅ ਦਾ ਝਾਂਸਾ ਦੇ ਕੇ ਸਤਾ ਵਿੱਚ ਆਈ 'ਆਪ' ਸਰਕਾਰ ਵੱਲੋਂ ਅੱਧਾ ਕਾਰਜਕਾਲ ਲੰਘਣ ਦੇ ਬਾਵਜੂਦ ਚੋਣ ਵਾਅਦੇ ਪੂਰੇ ਨਾ ਕਰਨਾ ਹਕੂਮਤ ਦੇ ਲੋਕ ਵਿਰੋਧੀ ਕਿਰਦਾਰ ਦਾ ਮੂੰਹ ਬੋਲਦਾ ਸਬੂਤ ਹੈ। ਸੇਵੇਵਾਲਾ ਨੇ ਐਲਾਨ ਕੀਤਾ ਕਿ ਖੇਤੀ ਮੰਤਰੀ ਦੀ ਵਿਦੇਸ਼ੋਂ ਵਾਪਸੀ ਮਗਰੋਂ 1 ਸਤੰਬਰ ਤੋਂ ਅਣਮਿੱਥੇ ਸਮੇਂ ਦਾ ਧਰਨਾ ਦਿੱਤਾ ਜਾਵੇਗਾ।

ਅੱਜ ਧਰਨੇ ਨੂੰ ਮਜ਼ਦੂਰ ਆਗੂ ਗੁਰਜੰਟ ਸਿੰਘ ਸਾਉਂਕੇ, ਸੇਵਕ ਸਿੰਘ ਮਹਿਮਾ ਸਰਜਾ, ਤਰਸੇਮ ਤੇ ਕਾਕਾ ਸਿੰਘ ਖੁੰਡੇ ਹਲਾਲ, ਮਨਦੀਪ ਸਿੰਘ ਸਿਧੀਆਂ, ਰਾਜਾ ਸਿੰਘ ਖੂਨਣ ਖ਼ੁਰਦ, ਗੁਰਪ੍ਰੀਤ ਕੌਰ ਦਿਉਣ ਤੇ ਤੀਰਥ ਸਿੰਘ ਕੋਠਾ ਗੁਰੂ ਤੋਂ ਇਲਾਵਾ ਭਾਕਿਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਗੁਰਪਾਸ਼ ਸਿੰਘੇਵਾਲਾ ਤੇ ਪੀਐੱਸਯੂ ਸ਼ਹੀਦ ਰੰਧਾਵਾ ਦੇ ਬਿੰਦਰ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ 'ਆਪ' ਸਰਕਾਰ 'ਤੇ ਧਰਤੀ ਹੇਠਲਾ ਪਾਣੀ ਬਚਾਉਣ ਦੇ ਨਾਂ ਹੇਠ ਝੋਨੇ ਦੀ ਸਿੱਧੀ ਬਿਜਾਈ ਰਾਹੀਂ ਮਜ਼ਦੂਰਾਂ ਦੇ ਰੁਜ਼ਗਾਰ ਦਾ ਉਜਾੜਾ ਕਰਨ ਅਤੇ ਐੱਸਸੀ ਵਿਦਿਆਰਥੀਆਂ ਤੋਂ ਪੀਟੀਏ ਵਸੂਲਣ ਰਾਹੀਂ ਗਰੀਬ ਬੱਚਿਆਂ ਨੂੰ ਉਚੇਰੀ ਸਿੱਖਿਆ ਦੇ ਹੱਕ ਤੋਂ ਵਾਂਝੇ ਰੱਖਣ ਦੇ ਦੋਸ਼ ਲਗਾਏ। ਇਸ ਮੌਕੇ ਮਹਿਲਾ ਮਜ਼ਦੂਰ ਆਗੂ ਤਾਰਾਵੰਤੀ, ਬਾਜ਼ ਸਿੰਘ ਭੁੱਟੀਵਾਲਾ, ਕਾਲਾ ਸਿੰਘ ਸਿੰਘੇਵਾਲਾ, ਰਾਮਪਾਲ ਗੱਗੜ ਵੀ ਮੌਜੂਦ ਸਨ।

ਭਾਕਿਯੂ ਏਕਤਾ ਉਗਰਾਹਾਂ ਬਲਾਕ ਲੰਬੀ ਵੱਲੋਂ ਅੱਜ ਖੇਤੀ ਮੰਤਰੀ ਖੁੱਡੀਆਂ ਦੇ ਘਰ ਅੱਗੇ ਖੇਤ ਮਜ਼ਦੂਰ ਧਰਨੇ ਵਿੱਚ ਪੁੱਜੇ ਸੈਂਕੜੇ ਮਜ਼ਦੂਰਾਂ ਨਾਲ ਇੱਕਮੁੱਠਤਾ ਪ੍ਰਗਟਾਉਂਦਿਆਂ ਧਰਨਾਕਾਰੀਆਂ ਲਈ ਚਾਹ-ਪਾਣੀ ਦਾ ਲੰਗਰ ਲਗਾਇਆ ਗਿਆ।

# ਏਡੀਸੀ ਦਫ਼ਤਰ ਦੀ ਸ਼ਿਕਾਇਤ 'ਤੇ ਧਰਨਾਕਾਰੀ ਮਜ਼ਦੂਰ ਆਗੂ ਨੂੰ ਥਾਣੇ ਸੱਦਿਆ

**ਨਾਭਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕ੍ਰੈਟਿਕ ਮਨਰੇਗਾ ਫ਼ਰੰਟ ਦੇ ਆਗੂ ਸੁਖਵਿੰਦਰ ਕੌਰ ਨੋਹਰਾ ਦੇ ਘਰ ਬੀਤੀ ਸ਼ਾਮ ਪੁਲੀਸ ਪਹੁੰਚੀ ਤੇ ਉਸ ਨੂੰ ਥਾਣੇ ਹਾਜ਼ਰ ਹੋਣ ਲਈ ਕਿਹਾ ਗਿਆ। ਦੰਦਰਾਲਾ ਢੀਂਡਸਾ ਚੌਕੀ ਦੇ ਇੰਚਾਰਜ ਮਨਜਿੰਦਰ ਸਿੰਘ ਮੁਤਾਬਕ ਜਥੇਬੰਦੀ ਦੇ ਆਗੂਆਂ ਖਿਲਾਫ ਏਡੀਸੀ ਦਫਤਰ ਤੋਂ ਸ਼ਿਕਾਇਤ ਆਈ ਹੈ ਕਿ ਇਹ ਲੋਕਾਂ ਕੋਲੋਂ ਪੈਸੇ ਇਕੱਠੇ ਕਰਦੇ ਹਨ।

ਬੀਡੀਪੀਓ ਦਫਤਰ 'ਚ ਚੱਲ ਰਹੇ ਪੱਕੇ ਧਰਨੇ ਦੀ ਅਗਵਾਈ ਕਰਦੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਅਰਜ਼ੀਆਂ ਦਾ ਨਿਬੇੜਾ ਨਾ ਕਰਨ ਕਰ ਕੇ ਉਨ੍ਹਾਂ ਨੇ ਮਨਰੇਗਾ ਐਕਟ ਦੀ ਧਾਰਾ 23 ਤੇ 25 ਤਹਿਤ ਨਾਭਾ ਬੀਡੀਪੀਓ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ, ਜਿਸ 'ਤੇ ਕੱਲ੍ਹ ਹੀ ਨਾਭਾ ਦੇ ਐੱਸਡੀਐੱਮ ਨੇ ਬੀਡੀਪੀਓ ਕੋਲੋਂ ਰਿਪੋਰਟ ਤਲਬ ਕੀਤੀ ਹੈ ਅਤੇ ਨਾਲ ਹੀ ਰਿਪੋਰਟ ਏਡੀਸੀ ਪਟਿਆਲਾ ਨੂੰ ਵੀ ਭੇਜਣ ਲਈ ਲਿਖਿਆ ਸੀ। ਉਸੇ ਸ਼ਾਮ ਚੌਕੀ ਤੋਂ ਪੁਲੀਸ ਮੁਲਾਜ਼ਮ ਘਰ ਆ ਗਿਆ। ਇਸ ਸਬੰਧੀ ਫ਼ਰੰਟ ਦਾ ਇੱਕ ਵਫਦ ਅੱਜ ਨਾਭਾ ਦੇ ਡੀਐੱਸਪੀ ਨੂੰ ਮਿਲਿਆ ਤੇ ਦੱਸਿਆ ਕਿ ਸੰਵਿਧਾਨ ਜਥੇਬੰਦੀ ਬਣਾਉਣ ਦਾ ਹੱਕ ਦਿੰਦਾ ਹੈ। ਉਨ੍ਹਾਂ ਕਿਹਾ ਕਿ ਬਲਕਿ ਮਨਰੇਗਾ ਐਕਟ ਤਾਂ ਮਜ਼ਦੂਰਾਂ ਨੂੰ ਜਥੇਬੰਦੀ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ ਅਤੇ ਪ੍ਰਸ਼ਾਸਨ ਨੂੰ ਵੀ ਪਾਬੰਦ ਕਰਦਾ ਹੈ ਕਿ ਹਰ ਮਹੀਨੇ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਮਜ਼ਦੂਰਾਂ ਦੀਆਂ ਦਿੱਕਤਾਂ ਦੂਰ ਕੀਤੀਆਂ ਜਾਣ। ਮੁਲਾਜ਼ਮ ਅਤੇ ਅਫਸਰਾਂ ਸਮੇਤ ਸਾਰੀਆਂ ਜਥੇਬੰਦੀਆਂ ਫੰਡ ਇਕੱਤਰ ਕਰਦੀਆਂ ਹੀ ਹਨ ਤੇ ਲੋਕ ਆਪਣੀ ਮਰਜ਼ੀ ਨਾਲ ਹੀ ਯੋਗਦਾਨ ਪਾਉਂਦੇ ਹਨ।




ਆਗੂ ਕੁਲਵੰਤ ਕੌਰ ਤੇ ਰਮਨਜੋਤ ਕੌਰ ਹੋਰਾਂ ਨੇ ਦੱਸਿਆ ਕਿ ਡੀਐੱਸਪੀ ਨੂੰ ਐਕਟ ਦੀ ਕਾਪੀ ਦਿੱਤੀ ਗਈ ਹੈ ਅਤੇ ਸੁਖਵਿੰਦਰ ਕੌਰ ਨੇ ਰੋਸ ਜਤਾਇਆ ਕਿ ਉਸ ਦੇ ਘਰ ਚਾਰ ਮਹੀਨੇ ਪਹਿਲਾਂ ਚੋਰੀ ਹੋਈ ਸੀ ਤੇ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਅਜੇ ਤੱਕ ਕੇਸ ਦਰਜ ਨਹੀਂ ਹੋਇਆ ਪਰ ਕਾਨੂੰਨ ਲਾਗੂ ਕਰਾਉਣ ਦੀ ਮੰਗ ਕਰਨ ਵਾਲੀ ਜਥੇਬੰਦੀ ਖਿਲਾਫ ਕਾਰਵਾਈ ਲਈ ਪ੍ਰਸ਼ਾਸਨ ਪੱਬਾਂ ਭਾਰ ਹੋਇਆ ਪਿਆ ਹੈ।

ਇਸ ਮੌਕੇ ਨਾਭਾ ਦੀ ਡੀਐੱਸਪੀ ਪ੍ਰਭਜੋਤ ਕੌਰ ਨੇ ਦੱਸਿਆ ਕਿ ਦੋਵੇਂ ਧਿਰਾਂ ਨੂੰ ਸੁਣ ਕੇ ਪੜਤਾਲ ਕਰਨ ਮਗਰੋਂ ਕਾਨੂੰਨ ਅਨੁਸਾਰ ਹੀ ਕਾਰਵਾਈ ਕੀਤੀ ਜਾਵੇਗੀ।

# ਆਕੜੀ ਦੇ ਸ਼ਹੀਦ ਹੋਏ ਕਿਸਾਨ ਦੇ ਪਰਿਵਾਰ ਨੂੰ ਪੰਜ ਲੱਖ ਦਾ ਚੈੱਕ ਸੌਂਪਿਆ


ਪੀੜਤ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਚੈੱਕ ਸੌਂਪਦੇ ਹੋਏ ਵਿਧਾਇਕ ਗੁਰਲਾਲ ਸਿੰਘ।

**ਪਟਿਆਲਾ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਸਿੰਘ ਘਨੌਰ ਅੱਜ ਪਿੰਡ ਆਕੜੀ ਪੁੱਜੇ, ਜਿੱਥੇ ਉਨ੍ਹਾਂ ਸ਼ਹੀਦ ਹੋਏ ਕਿਸਾਨ ਸੁਰਿੰਦਰਪਾਲ ਸਿੰਘ ਆਕੜੀ ਦੇ ਘਰ ਜਾ ਕੇ ਉਨ੍ਹਾਂ ਦੇ ਪਰਿਵਾਰ ਨੂੰ ਪੰਜ ਲੱਖ ਰੁਪਏ ਦਾ ਚੈੱਕ ਸੌਂਪਿਆ। ਇਸ ਵੇਲੇ ਜਸਵਿੰਦਰ ਸਿੰਘ ਆਕੜੀ ਵੀ ਮੌਜੂਦ ਸਨ।

ਵਿਧਾਇਕ ਗੁਰਲਾਲ ਨੇ ਦੱਸਿਆ ਕਿ ਪਹਿਲਾਂ ਵੀ ਪਰਿਵਾਰ ਨੂੰ 20 ਲੱਖ ਰੁਪਏ ਦਿੱਤੇ ਜਾ ਚੁੱਕੇ ਹਨ ਅਤੇ ਜਲਦ ਹੀ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਉਨ੍ਹਾਂ ਦੇ ਨਾਲ ਤਹਿਸੀਲਦਾਰ ਰਾਜਪੁਰਾ ਜਸਪ੍ਰੀਤ ਸਿੰਘ, ਪਟਵਾਰੀ ਸੁਰਿੰਦਰਪਾਲ ਸਿੰਘ, ਬੰਟੀ ਬੋਹੜਪੁਰ, ਕਿਸਾਨ ਆਗੂ ਤੇ ਇਲਾਕੇ ਦੇ ਆਮ ਆਦਮੀ ਪਾਰਟੀ ਦੇ ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ। ਪਹਿਲਾ ਵੀ ਪਿੰਡ ਦੇ ਸ਼ਹੀਦ ਹੋਏ ਚਾਰ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦਿੱਤੀ ਜਾ ਚੁੱਕੀ ਹੈ। ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਇਸ ਵੇਲੇ ਇਲਾਕੇ ਦੇ ਕਿਸਾਨ ਆਗੂ ਜਸਵੀਰ ਸਿੰਘ ਸਿੱਧੂਪੁਰ, ਜ਼ਿਲ੍ਹਾ ਪ੍ਰਧਾਨ ਜ਼ੋਰਾਵਰ ਸਿੰਘ, ਬਲਾਕ ਪ੍ਰਧਾਨ ਭਗਵੰਤ ਸਿੰਘ ਸੇਹਰਾ ਤੇ ਅਮਰਜੀਤ ਸਿੰਘ ਆਕੜ, ਬਲਜਿੰਦਰ ਸਿੰਘ ਨੰਬਰਦਾਰ, ਜਗਮੋਹਨ ਸਿੰਘ ਨੰਬਰਦਾਰ, ਗੁਰਮੇਲ ਸਿੰਘ ਨੰਬਰਦਾਰ, ਮਨਦੀਪ ਸਿੰਘ ਸੇਹਰੀ, ਸੰਤ ਰਾਮ ਪੱਬਰੀ, ਧਰਮ ਸਿੰਘ ਆਦਿ ਮੌਜੂਦ ਸਨ।

# ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਿਵੀਜ਼ਨ ਨੇ ਪੱਛਮੀ ਬੰਗਾਲ ਤੋਂ ਚੱਲ ਰਹੇ ਅੰਤਰ-ਰਾਜੀ ਸਾਈਬਰ ਵਿੱਤੀ ਫਰਾਡ ਰੈਕੇਟ ਦਾ ਕੀਤਾ ਪਰਦਾਫਾਸ਼ ; ਤਿੰਨ ਵਿਅਕਤੀ ਕਾਬੂ

> ➢ ਪੁਲਿਸ ਟੀਮਾਂ ਨੇ ਦੋਸ਼ੀਆਂ ਕੋਲੋਂ ਤਿੰਨ ਮੋਬਾਈਲ ਫ਼ੋਨ, ਇੱਕ ਲੈਪਟਾਪ ਅਤੇ 30,900 ਰੁਪਏ ਦੀ ਨਕਦੀ ਬਰਾਮਦ ਕੀਤੀ; ਧੋਖਾਧੜੀ ਨਾਲ ਜੁਟਾਈ ਰਾਸ਼ੀ ਚੋਂ 5.22 ਲੱਖ ਰੁਪਏ ਕੀਤੇ ਫਰੀਜ਼ ➢ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਚਨਬੱਧ

**ਚੰਡੀਗੜ੍ਹ, 25 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਤਹਿਤ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਸਾਈਬਰ ਵਿੱਤੀ ਧੋਖਾਧੜੀ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਪੱਛਮੀ ਬੰਗਾਲ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਤਿੰਨ ਸਾਈਬਰ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਏਡੀਜੀਪੀ ਸਾਈਬਰ ਕ੍ਰਾਈਮ ਡਵੀਜਨ ਵੀ. ਨੀਰਜਾ ਨੇ ਇੱਥੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸ਼ੋਵਨ ਸਾਹਾ, ਅਭਿਸ਼ੇਕ ਕੁਮਾਰ ਸਿੰਘ ਅਤੇ ਪਰਵੀਨ ਕੁਮਾਰ ਰਾਏ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਤਿੰਨ ਮੋਬਾਈਲ ਫ਼ੋਨ, ਇੱਕ ਲੈਪਟਾਪ ਅਤੇ 30,900 ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ।

ਜਾਣਕਾਰੀ ਅਨੁਸਾਰ ਪੰਜਾਬ ਰਾਜ ਸਾਈਬਰ ਕ੍ਰਾਈਮ ਡਿਵੀਜ਼ਨ ਨੂੰ 49.60 ਲੱਖ ਰੁਪਏ ਦੀ ਸਾਈਬਰ ਧੋਖਾਧੜੀ ਦੀ ਸ਼ਿਕਾਇਤ ਮਿਲੀ ਸੀ, ਜਿਸ ਵਿੱਚ ਸਾਈਬਰ ਧੋਖਾਧੜੀ ਕਰਨ ਵਾਲੇ ਨੇ ਕੰਪਨੀ ਦੇ ਅਕਾਊਂਟੈਂਟ ਨੂੰ ਮਾਲਕ, ਜੋ ਮੋਹਾਲੀ ਅਧਾਰਤ ਰੀਅਲਟਰ ਹੈ, ਦੀ ਡਿਸਪਲੇਅ ਪਿਕਚਰ ਦੀ ਵਰਤੋਂ ਕਰਕੇ ਇੱਕ ਵਟਸਐਪ ਮੈਸੇਜ ਭੇਜਿਆ ਸੀ। ਕਿਉਂਕਿ ਉਸ ਵਕਤ ਕੰਪਨੀ ਦਾ ਮਾਲਕ ਕਿਸੇ ਮੀਟਿੰਗ ਵਿੱਚ ਸੀ ਇਸ ਲਈ ਸੰਦੇਸ਼ ਦੀ ਸੱਚਾਈ ਦੀ ਪੁਸ਼ਟੀ ਨਹੀਂ ਹੋ ਸਕਦੀ ਸੀ । ਜਿਸ ਕਰਕੇ ਕਰਮਚਾਰੀ ਨੇ ਇਹ ਮੰਨ ਲਿਆ ਕਿ ਸੰਦੇਸ਼ ਕੰਪਨੀ ਦੇ ਮਾਲਕ ਦਾ ਹੀ ਹੈ ਅਤੇ ਉਸਨੇ ਧੋਖੇਬਾਜ਼ ਵੱਲੋਂ ਦਿੱਤੇ ਬੈਂਕ ਖਾਤੇ ਵਿੱਚ ਪੈਸੇ ਟਰਾਂਸਫਰ ਕਰ ਦਿੱਤੇ।

ਏਡੀਜੀਪੀ ਵੀ. ਨੀਰਜਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਤਿੰਨ ਮੁਲਜ਼ਮਾਂ ਵਿੱਚੋਂ ਦੋ ਫਲਿੱਪਕਾਰਟ ਦੇ ਕਰਮਚਾਰੀ ਹਨ, ਜਿਨ੍ਹਾਂ ਨੇ ਕਮਿਸ਼ਨ ਲਈ ਆਪਣੇ ਬੈਂਕ ਖਾਤੇ ਸਾਈਬਰ ਧੋਖਾਧੜੀ ਕਰਨ ਵਾਲਿਆਂ ਨੂੰ ਕਿਰਾਏ 'ਤੇ ਦਿੱਤੇ ਹੋਏ ਸਨ।

ਉਨ੍ਹਾਂ ਦੱਸਿਆ ਮੁਹੰਮਦ ਦਿਲੋਵਰ ਗਾਜ਼ੀ ਵਜੋਂ ਪਛਾਣੇ ਗਏ ਇੱਕ ਹੋਰ ਅਹਿਮ ਸ਼ੱਕੀ ਵਿਅਕਤੀ ਦਾ ਵੀ ਪਤਾ ਲਗਾਇਆ ਗਿਆ ਸੀ, ਪਰ ਡਿੱਗਣ ਕਾਰਨ ਉਸਦੇ ਸੱਟਾਂ ਵੱਜੀਆਂ ਸਨ ਅਤੇ ਉਹ ਸਫ਼ਰ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਗਾਜ਼ੀ ਬਾਅਦ ਵਿੱਚ ਜਾਂਚ ਵਿੱਚ ਸ਼ਾਮਲ ਹੋਇਆ ਅਤੇ ਉਸਨੇ ਗਿਰੋਹ ਦੇ ਹੋਰ ਮੈਂਬਰਾਂ ਦੇ ਨਾਵਾਂ ਬਾਰੇ ਖੁਲਾਸਾ ਕੀਤਾ। "

ਏਡੀਜੀਪੀ ਨੇ ਦੱਸਿਆ ਕਿ ਹੈਲਪਲਾਈਨ 1930 ਟੀਮ ਦੇ ਯਤਨਾਂ ਸਦਕਾ 44 ਵੱਖ-ਵੱਖ ਬੈਂਕ ਖਾਤਿਆਂ ਵਿੱਚ ਤੀਜੀ ਤੋਂ ਨੌਵੀਂ ਪਰਤ ਤੱਕ 5,22,700 ਰੁਪਏ ਦੀ ਰਕਮ ਫਰੀਜ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ, ਇਸ ਮਾਮਲੇ ਵਿਚ ਸਾਈਬਰ ਅਪਰਾਧੀਆਂ ਦੇ ਨੈਟਵਰਕ ਦਾ ਪਰਦਾਫਾਸ਼ ਕਰਨ ਲਈ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਗ੍ਰਿਫਤਾਰੀਆਂ ਦੀ ਆਸ ਹੈ।

ਇਸ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਐਸ.ਪੀ. ਸਟੇਟ ਸਾਈਬਰ ਕ੍ਰਾਈਮ ਡਵੀਜਨ ਜਸ਼ਨਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਸ ਮਾਮਲੇ ਦੀ ਸੂਚਨਾ 12 ਘੰਟੇ ਬਾਅਦ ਸਟੇਟ ਸਾਈਬਰ ਕ੍ਰਾਈਮ ਨੂੰ ਦਿੱਤੀ ਗਈ ਸੀ ਅਤੇ ਐਨ.ਸੀ.ਆਰ. ਪੋਰਟਲ 'ਤੇ ਰਿਪੋਰਟ ਕਰਨ ਉਪਰੰਤ, ਪੁਲਿਸ ਸਟੇਸ਼ਨ ਸਟੇਟ ਸਾਈਬਰ ਕ੍ਰਾਈਮ ਡਵੀਜ਼ਨ, ਮੋਹਾਲੀ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸਾਈਬਰ ਧੋਖੇਬਾਜ਼ਾਂ ਵੱਲੋਂ ਵਰਤੇ ਜਾਂਦੇ ਵਟਸਐਪ ਅਕਾਊਂਟ, ਬੈਂਕ ਖਾਤਿਆਂ ਅਤੇ ਮੋਬਾਈਲ ਨੰਬਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ, ਜਿਸ ਦੀ ਜਾਂਚ ਕੀਤੀ ਗਈ ਅਤੇ ਇਹ ਪਾਇਆ ਗਿਆ ਕਿ ਪਹਿਲੀ ਅਤੇ ਦੂਜੀ ਪਰਤ ਵਿੱਚ ਰਕਮ ਪੱਛਮੀ ਬੰਗਾਲ ਦੇ ਬੈਂਕ ਖਾਤਾ ਧਾਰਕਾਂ ਨੂੰ ਟਰਾਂਸਫਰ ਕੀਤੀ ਗਈ ਸੀ।

ਐਸ.ਪੀ. ਗਿੱਲ ਨੇ ਦੱਸਿਆ ਕਿ ਇਸ ਉਪਰੰਤ, ਜੁਆਇੰਟ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਟੀਮ (ਜੇਸੀਸੀਟੀ) ਪੱਛਮੀ ਬੰਗਾਲ ਨਾਲ ਤਾਲਮੇਲ ਕਰਨ ਲਈ ਭਾਰਤੀ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ (ਆਈ4ਸੀ) ਦੀ ਮਦਦ ਮੰਗੀ ਗਈ ਅਤੇ ਇੰਸਪੈਕਟਰ ਗਗਨ ਪ੍ਰੀਤ ਸਿੰਘ ਅਤੇ ਇੰਸਪੈਕਟਰ ਦੀਪਕ ਭਾਟੀਆ ਦੀ ਅਗਵਾਈ ਵਾਲੀ ਪੁਲਿਸ ਟੀਮ ਤੁਰੰਤ ਕੋਲਕਾਤਾ ਲਈ ਰਵਾਨਾ ਹੋ ਗਈ। ਉਨ੍ਹਾਂ ਅੱਗੇ ਦੱਸਿਆ ਕਿ ਮਲਟੀਪਲ ਓਪਨ ਸੋਰਸ ਇੰਟੈਲੀਜੈਂਸ (ਓਐਸਆਈਐਨਟੀ) ਤਕਨੀਕਾਂ ਦੀ ਮਦਦ ਅਤੇ ਬੈਂਕ ਦੇ ਨੋਡਲ ਅਫਸਰਾਂ ਦੀ ਮਦਦ ਨਾਲ, ਪਹਿਲੀ ਅਤੇ ਦੂਜੀ ਪਰਤ ਵਿੱਚ ਦੋਸ਼ੀ ਵਿਅਕਤੀਆਂ ਦੇ ਟਿਕਾਣਿਆਂ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਧੋਖਾਧੜੀ ਕਰਨ ਵਾਲਿਆਂ ਨੇ 9 ਪਰਤਾਂ ਵਿੱਚ 150 ਬੈਂਕ ਖਾਤਿਆਂ ਵਿੱਚ ਰਕਮ ਟਰਾਂਸਫਰ ਕੀਤੀ ਸੀ ਅਤੇ ਇਨ੍ਹਾਂ ਵਿੱਚੋਂ 44 ਖਾਤਿਆਂ ਵਿੱਚ ਪਈ ਰਕਮ ਨੂੰ ਫਰੀਜ਼ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਐਫ.ਆਈ.ਆਰ. ਨੰ. 21 ਮਿਤੀ 01/08/2024 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀਆਂ ਧਾਰਾਵਾਂ 318, 319 ਅਤੇ 61 ਅਤੇ ਆਈ.ਟੀ. ਐਕਟ ਦੀਆਂ ਧਾਰਾਵਾਂ 66-ਸੀ ਅਤੇ 66-ਡੀ ਤਹਿਤ ਥਾਣਾ ਸਟੇਟ ਸਾਈਬਰ ਕ੍ਰਾਈਮ ਐਸ.ਏ.ਐਸ. ਨਗਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਈਬਰ ਕ੍ਰਾਈਮ ਡਵੀਜ਼ਨ ਵੱਲੋਂ ਦੂਜੇ ਸੂਬਿਆਂ ਦੇ ਸਾਈਬਰ ਅਪਰਾਧੀਆਂ ਨੂੰ ਫੜਨ ਲਈ ਪੁਖ਼ਤਾ ਯਤਨ ਕੀਤੇ ਜਾ ਰਹੇ ਹਨ। ਪਿਛਲੇ ਦੋ ਮਹੀਨਿਆਂ ਦੌਰਾਨ, ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਦੇ ਸਾਈਬਰ ਕ੍ਰਾਈਮ ਥਾਣਿਆਂ ਵਿੱਚ 100 ਦੇ ਕਰੀਬ ਮਾਮਲੇ ਦਰਜ ਕੀਤੇ ਗਏ ਹਨ ਅਤੇ ਇਨ੍ਹਾਂ ਕੇਸਾਂ ਵਿੱਚ ਸਾਈਬਰ ਧੋਖਾਧੜੀ ਦੇ ਸ਼ਿਕਾਰ ਵਿਅਕਤੀਆਂ ਦੇ 23.46 ਕਰੋੜ ਰੁਪਏ ਦੀ ਰਕਮ ਸ਼ੱਕੀ ਵਿਅਕਤੀਆਂ ਦੇ ਖਾਤਿਆਂ ਵਿੱਚ ਫਰੀਜ਼ ਕਰ ਦਿੱਤੀ ਗਈ ਹੈ।

ਆਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਸਮੇਂ ਨਾਗਰਿਕਾਂ ਵੱਲੋਂ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ:

1. ਕੋਈ ਵੀ ਲੈਣ-ਦੇਣ ਕਰਨ ਤੋਂ ਪਹਿਲਾਂ ਹਮੇਸ਼ਾ ਸੋਸ਼ਲ ਮੀਡੀਆ ਅਕਾਊਂਟਾਂ ਦੇ ਅਸਲ ਉਪਭੋਗਤਾਵਾਂ ਦੀ ਪੁਸ਼ਟੀ ਕਰੋ
2. ਹਮੇਸ਼ਾ ਖਾਤਾ ਧਾਰਕਾਂ ਦੀ ਤਸਦੀਕ ਕਰੋ ਜਿਸ ਦੇ ਖਾਤੇ ਵਿੱਚ ਰਕਮ ਜਮ੍ਹਾਂ ਕੀਤੀ ਜਾਣੀ ਹੈ
3. ਵੱਧ ਰਿਟਰਨ ਦੇ ਲਾਲਚ ਵਿੱਚ ਕਦੇ ਵੀ ਕਿਸੇ ਨੂੰ ਆਨਲਾਈਨ ਭੁਗਤਾਨ ਨਾ ਕਰੋ
4. ਅਣਜਾਣ ਸਰੋਤਾਂ ਤੋਂ ਆਏ ਲਿੰਕਾਂ 'ਤੇ ਕਲਿੱਕ ਕਰਨ ਜਾਂ ਫਾਈਲਾਂ ਨੂੰ ਡਾਊਨਲੋਡ ਕਰਨ ਤੋਂ ਬਚੋ
5. ਕਿਸੇ ਵੀ ਐਪਲੀਕੇਸ਼ਨ 'ਤੇ ਕਦੇ ਵੀ ਡੈਬਿਟ/ਕ੍ਰੈਡਿਟ ਕਾਰਡ ਜਾਂ ਬੈਂਕ ਸਬੰਧੀ ਵੇਰਵੇ ਸਾਂਝੇ ਨਾ ਕਰੋ
6. ਛੋਟਾਂ ਅਤੇ ਇਨਾਮਾਂ ਦੀ ਪੇਸ਼ਕਸ਼ ਕਰਨ ਵਾਲੇ ਲਿੰਕਾਂ 'ਤੇ ਕਦੇ ਵੀ ਕਲਿੱਕ ਨਾ ਕਰੋ
7. ਹਰੇਕ ਖਾਤੇ ਲਈ ਅਲੱਗ ਪਾਸਵਰਡ ਰੱਖੋ ਅਤੇ ਇਸਨੂੰ ਅਕਸਰ ਬਦਲਦੇ ਰਹੋ
8. ਸਭ ਤੋਂ ਮਹੱਤਵਪੂਰਨ, ਆਨਲਾਈਨ ਧੋਖਾਧੜੀ ਦਾ ਸ਼ਿਕਾਰ ਹੋਣ ਦੀ ਸੂਰਤ ਵਿੱਚ ਤੁਰੰਤ ਹੈਲਪਲਾਈਨ 1930 ਜਾਂ www.cybercrime.gov.in 'ਤੇ ਰਿਪੋਰਟ ਕਰੋ ਤਾਂ ਜੋ ਪੈਸੇ ਨੂੰ ਸਾਈਬਰ ਧੋਖੇਬਾਜ਼ਾਂ ਕੋਲ ਜਾਣ ਤੋਂ ਬਚਾਇਆ ਜਾ ਸਕੇ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਆਰਮੀ ਭਰਤੀ ਰੈਲੀ ਦੀਆਂ ਤਿਆਰੀਆਂ ਦਾ ਜਾਇਜ਼ਾ

## ਛੇ ਜ਼ਿਲ੍ਹਿਆਂ ਦੇ 4558 ਲਿਖਤੀ ਪ੍ਰੀਖਿਆ ਪਾਸ ਨੌਜਵਾਨਾਂ ਦਾ 11 ਸਤੰਬਰ ਤੋਂ ਹੋਵੇਗਾ ਫਿਜ਼ੀਕਲ ਟੈਸਟ : ਭਰਤੀ ਡਾਇਰੈਕਟਰ

ਪਟਿਆਲਾ, 24 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-




ਪਟਿਆਲਾ ਵਿਖੇ ਭਾਰਤੀ ਫ਼ੌਜ ਵੱਲੋਂ ਪੰਜਾਬ ਦੇ 6 ਜ਼ਿਲ੍ਹਿਆਂ, ਸੰਗਰੂਰ, ਮਾਨਸਾ, ਬਰਨਾਲਾ, ਪਟਿਆਲਾ, ਮਾਲੇਰਕੋਟਲਾ ਅਤੇ ਫ਼ਤਿਹਗੜ੍ਹ ਸਾਹਿਬ ਦੇ 4558 ਲਿਖਤੀ ਪ੍ਰੀਖਿਆ ਪਾਸ ਨੌਜਵਾਨਾਂ ਦਾ 11 ਸਤੰਬਰ ਤੋਂ ਫਿਜ਼ੀਕਲ ਟੈਸਟ ਰਾਜਾ ਭਲਿੰਦਰ ਸਿੰਘ ਸਪੋਰਟਸ ਸਟੇਡੀਅਮ ਪੋਲੋ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਪ੍ਰਗਟਾਵਾ ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ ਨੇ ਫ਼ੌਜੀ ਭਰਤੀ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਫ਼ੌਜ, ਸਿਵਲ ਤੇ ਪੁਲਿਸ ਦੇ ਅਧਿਕਾਰੀਆਂ ਨਾਲ ਕੀਤੀ ਉੱਚ ਪੱਧਰੀ ਮੀਟਿੰਗ ਦੌਰਾਨ ਕੀਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 11 ਸਤੰਬਰ ਤੋਂ 18 ਸਤੰਬਰ ਤੱਕ ਚੱਲਣ ਵਾਲੀ ਇਸ ਆਰਮੀ ਭਰਤੀ ਰੈਲੀ ਦੀਆਂ ਤਿਆਰੀ ਸਬੰਧਤ ਵਿਭਾਗਾਂ ਵੱਲੋਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਭਰਤੀ ਰੈਲੀ ਵਿੱਚ ਪਟਿਆਲਾ ਸਮੇਤ ਸੰਗਰੂਰ, ਫ਼ਤਿਹਗੜ੍ਹ ਸਾਹਿਬ, ਬਰਨਾਲਾ, ਮਾਲੇਰਕੋਟਲਾ ਅਤੇ ਮਾਨਸਾ ਜ਼ਿਲ੍ਹਿਆਂ ਦੇ ਲਿਖਤੀ ਪ੍ਰੀਖਿਆ ਪਾਸ ਉਮੀਦਵਾਰ ਹਿੱਸਾ ਲੈਣਗੇ। ਮੀਟਿੰਗ ਦੌਰਾਨ ਭਰਤੀ ਡਾਇਰੈਕਟਰ ਕਰਨਲ ਜੀ.ਆਰ.ਐਸ ਰਾਜਾ ਨੇ ਦੱਸਿਆ ਕਿ 11 ਸਤੰਬਰ ਤੋਂ 18 ਸਤੰਬਰ ਤੱਕ ਚੱਲਣ ਵਾਲੀ ਭਰਤੀ ਰੈਲੀ ਵਿੱਚ ਛੇ ਜ਼ਿਲ੍ਹਿਆ ਦੇ 4558 ਨੌਜਵਾਨ ਉਮੀਦਵਾਰ ਸ਼ਾਮਲ ਹੋ ਰਹੇ ਹਨ, ਜਿਨ੍ਹਾਂ ਦੀ ਭਰਤੀ ਲਈ ਜ਼ਿਲ੍ਹਾ ਵਾਰ ਰੋਸਟਰ ਬਣਾਇਆ ਗਿਆ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਸਹਿਯੋਗ ਲਈ ਡਿਪਟੀ ਕਮਿਸ਼ਨਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਰਤੀ ਨੂੰ ਫ਼ੌਜ ਵੱਲੋਂ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਫ਼ਲ ਬਣਾਇਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ ਨੇ ਭਰਤੀ ਰੈਲੀ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਦੱਸਿਆ ਕਿ ਟ੍ਰੈਫਿਕ ਡਾਇਰਵਰਸ਼ਨ, ਮੈਡੀਕਲ ਐਮਰਜੈਂਸੀ ਸਹੂਲਤ, ਮੋਬਾਇਲ ਟੁਆਲਿਟਸ, ਪੀਣ ਵਾਲੇ ਪਾਣੀ ਦੇ ਟੈਂਕਰ, ਮੀਂਹ ਤੋਂ ਬਚਣ ਲਈ ਆਰਜੀ ਤਰਪਾਲ ਸ਼ੈਲਟਰ, ਲਾਇਟਾਂ, ਟ੍ਰੈਫਿਕ ਪ੍ਰਬੰਧਨ ਲਈ ਬੈਰੀਗੇਟਿੰਗ, ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧ, ਨਗਰ ਨਿਗਮ ਵੱਲੋਂ ਘਾਹ ਦੀ ਕਟਾਈ ਤੇ ਸਾਫ਼-ਸਫ਼ਾਈ ਆਦਿ ਦੇ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਪੀ.ਆਰ.ਟੀ.ਸੀ. ਵੱਲੋਂ ਨੌਜਵਾਨਾਂ ਦੀ ਆਵਾਜਾਈ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਕਰਨਲ ਵਿਨੋਦ, ਡਿਪਟੀ ਡਾਇਰੈਕਟਰ ਰੋਜ਼ਗਾਰ ਬਿਊਰੋ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਲੋਕ ਨਿਰਮਾਣ ਵਿਭਾਗ ਤੋਂ ਪਰਮਜੀਤ ਸਿੰਘ ਤੇ ਕਰਨਬੀਰ ਸਿੰਘ, ਪੀ.ਆਰ.ਟੀ.ਸੀ ਤੋਂ ਅਮਨਵੀਰ ਸਿੰਘ ਟਿਵਾਣਾ ਸਮੇਤ ਨਗਰ ਨਿਗਮ, ਜਲ ਸਪਲਾਈ ਤੇ ਸੈਨੀਟੇਸ਼ਨ, ਮੰਡੀ ਬੋਰਡ, ਬਿਜਲੀ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਵੱਲੋਂ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਦਾ ਆਯੋਜਨ

ਪਟਿਆਲਾ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-





ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਹਰ ਮੰਗਲਵਾਰ ਦੀ ਤਰ੍ਹਾਂ ਉੱਤਰੀ ਭਾਰਤ ਦੇ ਪ੍ਰਸਿੱਧ ਤੀਰਥ ਸਥਾਨ ਸ਼੍ਰੀ ਕਾਲੀ ਮਾਤਾ ਮੰਦਿਰ, ਪਟਿਆਲਾ ਪੰਜਾਬ ਵਿਖੇ ਸਨਾਤਨ ਹਿੰਦੂ ਧਰਮ ਦੇ ਪ੍ਰਸਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਪਾਠ ਦਾ ਆਯੋਜਨ ਕੀਤਾ ਗਿਆ।

ਸ਼੍ਰੀ ਕਾਲੀ ਮਾਤਾ ਮੰਦਿਰ ਵਿੱਚ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਦੇ ਧਰਮ ਪ੍ਰਚਾਰਕ ਸਤਿਕਾਰਯੋਗ ਪੰਡਿਤ ਨਰੇਸ਼ ਸ਼ਰਮਾ ਜੀ ਨੇ ਦੱਸਿਆ ਕਿ ਸ੍ਰੀ ਹਨੂੰਮਾਨ ਜੀ ਦੇ ਧਾਰਮਿਕ ਪਿਤਾ ਕੌਣ ਸਨ? ਇੰਦਰ ਦੀ ਗਰਜ ਉਸ ਨੂੰ ਕਿਉਂ ਮਾਰ ਰਹੀ ਸੀ? ਹਨੂੰਮਾਨ ਜੀ ਦਾ ਬਚਪਨ ਕਿਵੇਂ ਦਾ ਸੀ? ਸ੍ਰੀ ਹਨੂੰਮਾਨ ਜੀ ਦੇ ਧਾਰਮਿਕ ਪਿਤਾ ਵਾਯੂ ਸਨ, ਇਸ ਲਈ ਉਨ੍ਹਾਂ ਨੂੰ ਹਵਾ ਦਾ ਪੁੱਤਰ ਵੀ ਕਿਹਾ ਜਾਂਦਾ ਹੈ।

ਬਚਪਨ ਤੋਂ ਹੀ ਬ੍ਰਹਮ ਹੋਣ ਦੇ ਨਾਲ-ਨਾਲ ਉਸ ਦੇ ਅੰਦਰ ਅਸੀਮ ਸ਼ਕਤੀਆਂ ਵੀ ਸਨ।

ਬਚਪਨ ਵਿੱਚ ਇੱਕ ਵਾਰ ਸੂਰਜ ਨੂੰ ਇੱਕ ਪੱਕਾ ਫਲ ਸਮਝ ਕੇ ਉਸ ਨੂੰ ਖਾਣ ਲਈ ਉੱਡਣਾ ਸ਼ੁਰੂ ਕਰ ਦਿੱਤਾ, ਉਸੇ ਸਮੇਂ, ਇੰਦਰ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਵਿੱਚ, ਵਜਰ ਦੇ ਜ਼ੋਰ ਨਾਲ ਉਸ ਨੂੰ ਮਾਰਿਆ ਬੱਚੇ ਹਨੂੰਮਾਨ ਦੀ ਠੋਡੀ ਟੁੱਟ ਗਈ ਅਤੇ ਉਹ ਬੇਹੋਸ਼ ਹੋ ਗਿਆ। ਇਸ ਘਟਨਾ ਤੋਂ ਨਾਰਾਜ਼ ਹੋ ਕੇ ਪਵਨ ਦੇਵਤਾ ਨੇ ਸੰਸਾਰ ਭਰ ਵਿਚ ਹਵਾ ਦਾ ਪ੍ਰਭਾਵ ਬੰਦ ਕਰ ਦਿੱਤਾ, ਜਿਸ ਕਾਰਨ ਸਾਰੇ ਜੀਵਾਂ ਵਿਚ ਹਾਹਾਕਾਰ ਮੱਚ ਗਈ। ਵਾਯੂ ਦੇਵ ਨੂੰ ਸ਼ਾਂਤ ਕਰਨ ਲਈ, ਅੰਤ ਵਿੱਚ ਇੰਦਰ ਨੇ ਉਸ ਦੁਆਰਾ ਕੀਤੀ ਵਜਰ ਦਾ ਪ੍ਰਭਾਵ ਵਾਪਸ ਲੈ ਲਿਆ। ਇਸ ਦੇ ਨਾਲ ਹੀ ਹੋਰ ਦੇਵਤਿਆਂ ਨੇ ਵੀ ਬਾਲ ਹਨੂੰਮਾਨ ਨੂੰ ਕਈ ਵਰਦਾਨ ਦਿੱਤੇ। ਹਾਲਾਂਕਿ, ਵਜਰ ਦੇ ਪ੍ਰਭਾਵ ਨੇ ਸ੍ਰੀ ਹਨੂੰਮਾਨ ਦੀ ਠੋਡੀ 'ਤੇ ਇੱਕ ਅਮਿੱਟ ਨਿਸ਼ਾਨ ਛੱਡ ਦਿੱਤਾ।

ਇਸ ਮੌਕੇ ਸ਼੍ਰੀ ਪਵਨ ਕੁਮਾਰ ਗੁਪਤਾ ਜੀ ਸ੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਸਰਪ੍ਰਸਤ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਤਿਕਾਰਯੋਗ ਪਿਤਾ ਸ਼੍ਰੀ ਹੀਰਾਲਾਲ ਗੁਪਤਾ ਜੀ ਦਾ ਕੁਝ ਦਿਨ ਬੀਮਾਰ ਰਹਿਣ ਤੋਂ ਬਾਅਦ ਇਲਾਜ ਦੌਰਾਨ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਸੀ ਇਸ ਮੌਕੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ ਅਤੇ ਇਸ ਮੌਕੇ ਧਰਮ ਪ੍ਰਚਾਰਕ ਪੰਡਿਤ ਬਦਰੀ ਪ੍ਰਸਾਦ ਜੀ ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਕੱਤਰ ਸ਼੍ਰੀ ਚੰਦ ਸ਼ਰਮਾ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਨਮਿੱਤ ਸ਼੍ਰੀ ਗਰੁੜ ਪੁਰਾਨ ਜੀ ਦੇ ਭੋਗ 29 ਅਗਸਤ 2024 ਦਿਨ ਵੀਰਵਾਰ ਨੂੰ ਦੁਪਹਿਰ 1:00 ਤੋਂ 2:00 ਵਜੇ ਤੱਕ ਦਿ ਪੰਜਾਬ ਕਲਾਸਿਕ ਪਲੇਸ ਪਟਿਆਲਾ ਵਿਖੇ ਪਾਏ ਜਾਣਗੇ। ਸ਼੍ਰੀ ਜਗਦੀਸ਼ ਰਾਇਕਾ ਜੀ ਪੰਜਾਬ ਚੇਅਰਮੈਨ, ਸੂਬਾ ਜਨਰਲ ਸਕੱਤਰ ਸਨਾਤਨ ਧਰਮ ਪ੍ਰਚਾਰਕ ਜੋਤਸ਼ੀ ਸ਼੍ਰੀ ਬਦਰੀ ਪ੍ਰਸਾਦ ਸ਼ਾਸਤਰੀ ਸ਼੍ਰੀ ਚੰਦ ਸ਼ਰਮਾ ਜਿਲਾ ਖਜਾਨਚੀ ਪਟਿਆਲਾ, ਸ਼੍ਰੀਮਤੀ ਨੀਲਮ ਸ਼ਰਮਾ ਜੀ. ਵੀਰਤਾ ਸ਼ਰਮਾ ਸ਼੍ਰੀ ਰਮੇਸ਼ ਕੰਬੋਜ ਸ਼੍ਰੀ ਹੇਮਰਾਜ ਗੋਇਲ ਅਤੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਮੂਹ ਮੈਂਬਰਾਂ ਸਮੇਤ ਸਮੂਹ ਪ੍ਰਮੁੱਖ ਸੇਵਾਦਾਰ ਹਾਜ਼ਰ ਸਨ।

# ਪਿੰਡ ਦੇ ਵਿਅਕਤੀ ਵੱਲੋਂ ਪੰਚਾਇਤੀ ਝੋਟੇ ਨੂੰ ਮਾਰ ਕੇ ਜ਼ਮੀਨ ਵਿੱਚ ਦੱਬਿਆ ਪਿੰਡ ਵਾਲਿਆਂ ਨੇ ਕੀਤਾ ਵਿਰੋਧ



ਸਨੌਰ, 24 ਅਗਸਤ
ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਦੇ ਪਿੰਡ ਸੇਖੋਪੁਰਾ ਵਿਖੇ ਇੱਕ ਅਨੋਖਾ ਹੀ ਮਾਮਲਾ ਸਾਹਮਣੇ ਆਇਆ ਜਿੱਥੇ ਪਿੰਡ ਦੀ ਪੰਚਾਇਤ ਵੱਲੋਂ ਛੱਡਿਆ ਗਿਆ ਇੱਕ ਝੋਟਾ ਜਿਹੜਾ ਕਿ ਪਿਛਲੇ ਕਈ ਸਾਲਾਂ ਤੋਂ ਪਿੰਡ ਵਿੱਚ ਘੁੰਮ ਰਿਹਾ ਸੀ ਉਸ ਨੂੰ ਪਿੰਡ ਦੇ ਹੀ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਬਿਜਲੀ ਦਾ ਕਰੰਟ ਲਗਾ ਕੇ ਮਾਰ ਦਿੱਤਾ ਗਿਆ। ਜਦੋਂ ਇਸ ਸਬੰਧੀ ਪਿੰਡ ਦੇ ਲੋਕਾਂ ਨੂੰ ਜਾਣਕਾਰੀ ਮਿਲੀ ਤਾਂ ਉਹਨਾਂ ਨੇ ਇਸ ਦੀ ਸ਼ਿਕਾਇਤ ਜੁਲਕਾਂ ਥਾਣੇ ਵਿੱਚ ਦਰਜ ਕਰਵਾਈ ਜਿਸ ਤੋਂ ਬਾਅਦ ਪੁਲਿਸ ਵੱਲੋਂ ਕਾਰਵਾਈ ਕਰਦੇ ਹੋਏ ਪੁੱਛ ਪੜਤਾਲ ਕੀਤੀ ਗਈ ਅਤੇ ਪਿੰਡ ਦੇ ਵਿਅਕਤੀ ਵੱਲੋਂ ਆਪਣੇ ਉੱਪਰ ਲੱਗੇ ਇਲਜ਼ਾਮਾਂ ਨੂੰ ਨਕਾਰਿਆ ਗਿਆ।

ਉਹਨਾਂ ਨੇ ਕਿਹਾ ਕਿ ਮੇਰੇ ਵੱਲੋਂ ਕੁਝ ਨਹੀਂ ਕੀਤਾ ਗਿਆ ਪਰ ਜਾਣਕਾਰੀ ਅਨੁਸਾਰ ਪਿੰਡ ਦੇ ਹੀ ਰਹਿਣ ਵਾਲੇ ਵਿਅਕਤੀ ਵੱਲੋਂ ਕਰੰਟ ਲਗਾ ਕੇ ਝੋਟੇ ਨੂੰ ਮਾਰ ਦਿੱਤਾ ਦੱਸਿਆ ਜਾ ਰਿਹਾ ਹੈ ਕਿ ਫਸਲਾਂ ਨੂੰ ਖਰਾਬ ਕਰ ਰਿਹਾ ਸੀ ਜਿਸ ਦੇ ਕਾਰਨ ਇਹ ਕਦਮ ਚੁੱਕਣਾ ਪਿਆ ਅਤੇ ਪਿੰਡ ਦੇ ਡੇਰੇ ਦੇ ਨਜ਼ਦੀਕ ਜਾ ਰਹੀ ਇੱਕ ਸੂਏ ਦੇ ਵਿੱਚ ਝੋਟੇ ਨੂੰ ਦੱਬ ਦਿੱਤਾ ਗਿਆ।

ਪਿੰਡ ਦੇ ਲੰਬੜਦਾਰ ਅਤੇ ਸਰਪੰਚ ਵੱਲੋਂ ਮਾਮਲਾ ਚੁੱਕਿਆ ਗਿਆ ਤੇ ਪਿੰਡ ਨਿਵਾਸੀਆਂ ਵੱਲੋਂ ਇਸ ਦੀ ਸ਼ਿਕਾਇਤ ਪੁਲਿਸ ਥਾਣਾ ਜੁਲਕਾਂ ਵਿੱਚ ਕੀਤੀ ਉਨਾਂ ਨੇ ਕਿਹਾ ਕਿ ਜਿਸ ਵਿਅਕਤੀ ਵੱਲੋਂ ਵੀ ਇਹ ਕੰਮ ਕੀਤਾ ਗਿਆ ਹੈ ਬੜਾ ਗਲਤ ਕੰਮ ਹੋਇਆ ਹੈ ਅਤੇ ਉਸ ਵਿਅਕਤੀ ਦੇ ਖਿਲਾਫ ਪੁਲਿਸ ਵੱਲੋਂ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ ਜਦੋਂ ਇਸ ਸਬੰਧੀ ਜੁਲਗਾ ਥਾਣਾ ਦੇ ਏਐਸਆਈ ਸਿਕੰਦਰਪਾਲ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਉਹਨਾਂ ਕੋਲ ਮਾਮਲਾ ਆ ਚੁੱਕਾ ਹੈ ਅਤੇ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਜਿਹੜਾ ਵੀ ਵਿਅਕਤੀ ਇਸ ਦੇ ਵਿੱਚ ਦੋਸ਼ੀ ਹੋਵੇਗਾ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਤੇ ਪਿੰਡ ਦੀ ਪੰਚਾਇਤ ਅਤੇ ਪਿੰਡ ਨਿਵਾਸੀ ਹਾਜ਼ਰ ਸਨ। ਉਹਨਾਂ ਨੇ ਕਿਹਾ ਕਿ ਪਿੰਡ ਦੀ ਪੰਚਾਇਤ ਵੱਲੋਂ ਛੱਡੇ ਝੋਟੇ ਨੂੰ ਮਾਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

# ਡੀਏਵੀ ਸਕੂਲ ਬਠਿੰਡਾ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਨਾਲ ਮਨਾਇਆ ਰੱਖੜੀ ਦਾ ਤਿਉਹਾਰ



ਗੋਨੇਆਣਾ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸੰਸਥਾ ਆਰਬੀਡੀਏਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ ਅਨੁਰਾਧਾ ਭਾਟੀਆ ਦੀ ਯੋਗ ਅਗਵਾਈ ਹੇਠ ਸਕੂਲੀ ਵਿਦਿਆਰਥੀਆਂ ਨੇ ਰੱਖੜੀ ਦੇ ਸ਼ੁਭ ਅਵਸਰ ਤੇ ਪ੍ਰਿੰਸੀਪਲ ਡਾ ਅਨੁਰਾਧਾ ਭਾਟੀਆ ਦੇ ਨਾਲ ਰਾਸ਼ਟਰਪਤੀ ਭਵਨ ਵਿੱਚ ਜਾ ਕੇ ਦੇਸ਼ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਰੱਖੜੀ ਦਾ ਤਿਉਹਾਰ ਮਨਾਇਆ ਇਸ ਮੌਕੇ ਕੋਆਰਡੀਨੇਟਰ ਗੁਰਪ੍ਰੀਤ ਕੌਰ, ਵਿਦਿਆਰਥੀ ਹਸਮਿਤਾ ਭਾਟੀਆ, ਮੰਨਤ ਪਮਾਰ, ਇਨਸ਼ੀਕਾ ਸਿੰਘ ਅਤੇ ਪ੍ਰਿੰਸੀ ਨੇ ਰਾਸ਼ਟਰਪਤੀ ਭਵਨ ਜਾਕੇ ਭਾਰਤ ਦੇਸ਼ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਰੱਖੜੀ ਬੰਨੀ ਅਤੇ ਖੁਸ਼ੀ ਦੇ ਕੁਝ ਪਲ ਉਹਨਾਂ ਨਾਲ ਸਾਂਝੇ ਕੀਤੇ।

ਪ੍ਰਿੰਸੀਪਲ ਡਾ ਅਨੁਰਾਧਾ ਭਾਟੀਆ ਨੇ ਕਿਹਾ ਕਿ ਇਹ ਬਹੁਤ ਹੀ ਵੱਡੇ ਅਤੇ ਖੁਸ਼ੀ ਵਾਲੇ ਪਲ ਸਨ ਜੋ ਸਾਡੇ ਸਕੂਲ ਦੇ ਵਿਦਿਆਰਥੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਭਵਨ ਵਿੱਚ ਜਾਕੇ ਰਾਸ਼ਟਰਪਤੀ ਨਾਲ ਮਿਲਕੇ ਰੱਖੜੀ ਦਾ ਤਿਓਹਾਰ ਮਨਾਉਣ ਦਾ ਮੌਕਾ ਮਿਲਿਆ ਨਾਲ ਹੀ ਉਹਨਾਂ ਕਿਹਾ ਕਿ ਇਸ ਨਾਲ ਸਾਡੇ ਸਕੂਲੀ ਵਿਦਿਆਰਥੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਨਾਲ ਮਿਲਣ ਦੀ ਇਸ ਪੂਰੀ ਪ੍ਰਕਿਰਿਆ ਬਾਰੇ ਪਤਾ ਚੱਲਿਆ ਅਤੇ ਨਾਲ ਹੀ ਵਿਦਿਆਰਥੀਆਂ ਨੇ ਮਾਣ ਵੀ ਮਹਿਸੂਸ ਕੀਤਾ ਕਿ ਉਹਨਾ ਨੇ ਰੱਖੜੀ ਦਾ ਤਿਓਹਾਰ ਰਾਸ਼ਟਰਪਤੀ ਭਵਨ ਵਿੱਚ ਮਨਾਇਆ ਹੈ ਨਾਲ ਹੀ ਪ੍ਰਿੰਸੀਪਲ ਡਾ ਅਨੁਰਾਧਾ ਭਾਟੀਆ ਨੇ ਦੇਸ਼ ਦੇ ਰਾਸ਼ਟਰਪਤੀ ਦਾ ਦਿੱਤੇ ਗਏ ਸਮੇਂ ਲਈ ਧੰਨਵਾਦ ਕੀਤਾ ਅਤੇ ਉਮੀਦ ਕੀਤੀ ਕਿ ਅਜਿਹੇ ਮੌਕੇ ਫਿਰ ਮਿਲਦੇ ਰਹਿਣਗੇ।

# ਐਨ.ਆਰ.ਆਈਜ ਦੇ ਦਸਤਾਵੇਜ਼ ਕਾਊਂਟਰ ਸਾਈਨਾਂ ਦੇ ਕੰਮ ਨੂੰ ਆਨਲਾਈਨ ਕਰਨ ਲਈ ਈ-ਸਨਦ ਪੋਰਟਲ ਲਾਗੂ

ਪਟਿਆਲਾ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ, ਜਿਨ੍ਹਾਂ ਨੇ ਭਾਰਤ ਵਿੱਚ ਦਸਤਾਵੇਜ਼ ਜਾਰੀ ਕਰਨ ਵਾਲੀਆਂ ਅਥਾਰਟੀਆਂ ਤੋਂ ਦਸਤਾਵੇਜ਼ ਪ੍ਰਾਪਤ ਕਰਨੇ ਹਨ, ਲਈ ਕੰਟੈਕਟਲੈੱਸ ਅਤੇ ਕਾਗਜ਼ ਰਹਿਤ ਦਸਤਾਵੇਜ਼ ਵੈਰੀਫਿਕੇਸ਼ਨ/ਤਸਦੀਕ/ਅਪੋਸਟਾਈਲ (ਕਾਨੂੰਨੀ ਮਾਨਤਾ) ਸੇਵਾ ਲਈ ਇੱਕ ਕੇਂਦਰੀ ਪਲੇਟਫਾਰਮ (ਈ ਸਨਦ ਪੋਰਟਲ) ਪ੍ਰਦਾਨ ਕੀਤਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਸਹਾਇਕ ਕਮਿਸ਼ਨਰ (ਜ) ਮਨਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਪ੍ਰਵਾਸੀ ਭਾਰਤੀ ਮਾਮਲੇ ਵਿਭਾਗ (ਐਨ.ਆਰ.ਆਈ ਸੈਲ) ਵੱਲੋਂ ਕਾਊਂਟਰ ਸਾਈਨਾਂ ਦੇ ਕੰਮ ਲਈ ਈ ਸਨਦ ਪੋਰਟਲ ਲਾਗੂ ਕੀਤਾ ਗਿਆ ਹੈ। ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੁਣ ਆਨਲਾਈਨ ਪੋਰਟਲ https://esanad.nic.in ਦੀ ਵਰਤੋਂ ਕਰਨ।

ਸਹਾਇਕ ਕਮਿਸ਼ਨਰ ਮਨਜੀਤ ਕੌਰ ਅਤੇ ਜ਼ਿਲ੍ਹਾ ਸੂਚਨਾ ਅਧਿਕਾਰੀ ਸੰਜੀਵ ਕੁਮਾਰ ਸ਼ਰਮਾ ਨੇ ਦੱਸਿਆ ਕਿ ਈ ਸਨਦ ਪ੍ਰੋਜੈਕਟ ਦਾ ਉਦੇਸ਼ ਭਾਰਤੀ ਨਾਗਰਿਕਾਂ, ਪ੍ਰਵਾਸੀ ਭਾਰਤੀਆਂ, ਜਿਨ੍ਹਾਂ ਨੇ ਭਾਰਤ ਵਿੱਚ ਦਸਤਾਵੇਜ਼ ਜਾਰੀ ਕਰਨ ਵਾਲੀਆਂ ਅਥਾਰਟੀਆਂ ਤੋਂ ਦਸਤਾਵੇਜ਼ ਪ੍ਰਾਪਤ ਕਰਨੇ ਹਨ, ਲਈ ਕੰਟੈਕਟਲੈੱਸ ਅਤੇ ਕਾਗਜ਼ ਰਹਿਤ ਦਸਤਾਵੇਜ਼ ਵੈਰੀਫਿਕੇਸ਼ਨ/ਤਸਦੀਕ/ਅਪੋਸਟਾਈਲ (ਕਾਨੂੰਨੀ ਮਾਨਤਾ) ਸੇਵਾ ਲਈ ਇੱਕ ਕੇਂਦਰੀ ਪਲੇਟਫਾਰਮ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਵਿੱਚ ਨਿੱਜੀ, ਵਿਦਿਅਕ ਅਤੇ ਵਪਾਰਕ ਹਰ ਕਿਸਮ ਦੇ ਦਸਤਾਵੇਜ਼ ਸ਼ਾਮਲ ਹਨ ਅਤੇ ਇਸ ਪ੍ਰੋਜੈਕਟ ਨੂੰ ਪੜਾਅਵਾਰ ਲਾਗੂ ਕੀਤਾ ਜਾ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਈ-ਸਨਦ ਪੋਰਟਲ ਦੀ ਵਰਤੋਂ ਤਹਿਤ ਬਿਨੈਕਾਰ ਆਪਣੇ ਆਪ ਨੂੰ ਈ-ਸਨਦ ਪੋਰਟਲ URL-https://esanad.nic.in 'ਤੇ ਰਜਿਸਟਰ ਕਰੇਗਾ ਅਤੇ ਲੌਗਇਨ ਕਰੇਗਾ, ਉਪਰੰਤ ਗੈਰ-ਪ੍ਰੀ-ਪ੍ਰਮਾਣਿਤ ਦਸਤਾਵੇਜ਼ਾਂ ਦੀ ਆਪਸ਼ਨ ਚੁਣੇਗਾ, ਦਸਤਾਵੇਜ਼ ਦੀ ਕਿਸਮ ਨੂੰ ਨਿੱਜੀ ਅਤੇ ਜਾਰੀ ਕਰਨ ਵਾਲੀ ਅਥਾਰਟੀ ਰਾਜ ਨੂੰ ਪੰਜਾਬ ਵਜੋਂ ਚੁਣੇਗਾ। ਉਪਰੰਤ ਡਿਪਟੀ ਕਮਿਸ਼ਨਰ ਦਫ਼ਤਰ ਦੀ ਚੋਣ ਕੀਤੀ ਜਾਵੇ, ਜਿਸ ਦੇ ਅਧੀਨ ਉਸ ਦੀ ਰਿਹਾਇਸ਼ ਆਉਂਦੀ ਹੈ, ਉਸ ਤੋਂ ਬਾਅਦ ਲੋੜੀਂਦੇ ਵੇਰਵੇ ਭਰੇ ਜਾਣ ਅਤੇ ਦਸਤਾਵੇਜ਼ ਅਪਲੋਡ ਕੀਤੇ ਜਾਣ, ਫਿਰ ਤਸਦੀਕ/ਅਪੋਸਟਿਲ ਲਈ ਔਨਲਾਈਨ ਭੁਗਤਾਨ ਲਈ ਅੱਗੇ ਵਧੋ, ਈ-ਸਨਦ ਪੋਰਟਲ ਸਫਲ ਭੁਗਤਾਨ ਤੋਂ ਬਾਅਦ ਇਸਦੀ ਪ੍ਰਾਪਤੀ ਰਸੀਦ ਤਿਆਰ ਕਰੇਗਾ।

ਮਨਜੀਤ ਕੌਰ ਨੇ ਕਿਹਾ ਕਿ ਅਰਜ਼ੀ ਦੀ ਸਥਿਤੀ ਦੀ ਜਾਂਚ ਕਰਨ ਲਈ, https://esanad.nic.in/checkStatus 'ਤੇ ਜਾਣਾ ਪਵੇਗਾ। ਈ-ਸਨਦ ਦੇ ਫਾਇਦੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਫੇਸਲੈੱਸ, ਨਕਦੀ ਰਹਿਤ ਅਤੇ ਕਾਗਜ਼ ਰਹਿਤ ਸੇਵਾ ਹੈ, ਜੋ ਕਿ ਭਾਗੀਦਾਰਾਂ ਨੂੰ ਦਸਤਾਵੇਜ਼ਾਂ ਦੀ ਇਲੈਕਟ੍ਰਾਨਿਕ ਗਤੀਵਿਧੀ ਦੀ ਸਹੂਲਤ ਪ੍ਰਦਾਨ ਕਰਕੇ ਪੁਰਾਣੀ ਪ੍ਰਕਿਰਿਆ ਦੇ ਮੁਕਾਬਲੇ ਸਮੇਂ ਦੀ ਬਚਤ ਵੀ ਕਰਦੀ ਹੈ।

# ਈਟੀਟੀ 2364 ਬੇਰੁਜ਼ਗਾਰ ਅਧਿਆਪਕ ਸਾਥੀਆਂ ਦਾ ਧਰਨਾ ਦੂਸਰੇ ਦਿਨ ਵੀ ਜਾਰੀ



ਬਠਿੰਡਾ 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਈਟੀਟੀ 2364 ਬੇਰੁਜ਼ਗਾਰ ਅਧਿਆਪਕ ਯੂਨੀਅਨ ਵੱਲੋਂ ਨਿਯੁਕਤੀ ਪੱਤਰਾਂ ਦੀ ਮੰਗ ਨੂੰ ਲੈ ਕੇ ਡੀ. ਪੀ. ਆਈ. ਦਫਤਰ ਮੋਹਾਲੀ ਵਿਖੇ ਚੱਲ ਰਿਹਾ ਧਰਨਾ ਪ ?ਦਰਸ਼ਨ ਦੂਸਰੇ ਦਿਨ ਵੀ ਜਾਰੀ ਰਿਹਾ ਪੱਤਰਕਾਰਾਂ ਨਾਲ ਗੱਲ ਬਾਤ ਕਰਦਿਆਂ ਯੂਨੀਅਨ ਆਗੂਆਂ ਨੇ ਦੱਸਿਆ ਕਿ ਅੱਜ ਭਰਤੀ ਨਾਲ ਸੰਬੰਧਿਤ ਅਧਿਕਾਰੀਆਂ ਨਾਲ ਰਾਬਤਾ ਕਾਇਮ ਕੀਤਾ ਗਿਆ ਜਿਸ ਵਿੱਚ ਉਹਨਾਂ ਨੇ ਕਿਹਾ ਕਿ ਅਸੀਂ ਜਲਦੀ ਤੁਹਾਡਾ ਪੁਖਤਾ ਹੱਲ ਕਰ ਰਹੇ ਹਾਂ ਤੇ ਨਾਲ ਹੀ ਉਹਨਾਂ ਨੇ 23/08/2024 ਦਿਨ ਸ਼ੁੱਕਰਵਾਰ ਦੀ ਮੀਟਿੰਗ ਦਾ ਵੀ ਵਾਅਦਾ ਕੀਤਾ।

ਇਸ ਤੋਂ ਬਾਅਦ ਯੂਨੀਅਨ ਆਗੂਆਂ ਨੇ ਦੱਸਿਆ ਕਿ ਹੋਰ ਭਰਾਤਰੀ ਜੱਥੇਬੰਦੀਆਂ ਵੱਲੋਂ ਵੀ ਈਟੀਟੀ 2364 ਬੇਰੁਜ਼ਗਾਰ ਅਧਿਆਪਕ ਸਾਥੀਆਂ ਦੀ ਹਮਾਇਤ ਕੀਤੀ ਗਈ ਜਿਸ ਵਿੱਚ ਬਲਜੀਤ ਸਿੰਘ ਜੀ ਸਲਾਣਾ ਪ੍ਰਧਾਨ ਐੱਸ .ਸੀ .ਬੀ.ਸੀ . ਅਧਿਆਪਕ ਯੂਨੀਅਨ ਪੰਜਾਬ, ਕਿ ?ਸ਼ਨ ਸਿੰਘ ਦੁੱਗਾਂ ਜਰਨਲ ਸਕੱਤਰ ਐੱਸਸੀ ਬੀਸੀ ਅਧਿਆਪਕ ਯੂਨੀਅਨ ਪੰਜਾਬ, ਵਿਕਰਮਦੇਵ ਸਿੰਘ ਜੀ ਪ੍ਰਧਾਨ ਡੀ.ਟੀ.ਐਫ. ਪੰਜਾਬ, ਮੀਤ ਪ੍ਰਧਾਨ ਗੁਰਪਿਆਰ ਸਿੰਘ ਜੀ, ਅਮਰੀਕ ਸਿੰਘ ਜਿਲ੍ਹਾ ਸਕੱਤਰ ਮੋਹਾਲੀ, ਜਗਪਾਲ ਸਿੰਘ ਜਿਲ੍ਹਾ ਸਕੱਤਰ ਬਠਿੰਡਾ, ਬੂਟਾ ਸਿੰਘ ਜਿਲ੍ਹਾ ਪ੍ਰਧਾਨ ਮੈਰੀਟੋਰੀਅਸ ਟੀਚਰਜ਼ ਯੂਨੀਅਨ ਪੰਜਾਬ, ਬਾਜ ਸਿੰਘ ਪ ?ਧਾਨ ਅਧਿਆਪਕ ਦਲ ਪੰਜਾਬ, ਜਹਾਂਗੀਰ ਕਨਵੀਨਰ ਸਾਂਝਾ ਅਧਿਆਪਕ ਮੋਰਚਾ, ਪੰਜਾਬ ਮੁਲਾਜ਼ਮ ਪੈਨਸ਼ਨਰ ਫਰੰਟ ਪੰਜਾਬ ਤੇ ਮੁਲਾਜ਼ਮ ਫਰੰਟ ਪੰਜਾਬ ਜੀ ਵੱਲੋਂ ਈਟੀਟੀ 2364 ਬੇਰੁਜ਼ਗਾਰ ਅਧਿਆਪਕ ਸਾਥੀਆਂ ਦੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਤੇ ਕਿਹਾ ਕਿ ਜੇਕਰ ਸਰਕਾਰ ਜਲਦੀ ਤੁਹਾਡਾ ਪੁਖਤਾ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਪੱਧਰ ਦੇ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਜਦੋਂ ਤੱਕ ਸਾਡਾ ਹੱਲ ਨਹੀਂ ਕਰਦੀ ਉਦੋਂ ਤੱਕ ਇਹ ਧਰਨਾ ਪ੍ਰਦਰਸ਼ਨ ਜਾਰੀ ਰਹੇਗਾ ਇਸ ਮੌਕੇ ਯੂਨੀਅਨ ਆਗੂ ਮਨਪ੍ਰੀਤ ਮਾਨਸਾ, ਹਰਜੀਤ ਬੁਡਲਾਡਾ, ਗੁਰਸੇਵ ਸੰਗਰੂਰ, ਗੁਰਸੰਗਤ ਬੁਢਲਾਡਾ, ਗੁਰਜੀਵਨ ਮਾਨਸਾ, ਜਸਵਿੰਦਰ ਮਾਛੀਵਾੜਾ, ਵਰਿੰਦਰ ਸਰਹੰਦ, ਅੰਮ੍ਰਿਤਪਾਲ ਮੀਮਸਾ, ਪ੍ਰਿਥਵੀ ਅਬੋਹਰ,ਰਾਜਿੰਦਰ ਧੂਰੀ, ਕੁਲਦੀਪ ਅਬੋਹਰ, ਰਣਜੀਤ ਸੰਗਰੂਰ, ਸੁਖਜਿੰਦਰ ਜਲਾਲਾਬਾਦ, ਤਰਸੇਮ ਸੰਗਰੂਰ, ਓਮਪ੍ਰਕਾਸ਼ ਫਿਰੋਜ਼ਪੁਰ, ਜਗਪਾਲ ਡੱਬਵਾਲੀ, ਸੁਖਚੈਨ ਬੋਹਾ, ਸੁਖਜਿੰਦਰ ਸੰਗਰੂਰ, ਰਾਜਵਿੰਦਰ ਜਲਾਲਾਬਾਦ, ਕਿਰਨਦੀਪ ਨਾਭਾ, ਸ਼ੀਤਲ ਫਾਜ਼ਿਲਕਾ ਪੂਜਾ ਫਾਜ਼ਿਲਕਾ ਆਦਿ ਹਾਜ਼ਿਰ ਸਨ।

# ਸੈਮਸੰਗ ਤਿਉਹਾਰੀ ਸੀਜ਼ਨ ਤੋਂ ਪਹਿਲਾਂ ਭਾਰਤ ਵਿੱਚ 10 AI ਵਾਸ਼ਿੰਗ ਮਸ਼ੀਨਾਂ ਲਾਂਚ ਕਰੇਗਾ

ਚੰਡੀਗੜ੍ਹ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੋਨਿਕਸ ਬ੍ਰਾਂਡ ਨੇ ਅੱਜ ਇਸ ਸਾਲ ਤਿਉਹਾਰੀ ਸੀਜ਼ਨ ਤੋਂ ਪਹਿਲਾਂ 10 ਵਾਸ਼ਿੰਗ ਮਸ਼ੀਨਾਂ ਨੂੰ ਲਾਂਚ ਕਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਹੈ। ਕੰਪਨੀ ਨੇ ਹਾਲ ਹੀ ਵਿੱਚ ਆਪਣੀ ਆਉਣ ਵਾਲੀ ਫਰੰਟ-ਲੋਡ 19-ਪਾਵਰ ਵਾਸ਼ਿੰਗ ਮਸ਼ੀਨ ਦਾ ਟੀਜ਼ਰ ਜਾਰੀ ਕੀਤਾ ਹੈ ਜੋ ਇਸ ਮਹੀਨੇ ਦੇ ਅੰਤ ਤੱਕ ਲਾਂਚ ਹੋਣ ਵਾਲੀ ਹੈ। ਨਵੀਂ 19-ਸੰਚਾਲਿਤ ਵਾਸ਼ਿੰਗ ਮਸ਼ੀਨਾਂ ਭਾਰਤੀ ਖਪਤਕਾਰਾਂ ਲਈ ਘਰੇਲੂ ਉਪਕਰਨਾਂ ਦੀ ਪ੍ਰੀਮੀਅਮ ਬੇਸਪੋਕ 19 ਰੇਂਜ ਦਾ ਹਿੱਸਾ ਹਨ, ਜੋ ਕਿ ਸਮਾਰਟ ਹੋਮ ਅਨੁਭਵ ਵਿੱਚ ਕ੍ਰਾਂਤੀ ਲਿਆਉਣ ਲਈ ਤਿਆਰ, ਬੁੱਧੀਮਾਨ ਅਤੇ ਅਨੁਭਵੀ ਹੱਲਾਂ ਦੇ ਨਾਲ ਬਿਹਤਰ ਕਨੈਕਟੀਵਿਟੀ ਅਤੇ ਵਿਅਕਤੀਗਤ ਅਨੁਭਵ ਦੀ ਪੇਸ਼ਕਸ਼ ਕਰਦੀਆਂ ਹਨ।

ਸੈਮਸੰਗ ਇੰਡੀਆ ਨੇ ਇੱਕ ਬਿਆਨ ਵਿੱਚ ਕਿਹਾ, ÷ਇਸ ਸਾਲ ਤਿਉਹਾਰਾਂ ਦੇ ਸੀਜ਼ਨ ਤੋਂ ਪਹਿਲਾਂ, ਸੈਮਸੰਗ ਭਾਰਤ ਵਿੱਚ ਬਣੀਆਂ 19-ਪਾਵਰਡ ਵਾਸ਼ਿੰਗ ਮਸ਼ੀਨਾਂ ਦੀ ਇੱਕ ਦਿਲਚਸਪ ਲਾਈਨ-ਅੱਪ ਲਾਂਚ ਕਰੇਗੀ। ਨਵੀਂ ਲਾਈਨ-ਅੱਪ ਵਿੱਚ 10 ਮਾਡਲ ਹੋਣਗੇ ਜੋ ਹਰ ਕਦਮ 'ਤੇ ਮਦਦ ਕਰਦੇ ਹਨ। ਧੋਣ ਦੀ ਪ੍ਰਕਿਰਿਆ।÷ ÷ਇਹ ਸੀਰੀਜ਼ ਲਾਂਡਰੀ ਮਾਰਕੀਟ ਵਿੱਚ ਇੱਕ ਗੇਮ ਚੇਂਜਰ ਹੋਣ ਦੀ ਉਮੀਦ ਹੈ, ਅਤੇ ਸੈਮਸੰਗ ਇੰਡੀਆ ਦੇ ਵਾਸ਼ਿੰਗ ਮਸ਼ੀਨਾਂ ਦੇ ਸਮੁੱਚੇ ਪੋਰਟਫੋਲੀਓ ਨੂੰ ਵੀ ਮਹੱਤਵਪੂਰਨ ਤੌਰ 'ਤੇ ਵਧਾਏਗੀ।

# ਪੰਜਾਬ ਸਰਕਾਰ ਐਚ.ਆਈ.ਵੀ. ਪੀੜਤਾਂ ਲਈ ਮੁਫ਼ਤ ਸਫ਼ਰ ਸਹੂਲਤ ਤੇ 1500 ਰੁਪਏ ਵਿੱਤੀ ਸਹਾਇਤਾ ਦੇਣ ਬਾਰੇ ਕਰ ਰਹੀ ਹੈ ਵਿਚਾਰ : ਡਾ. ਬਲਬੀਰ ਸਿੰਘ

ਚੰਡੀਗੜ੍ਹ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-




ਸੂਬੇ ਵਿੱਚ ਐਚ.ਆਈ.ਵੀ. ਤੋਂ ਸੰਕਰਮਿਤ ਅਤੇ ਪ੍ਰਭਾਵਿਤ ਬੱਚਿਆਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੀ ਯੋਜਨਾ ਉਲੀਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਐਚ.ਆਈ.ਵੀ. ਪੀੜਤਾਂ ਦੇ ਬੱਚਿਆਂ ਲਈ 1500 ਰੁਪਏ ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਸਬੰਧੀ ਪਹਿਲਕਦਮੀ ਸ਼ੁਰੂ ਕਰਨ ਬਾਰੇ ਵਿਚਾਰ ਕਰ ਰਹੀ ਹੈ। ਇਹ ਜਾਣਕਾਰੀ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਪ੍ਰਯਾਸ ਭਵਨ ਵਿਖੇ ਏਡਜ਼ ਬਾਰੇ ਸਟੇਟ ਕੌਂਸਲ ਦੀ ਪਹਿਲੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਟੇਟ ਕੌਂਸਲ ਨੇ ਸੰਕਰਮਿਤ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਇਲਾਜ ਸਹੂਲਤ -ਐਂਟੀ-ਰੇਟਰੋਵਾਇਰਲ ਥੈਰੇਪੀ ਸੈਂਟਰ - ਤੱਕ ਮਹੀਨੇ ਵਿੱਚ ਇੱਕ ਵਾਰ ਮੁਫਤ ਆਉਣ-ਜਾਣ ਦੀ ਸਹੂਲਤ ਦੇਣ ਸਬੰਧੀ ਪ੍ਰਸਤਾਵ ਵੀ ਪੇਸ਼ ਕੀਤਾ ਹੈ। ਉਹਨਾਂ ਨੇ ਐਚ.ਆਈ.ਵੀ. ਨਾਲ ਜੂਝ ਰਹੇ ਵਿਅਕਤੀਆਂ ਲਈ ਅਨੁਕੂਲਿਤ ਪ੍ਰੋਗਰਾਮ ਤਿਆਰ ਕਰਨ ਲਈ ਇੱਕ ਟਾਸਕ ਫੋਰਸ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ, ਜਿਸਦਾ ਉਦੇਸ਼ ਉਹਨਾਂ ਦੀ ਰੁਜ਼ਗਾਰ ਯੋਗਤਾ ਵਿੱਚ ਵਾਧਾ ਕਰਨਾ ਅਤੇ ਉਹਨਾਂ ਨੂੰ ਸਨਮਾਨਜਨਕ ਜੀਵਨ ਜਿਉਣ ਦੇ ਯੋਗ ਬਣਾਉਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਵੱਖ-ਵੱਖ ਸਮਾਜ ਭਲਾਈ ਸਕੀਮਾਂ ਲਈ ਐਂਟੀ-ਰੇਟਰੋਵਾਇਰਲ ਥੈਰੇਪੀ ਸੈਂਟਰ (ਏ.ਆਰ.ਟੀ. ਸੈਂਟਰ) ਦੇ ਮੈਡੀਕਲ ਅਫਸਰ ਵੱਲੋਂ ਤਸਦੀਕ ਕੀਤੇ ਗਏ ਦਸਤਾਵੇਜ਼ਾਂ ਨੂੰ ਸਵੀਕਾਰ ਕਰਨ ਲਈ ਸਹਿਮਤੀ ਵੀ ਦਿੱਤੀ ਗਈ ਹੈ।

# ਗਾਂਧੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀ ਇੱਕ ਵਿਦਿਆਰਥਣ ਨੇ ਖੇਡਾਂ ਦੇ ਖੇਤਰ ਵਿੱਚ ਸਕੂਲ ਅਤੇ ਜ਼ਿਲ੍ਹੇ ਦਾ ਨਾਮ ਕੀਤਾ ਰੌਸ਼ਨ

ਬਰਨਾਲਾ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਗਾਂਧੀ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੀ ਇੱਕ ਵਿਦਿਆਰਥਣ ਨੇ ਖੇਡਾਂ ਦੇ ਖੇਤਰ ਵਿੱਚ ਸਕੂਲ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਰਾਜਮਹਿੰਦਰ ਨੇ ਦੱਸਿਆ ਕਿ ਸਟੇਟ ਪੱਧਰ ਓਪਨ ਵੇਟ ਲਿਫਟਿੰਗ ਮੁਕਾਬਲੇ ਨਵਾਂ ਸ਼ਹਿਰ ਵਿਖੇ ਕਰਵਾਏ ਗਏ,ਇਹਨਾਂ ਖੇਡਾਂ ਵਿੱਚ ਸਕੂਲ ਦੀ ਵਿਦਿਆਰਥਣ ਬੇਅੰਤ ਕੌਰ ਨੇ 49 ਕਿਲੋ ਗ੍ਰਾਮ ਵਰਗ ਦੀ ਵੇਟ ਲਿਫਟਿੰਗ ਮੁਕਾਬਲੇ ਵਿੱਚ ਭਾਗ ਲਿਆ ਅਤੇ ਆਪਣੇ ਵਰਗ ਵਿੱਚ ਸਟੇਟ ਪੱਧਰ 'ਤੇ ਕਾਂਸੇ ਦਾ ਤਗਮਾ ਹਾਸਿਲ ਕੀਤਾ। ਵਿਦਿਆਰਥਣ ਬੇਅੰਤ ਕੌਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਜੀਵ ਸ਼ੋਰੀ,ਮੈਨੇਜਰ ਕੇਵਲ ਜਿੰਦਲ, ਸਕੱਤਰ ਭਾਰਤ ਮੋਦੀ ਅਤੇ ਹੋਰ ਕਮੇਟੀ ਮੈਂਬਰਾਂ ਨੇ ਇਸ ਪ੍ਰਾਪਤੀ ਲਈ ਵਿਦਿਆਰਥਣ ਬੇਅੰਤ ਕੌਰ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਬੱਚਿਆਂ ਨੂੰ ਖੇਡਾਂ ਵਿੱਚ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ। ਮੈਡਲ ਜਿੱਤਣ ਤੋਂ ਬਾਅਦ ਸਕੂਲ ਪਹੁੰਚਣ ਤੇ ਬੇਅੰਤ ਕੌਰ ਦਾ ਪ੍ਰਿੰਸੀਪਲ ਅਤੇ ਬਾਕੀ ਸਟਾਫ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਮੈਡਮ ਵੀਨਾ ਚੱਡਾ, ਸੁਮਨ ਲਤਾ ਜਿੰਦਲ, ਚਰਨਜੀਤ ਸ਼ਰਮਾ ਅਤੇ ਹੋਰ ਅਧਿਆਪਕ ਹਾਜ਼ਰ ਸਨ।

# ਸਰਕਾਰੀ ਹਸਪਤਾਲ ਵਾਲਿਆਂ ਨੇ ਗਰਭਵਤੀ ਮਹਿਲਾ ਨੂੰ ਕਿਹਾ ਕੋਈ ਡਾਕਟਰ ਨਹੀਂ ਲੁਧਿਆਣਾ ਦੇ ਹਸਪਤਾਲ ਵਿਚ ਚਲੇ ਜਾਓ

## ਪਤੀ ਨੇ ਬਾਜ਼ਾਰ ਵਿੱਚੋਂ ਭੀਖ ਮੰਗ ਕੇ ਕਰਵਾਇਆ ਆਪਣੀ ਗਰਭਵਤੀ ਪਤਨੀ ਦਾ ਇਲਾਜ

ਮਾਛੀਵਾੜਾ ਸਾਹਿਬ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਸਰਕਾਰੀ ਹਸਪਤਾਲ 'ਚ ਜਣੇਪੇ ਤੋਂ ਜਵਾਬ ਮਿਲਣ 'ਤੇ ਗਰਭਵਤੀ ਔਰਤ ਦੇ ਪਤੀ ਨੂੰ ਬਾਜ਼ਾਰ 'ਚੋਂ ਭੀਖ ਮੰਗ ਕੇ ਨਿੱਜੀ ਹਸਪਤਾਲ 'ਚੋਂ ਉਸ ਦਾ ਇਲਾਜ ਕਰਵਾਉਣਾ ਪਿਆ। ਮਾਛੀਵਾੜਾ ਸਾਹਿਬ ਵਿਖੇ ਝੁੱਗੀ ਬਣਾ ਕੇ ਰਹਿੰਦੇ ਅਭਿਸ਼ੇਕ ਨੇ ਦੱਸਿਆ ਕਿ ਉਹ ਆਪਣੀ ਪਤਨੀ ਪਾਇਲ ਵਾਸੀ ਬਲੀਬੇਗ ਨੂੰ ਜਣੇਪੇ ਦੀਆਂ ਦਰਦਾਂ ਛਿੜਨ 'ਤੇ ਇਲਾਜ ਲਈ ਮਾਛੀਵਾੜਾ ਸਾਹਿਬ ਦੇ ਸਰਕਾਰੀ ਹਸਪਤਾਲ ਲੈ ਗਿਆ। ਉੱਥੇ ਮੌਜੂਦ ਨਰਸਾਂ ਨੇ ਉਸ ਨੂੰ ਦਾਖ਼ਲ ਕਰ ਲਿਆ ਤੇ ਇਲਾਜ ਸ਼ੁਰੂ ਕਰ ਦਿੱਤਾ। ਕੁਝ ਸਮੇਂ ਬਾਅਦ ਜਦੋਂ ਉਸ ਨੂੰ ਦਰਦਾਂ ਜ਼ਿਆਦਾ ਸ਼ੁਰੂ ਹੋ ਗਈਆਂ ਤਾਂ ਡਿਊਟੀ 'ਤੇ ਤਾਇਨਾਤ ਨਰਸਾਂ ਨੇ ਜਵਾਬ ਦੇ ਦਿੱਤਾ ਕਿ ਇਸ ਸਮੇਂ ਹਸਪਤਾਲ 'ਚ ਕੋਈ ਡਾਕਟਰ ਨਹੀਂ ਹੈ, ਇਸ ਲਈ ਉਹ ਆਪਣੀ ਪਤਨੀ ਨੂੰ ਇਲਾਜ ਲਈ ਲੁਧਿਆਣਾ ਦੇ ਹਸਪਤਾਲ ਲੈ ਜਾਵੇ। ਅਭਿਸ਼ੇਕ ਨੇ ਦੱਸਿਆ ਕਿ ਉਹ ਬੜੀ ਮੁਸ਼ਕਲ ਨਾਲ ਆਪਣੀ ਪਤਨੀ ਨੂੰ ਸਰਕਾਰੀ ਹਸਪਤਾਲ ਤੋਂ ਸ਼ਹਿਰ ਦੇ ਇਕ ਨਿੱਜੀ ਹਸਪਤਾਲ 'ਚ ਲੈ ਕੇ ਗਿਆ, ਜਿੱਥੇ ਉਸ ਦਾ ਡਾਕਟਰਾਂ ਨੇ ਇਲਾਜ ਕੀਤਾ ਤੇ 15 ਹਜ਼ਾਰ ਰੁਪਏ ਦਾ ਖ਼ਰਚਾ ਦੱਸਿਆ।

ਅਭਿਸ਼ੇਕ ਨੇ ਦੱਸਿਆ ਕਿ ਉਹ ਬੇਹੱਦ ਗ਼ਰੀਬ ਹੈ ਅਤੇ ਮਜ਼ਦੂਰੀ ਕਰਦਾ ਹੈ, ਉਸ ਕੋਲ 15 ਹਜ਼ਾਰ ਰੁਪਏ ਨਹੀਂ ਸਨ। ਇਲਾਜ ਦੇ 15 ਹਜ਼ਾਰ ਰੁਪਏ ਇਕੱਠੇ ਕਰਨ ਲਈ ਉਸ ਨੇ ਬਾਜ਼ਾਰਾਂ 'ਚੋਂ ਡਾਕਟਰੀ ਦਵਾਈਆਂ ਦੀਆਂ ਪਰਚੀਆਂ ਤੇ ਬਿੱਲ ਦਿਖਾ ਕੇ ਭੀਖ ਮੰਗਣੀ ਸ਼ੁਰੂ ਕਰ ਦਿੱਤੀ ਤੇ ਕੁਝ ਪੈਸੇ ਇਕੱਠੇ ਕੀਤੇ। ਅਭਿਸ਼ੇਕ ਦਾ ਕਹਿਣਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਇਲਾਜ ਨਾ ਹੋਣ ਕਾਰਨ ਅੱਜ ਗ਼ਰੀਬ ਵਿਅਕਤੀ ਨੂੰ ਆਪਣੀ ਪਤਨੀ ਦੇ ਇਲਾਜ ਲਈ ਭੀਖ ਮੰਗਣ ਲਈ ਮਜਬੂਰ ਹੋਣਾ ਪਿਆ, ਜੇ ਉਸ ਦਾ ਸਰਕਾਰੀ ਹਸਪਤਾਲ 'ਚ ਇਲਾਜ ਹੋ ਜਾਂਦਾ ਤਾਂ ਅੱਜ ਉਸ ਨੂੰ ਭੀਖ ਨਾ ਮੰਗਣੀ ਪੈਂਦੀ।

**ਗਾਇਨਾਕੋਲੋਜਿਸਟ ਦੇ ਨੌਕਰੀ ਛੱਡਣ ਕਾਰਨ ਆ ਰਹੀ ਸਮੱਸਿਆ : ਐੱਸ.ਐੱਮ.ਓ.**

ਇਸ ਸਬੰਧੀ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਕਿਹਾ ਕਿ 14 ਅਗਸਤ ਨੂੰ ਪਾਇਲ ਨਾਂ ਦੀ ਗਰਭਵਤੀ ਔਰਤ ਹਸਪਤਾਲ 'ਚ ਇਲਾਜ ਲਈ ਦਾਖ਼ਲ ਹੋਈ ਸੀ ਅਤੇ ਰਿਕਾਰਡ ਮੁਤਾਬਕ ਉਸ ਦਾ ਬਲੱਡ ਪ੍ਰੈਸ਼ਰ ਹਾਈ ਸੀ। ਉਨ੍ਹਾਂ ਕਿਹਾ ਕਿ ਮਾਛੀਵਾੜਾ ਸਾਹਿਬ ਦੇ ਹਸਪਤਾਲ 'ਚ ਮੌਜੂਦ ਗਾਇਨਾਕੋਲੋਜਿਸਟ ਡਾਕਟਰ ਨੌਕਰੀ ਛੱਡ ਚੁੱਕੀ ਹੈ, ਜਿਸ ਕਾਰਨ ਪਿਛਲੇ 5-6 ਮਹੀਨਿਆਂ ਤੋਂ ਇਹ ਸਮੱਸਿਆ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਜਣੇਪੇ ਦਾ ਨਾਰਮਲ ਕੇਸ ਹੋਵੇ ਤਾਂ ਨਰਸਾਂ ਉਸ ਨੂੰ ਹੱਲ ਕਰ ਲੈਂਦੀਆਂ ਹਨ ਪਰ ਜੇ ਮਰੀਜ਼ ਦੀ ਹਾਲਤ ਠੀਕ ਨਾ ਹੋਵੇ ਤਾਂ ਉਸ ਨੂੰ ਲੁਧਿਆਣਾ ਦੇ ਸਰਕਾਰੀ ਹਸਪਤਾਲ ਲਈ ਰੈਫਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇੱਥੇ ਗਾਇਨਾਕੋਲੋਜਿਸਟ ਤਾਇਨਾਤ ਕਰਨ ਲਈ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਹੈ।

# ਆਪਣੀ ਡਿਊਟੀ , ਸੇਵਾ ਭਾਵਨਾ ਅਤੇ ਇਮਾਨਦਾਰੀ ਨਾਲ ਕਰਨ ਲਈ ਵਚਨਬੱਧ ਹਾਂ : ਡਾ ਅੰਸ਼ੁਮ ਅਹੂਜਾ

ਜ਼ੀਰਾ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-



ਮੈਂ ਆਪਣਾ ਡਾਕਟਰੀ ਪੇਸ਼ਾ , ਸੇਵਾ ਭਾਵਨਾ ਅਤੇ ਆਪਣੀ ਡਿਊਟੀ ਪੂਰੀ ਮਿਹਨਤ ਅਤੇ ਨਿਮਰਤਾ ਨਾਲ ਕਰਨ ਲਈ ਵਚਨਬੱਧ ਹਾਂ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਦੇ ਆਰਥੋ ਵਿਭਾਗ ਦੇ ਡਾ ਅੰਸ਼ੁਮ ਅਹੂਜਾ ਨੇ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਇਸ ਪੱਤਰਕਾਰ ਨਾਲ ਕੀਤਾ । ਬਚਪਨ ਸਮੇਂ ਤੋਂ ਸਮਾਜ ਸੇਵਾ ਦੀ ਚੇਟਕ ਆਪਣੇ ਦਿਲ ਵਿੱਚ ਰੱਖਣ ਵਾਲੇ ਡਾ ਅੰਸ਼ੁਮ ਅਹੂਜਾ ਨੇ ਅੱਗੇ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਹੋਣ ਦੇ ਬਾਵਜੂਦ ਵੀ ਆ ਰਹੇ ਮਰੀਜ਼ਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਰਹਿੰਦੇ ਹਨ । ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਦੇ ਸਾਰੇ ਹੀ ਡਾਕਟਰ ਸਾਹਿਬਾਨਾਂ ਅਤੇ ਉਹਨਾਂ ਦੇ ਮਾਂ ਬਾਪ ਵੱਲੋਂ ਦਿੱਤੇ ਗਏ ਸੰਸਕਾਰ ਅਤੇ ਪ੍ਰੇਰਨਾ ਦੇ ਸਦਕਾ ਉਹ ਹਰ ਟਾਈਮ ਮਰੀਜ਼ਾਂ ਦੀ ਸੇਵਾ ਕਰਕੇ ਖੁਸ਼ ਰਹਿੰਦਾ ਹਨ ਅਤੇ ਉਹਨੂੰ ਆਤਮਿਕ ਸ਼ਾਂਤੀ ਮਿਲਦੀ ਹੈ । ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਵਿੱਚ ਡਾ ਅੰਸ਼ੁਮ ਅਹੂਜਾ ਨੇ ਕਿਹਾ ਕਿ ਬੇਸ਼ੱਕ ਪੈਸਾ ਕਮਾਉਣਾ ਅੱਜ ਹਰ ਇੱਕ ਇਨਸਾਨ ਦੀ ਮਜਬੂਰੀ ਹੈ ਪਰ ਪੈਸੇ ਦੇ ਨਾਲ - ਨਾਲ ਉਹਨਾਂ ਨੂੰ ਇਨਸਾਨੀਅਤ ਜਿੰਦਾ ਰੱਖਦਿਆਂ ਆਪਣੇ ਸਮਾਜ ਪ੍ਰਤੀ ਫਰਜ਼ ਵੀ ਅਦਾ ਕਰਨੇ ਚਾਹੀਦੇ ਹਨ । ਡਾ ਅਹੂਜਾ ਨੇ ਆਪਣੇ ਸਹਿਕਰਮੀ ਡਾਕਟਰ ਸਾਹਿਬਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਕੰਮ ਦੇ ਨਾਲ - ਨਾਲ ਸੇਵਾ ਦਾ ਜਜ਼ਬਾ ਵੀ ਆਪਣੇ ਦਿਲਾਂ ਅੰਦਰ ਜ਼ਰੂਰ ਰੱਖਣ ਤਾਂ ਕਿ ਡਾਕਟਰ ਅਤੇ ਮਰੀਜ਼ ਦਾ ਰਿਸ਼ਤਾ ਹੋਰ ਮਜਬੂਤ ਹੋ ਸਕੇ । ਅਖੀਰ ਵਿੱਚ ਡਾ ਅੰਸ਼ੁਮ ਅਹੂਜਾ ਨੇ ਕਲਕੱਤਾ ਵਿਖੇ ਇੱਕ ਮਹਿਲਾ ਡਾ ਨਾਲ ਵਾਪਰੀ ਦਰਦਨਾਕ ਘਟਨਾ ਤੇ ਦੁੱਖ ਦਾ ਇਜਹਾਰ ਕਰਦਿਆ ਕਿਹਾ ਕਿ ਅਜਿਹੀਆਂ ਘਟਨਾਵਾਂ ਸਮਾਜ ਅਤੇ ਦੇਸ਼ ਦੇ ਮੱਥੇ ਤੇ ਕਲੰਕ ਹਨ । ਉਹਨਾਂ ਸਰਕਾਰ ਅਤੇ ਮਾਨਯੋਗ ਅਦਾਲਤ ਨੂੰ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੀ ਮੰਗ ਕੀਤੀ ।

# ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸਦਭਾਵਨਾ ਦਿਵਸ ਮਨਾਇਆ ਗਿਆ

ਧੂਰੀ, 24 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-




ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸਦਭਾਵਨਾ ਦਿਵਸ ਵਿਸ਼ੇਸ਼ ਤੌਰ 'ਤੇ ਮਨਾਇਆ ਗਿਆ। ਅਰਥ-ਸ਼ਾਸਤਰ ਵਿਸ਼ੇ ਦੇ ਅਧਿਆਪਕ ਡਾ. ਊਸ਼ਾ ਜੈਨ ਨੇ ਮੁੱਖ ਵਕਤਾ ਵਜੋਂ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਸ ਦਿਵਸ ਦਾ ਮੁੱਖ ਉਦੇਸ਼ ਸੱਭਿਆਚਾਰਕ, ਧਾਰਮਿਕ ਅਤੇ ਜਾਤੀਵਾਦੀ ਭੇਦਭਾਵ ਤੋਂ ਉੱਪਰ ਉੱਠ ਕੇ ਸਮਾਜ ਕਲਿਆਣ ਲਈ ਇੱਕਜੁੱਟ ਹੋ ਕੇ ਕੰਮ ਕਰਨਾ ਹੈ।

ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਸਦਭਾਵਨਾ ਅਤੇ ਏਕਤਾ ਦੇ ਮਹੱਤਵ ਬਾਰੇ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਨੁੱਖਤਾ ਦੀ ਸੇਵਾ, ਭਾਈਚਾਰਕ ਸਾਂਝ ਅਤੇ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਦਿੱਤਾ।

ਇਸ ਮੌਕੇ ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ, ਰੈੱਡ ਰਿਬਨ ਕਲੱਬ ਦੇ ਕੋਆਰਡੀਨੇਟਰ ਡਾ. ਗਗਨਦੀਪ ਸਿੰਘ ਅਤੇ ਡਾ. ਰਾਕੇਸ਼ ਕੁਮਾਰ ਤੋਂ ਇਲਾਵਾ ਕਾਲਜ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜ਼ਿੰਦਗੀ ’ਚ ਕਦੇ ਵੀ ਕਿਸੇ ਅਹੁਦੇ ਦੀ ਖ਼ਾਹਿਸ਼ ਨਹੀਂ ਰੱਖੀ: ਵਿੱਜ

**ਚੰਡੀਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਜਪਾ ਆਗੂ ਤੇ ਹਰਿਆਣਾ ਦੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿੱਜ ਨੇ ਕਿਹਾ ਕਿ ਉਨ੍ਹਾਂ ਆਪਣੀ ਜ਼ਿੰਦਗੀ ’ਚ ਕਦੇ ਵੀ ਕਿਸੇ ਅਹੁਦੇ ਦੀ ਖ਼ਾਹਿਸ਼ ਨਹੀਂ ਕੀਤੀ ਕਿਉਂਕਿ ਇਸ ਲਈ ‘ਅਕਸਰ ਦਿੱਲੀ’ ਜਾਣਾ ਪੈਂਦਾ ਹੈ ਅਤੇ ਕਈ ਦਹਾਕਿਆਂ ਦੇ ਆਪਣੇ ਸਿਆਸੀ ਜੀਵਨ ’ਚ ਉਨ੍ਹਾਂ ਸ਼ਾਇਦ ਹੀ ਕਦੇ ਅਜਿਹਾ ਕੀਤਾ ਹੋਵੇ। ‘ਦਿ ਟ੍ਰਿਬਿਊਨ ਪ੍ਰਕਾਸ਼ਨ ਸਮੂਹ’ ਦੇ ਡਿਜੀਟਲ ਸ਼ੋਅ ‘ਡੀਕੋਡ ਹਰਿਆਣਾ’ ਲਈ ਪੱਤਰਕਾਰਾਂ ਗੀਤਾਂਜਲੀ ਗਾਇਤਰੀ ਤੇ ਪ੍ਰਦੀਪ ਸ਼ਰਮਾ ਨਾਲ ਅੱਜ ਇੱਥੇ ਇੰਟਰਵਿਊ ਦੌਰਾਨ ਵਿੱਜ ਨੇ ਇਹ ਗੱਲ ਕਹੀ।

ਇਸ ਸਾਲ ਮਾਰਚ ’ਚ ਮਨੋਹਰ ਲਾਲ ਖੱਟਰ ਦੀ ਥਾਂ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਐਲਾਨੇ ਜਾਣ ਮਗਰੋਂ ਅਹੁਦਾ ਛੱਡਣ ਤੋਂ ਪਹਿਲਾਂ ਇੱਕ ਸਰਗਰਮ ਮੰਤਰੀ ਵਜੋਂ ਦੇਖੇ ਜਾਣ ਵਾਲੇ ਵਿਜ ਨੇ ਕਿਹਾ, ‘ਮੈਂ ਕਦੇ ਵੀ ਮੁੱਖ ਮੰਤਰੀ ਬਣਨ ਦੀ ਕੋਈ ਖ਼ਾਹਿਸ਼ ਨਹੀਂ ਰੱਖੀ। ਮੁੱਖ ਮੰਤਰੀ ਦੇ ਅਹੁਦੇ ਲਈ ਤੁਹਾਨੂੰ (ਪਾਰਟੀ ਹਾਈ ਕਮਾਨ ਕੋਲ) ਲੌਬਿੰਗ ਕਰਨੀ ਪੈਂਦੀ ਹੈ। ਮੈਂ ਕਦੇ ਕਿਸੇ ਅਹੁਦੇ ਲਈ ਲੌਬਿੰਗ ਨਹੀਂ ਕੀਤੀ। ਇੱਥੋਂ ਤੱਕ ਕਿ ਵਿਧਾਇਕ ਦਾ ਅਹੁਦਾ ਵੀ ਮੈਨੂੰ ਜ਼ੋਰ ਦੇ ਕੇ ਸੌਂਪਿਆ ਗਿਆ ਸੀ।’ ਪਾਰਟੀ ਵੱਲੋਂ ਨਜ਼ਰਅੰਦਾਜ਼ ਕਰਨ ਤੇ ਉਨ੍ਹਾਂ ਤੋਂ ਕਾਫੀ ਜੂਨੀਅਰ ਸੈਣੀ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਏ ਜਾਣ ਸਬੰਧੀ ਸਵਾਲ ਦਾ ਜਵਾਬ ਦਿੰਦਿਆਂ ਵਿਜ ਨੇ ਇਹ ਗੱਲ ਕਹੀ। ਵਿੱਜ ਨੇ ਕਿਹਾ ਕਿ ਉਹ ਅੰਬਾਲਾ ’ਚ ਇੱਕ ਬੈਂਕ ਵਿੱਚ ਕੰਮ ਕਰਨ ਦੌਰਾਨ ਸਭ ਤੋਂ ਵੱਧ ਖ਼ੁਸ਼ ਸਨ ਤੇ ਪਾਰਟੀ ਦੀਆਂ ਗਤੀਵਿਧੀਆਂ ਲਈ ਵੀ ਵਧੇਰੇ ਸਮਾਂ ਕੱਢ ਲੈਂਦੇ ਸਨ। ਉਨ੍ਹਾਂ ਕਿਹਾ, ‘ਨੌਕਰੀ ਛੱਡਣ ਦਾ ਮੈਨੂੰ ਸਭ ਤੋਂ ਵੱਧ ਅਫ਼ਸੋਸ ਹੈ।’

ਸੈਣੀ ਸਰਕਾਰ ’ਚ ਕੈਬਨਿਟ ਮੰਤਰੀ ਵਜੋਂ ਸ਼ਾਮਲ ਨਾ ਹੋਣ ’ਤੇ ਆਪਣੀ ਚੁੱਪ ਤੋੜਦਿਆਂ ਤੇ ਇਸ ਧਾਰਨਾ ਨੂੰ ਖਾਰਜ ਕਰਦਿਆਂ ਕਿ ਉਨ੍ਹਾਂ ‘ਵਿਰੋਧ ਤਹਿਤ’ ਅਜਿਹਾ ਕੀਤਾ ਹੈ, ਵਿੱਜ ਨੇ ਦਾਅਵਾ ਕੀਤਾ ਕਿ ਉਨ੍ਹਾਂ ਤਤਕਾਲੀ ਮੁੱਖ ਮੰਤਰੀ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਨੂੰ ਮੰਤਰੀ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਵਿਧਾਨ ਸਭਾ ਹਲਕੇ ਨੂੰ ਵੱਧ ਸਮਾਂ ਦੇ ਸਕਣ।

ਇਹ ਮੰਨਦਿਆਂ ਕਿ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਮਿਲਣ ਲਈ ਅਕਸਰ ਦਿੱਲੀ ਨਾ ਜਾਣਾ ਉਨ੍ਹਾਂ ਦੀ ਕਮਜ਼ੋਰੀ ਸੀ, ਵਿਜ ਨੇ ਸਵੀਕਾਰ ਕੀਤਾ ਕਿ ਇਸ ਲਈ ਉਨ੍ਹਾਂ ਨੂੰ ਸਿਆਸੀ ਤੌਰ ’ਤੇ ਨੁਕਸਾਨ ਝੱਲਣਾ ਪਿਆ। ਸਾਬਕਾ ਮੰਤਰੀ ਨੇ ਕਿਹਾ, ‘ਮੈਂ ਕਿਸੇ ਖਾਸ ਨੇਤਾ ਨਾਲ ਨਹੀਂ ਸਗੋਂ ਭਾਜਪਾ ਦੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹਾਂ।’ ਖੱਟਰ ਨਾਲ ਆਪਣੇ ਸੁਖਾਵੇਂ ਸਬੰਧਾਂ ਦਾ ਦਾਅਵਾ ਕਰਦਿਆਂ ਵਿਜ ਨੇ ਕਿਹਾ ਕਿ ਉਹ ਹਰਿਆਣਾ ਦੇ ਇਤਿਹਾਸ ’ਚ ਸਭ ਤੋਂ ਚੰਗੇ ਮੁੱਖ ਮੰਤਰੀ ਹਨ। ਸੈਣੀ ਨੂੰ ਆਪਣਾ ਛੋਟਾ ਭਰਾ ਦੱਸਦਿਆਂ ਉਨ੍ਹਾਂ ਕਿਹਾ ਸੈਣੀ ਨੇ ਹੀ ਉਨ੍ਹਾਂ ਨੂੰ ਅੰਬਾਲਾ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਸਥਾਪਤ ਹੋਣ ’ਚ ਅਹਿਮ ਭੂਮਿਕਾ ਨਿਭਾਈ ਸੀ।

# ਰਾਜਪਾਲ ਨੇ ਪੰਜਾਬ ਵਿਧਾਨ ਸਭਾ ਨੂੰ ਸੱਤਵੇਂ ਇਜਲਾਸ ਲਈ ਸੱਦਿਆ

**ਚੰਡੀਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸੰਵਿਧਾਨ ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੰਜਾਬ ਦੇ ਰਾਜਪਾਲ ਨੇ ਸੋਲ੍ਹਵੀਂ ਪੰਜਾਬ ਵਿਧਾਨ ਸਭਾ ਨੂੰ ਸੋਮਵਾਰ, ਮਿਤੀ: 2 ਸਤੰਬਰ, 2024 ਨੂੰ ਬਾਅਦ ਦੁਪਹਿਰ 2.00 ਵਜੇ ਚੰਡੀਗੜ੍ਹ ਵਿਖੇ, ਇਸਦੇ ਸੱਤਵੇਂ ਇਜਲਾਸ ਲਈ ਸੱਦਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 174 ਦੇ ਕਲਾਜ਼ (1) ਰਾਹੀਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਿਧਾਨ ਸਭਾ ਨੂੰ ਇਸ ਇਜਲਾਸ ਲਈ ਬੁਲਾਇਆ ਗਿਆ ਹੈ।

# ਪ੍ਰੈਸਟਾ ਅਕੈਡਮੀ ਆਫ ਬਿਊਟੀ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ




**ਪਟਿਆਲਾ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੈਸਟਾ ਅਕੈਡਮੀ ਆਫ ਬਿਊਟੀ × ਸਕਿੱਲ ਪਟਿਆਲਾ ਵੱਲੋਂ ਹਰ ਸਾਲ ਦੀ ਤਰਾ ਇਸ ਵਾਰ ਵੀ ਤੀਆਂ ਦਾ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ ।

ਪ੍ਰੈਸਟਾ ਵਲੋ ਇਹ ਪ੍ਰੋਗਰਾਮ ਭਾਸ਼ਾ ਭਵਨ ਪਟਿਆਲਾ ਵਿਖੇ ਕੀਤਾ ਗਿਆ ਸੀ ਜਿਸ ਵਿੱਚ 500 ਤੋ ਵੱਧ ਲੜਕੀਆਂ ਨੇ ਹਾਜ਼ਰੀ ਲਗਵਾਈ । ਇਸ ਮੌਕੇ ਤੇ ਕੁਝ ਮਹਾਨ ਹਸਤੀਆਂ ਨੂੰ ਜਿਵੇਂ ਕਿ ਕਿਰਤ ਕਰੋ, ਜੈਸ਼ਵਿਕ ਸੰਧੂ ਵਲੋਗ,ਪਿੰਡ ਬੀ , ਅਰਸ਼ਦੀਪ ਕੌਰ ( ਪਟਿਆਲਾ ਚੋ ਬਾਰਵੀਂ ਚ ਪਹਿਲਾ ਸਥਾਨ ) ਦੇਵੀ ਪ੍ਰਭਾ ਮਿਸ਼ਰਾ ਵੋਇਸ ਆਫ ਪੰਜਾਬ ਫੇਮ ,ਸੋਸ਼ਲ ਵਰਕਰ ਸਤਿੰਦਰਪਾਲ ਕੌਰ ਨੂੰ ਸਨਮਾਨਿਤ ਕੀਤਾ ਗਿਆ। ਤੇ ਇਸ ਮੌਕੇ ਤੇ ਫ਼ੀਲਖਾਨਾ ਸਕੂਲ , ਓ ਪੀ ਐਲ ਸਕੂਲ, ਐਨ ਪੀ ਐਚ ਸੀ ਸਕੂਲ ਵਲੋ ਵੱਖ ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ

# ਹਰਿਆਣਾ ਨੇ ਕੇਂਦਰੀ ਅਰਧ ਸੈਨਿਕ ਬਲਾਂ ਦੀਆਂ ਢਾਈ ਸੌ ਕੰਪਨੀਆਂ ਮੰਗੀਆਂ

**ਚੰਡੀਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਵਿਧਾਨ ਸਭਾ ਚੋਣਾਂ ਲਈ ਪਹਿਲੀ ਅਕਤੂਬਰ ਨੂੰ ਪੈਣ ਵਾਲੀਆਂ ਵੋਟਾਂ ਸਬੰਧੀ ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਨੇ ਤਿਆਰੀਆਂ ਖਿੱਚ ਲਈਆਂ ਹਨ। ਉਨ੍ਹਾਂ ਸੂਬੇ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ ’ਤੇ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਲਈ ਕੇਂਦਰ ਸਰਕਾਰ ਤੋਂ ਕੇਂਦਰੀ ਅਰਧ ਸੈਨਿਕ ਬਲਾਂ ਦੀਆਂ 250 ਦੇ ਕਰੀਬ ਕੰਪਨੀਆਂ ਦੀ ਮੰਗ ਕੀਤੀ ਹੈ। ਇਹ ਜਾਣਕਾਰੀ ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ ਨੇ ਅੱਜ ਚੰਡੀਗੜ੍ਹ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਚੋਣਾਂ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ 250 ਦੇ ਕਰੀਬ ਕੰਪਨੀਆਂ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚੋਂ 70 ਕੰਪਨੀਆਂ ਪਹਿਲਾਂ ਭੇਜੀਆਂ ਜਾ ਚੁੱਕੀਆਂ ਹਨ। ਸ੍ਰੀ ਅਗਰਵਾਲ ਨੇ ਕਿਹਾ ਕਿ ਹਰਿਆਣਾ ਵਿੱਚ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਸੂਬੇ ਵਿੱਚ ਪਹਿਲਾਂ ਸਰਕਾਰੀ ਨੌਕਰੀਆਂ ਦੀ ਭਰਤੀ ਲਈ ਚੱਲ ਰਹੀ ਪ੍ਰਕਿਰਿਆ ਨੂੰ ਵਿਚਾਲੇ ਰੋਕਣ ਦੀ ਜ਼ਰੂਰਤ ਨਹੀਂ ਹੈ। ਐੱਚਐੱਸਐੱਸਸੀ ਤੇ ਐੱਚਪੀਐੱਸਸੀ ਵੱਲੋਂ ਪਹਿਲਾਂ ਕੱਢੀ ਗਈ ਭਰਤੀ ਪ੍ਰਕਿਰਿਆ ਨੂੰ ਚਾਲੂ ਰੱਖਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਭਰਤੀ ਪ੍ਰਕਿਰਿਆ ਸਬੰਧੀ ਕਾਂਗਰਸ ਪਾਰਟੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ, ਜਿਸ ਬਾਰੇ ਕਾਂਗਰਸ ਪਾਰਟੀ ਨੂੰ ਲਿਖਤੀ ਜਵਾਬ ਭੇਜ ਦਿੱਤਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਜਿਨ੍ਹਾਂ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ, ਉਹ ਵੀ ਚੋਣ ਕਮਿਸ਼ਨ ਦੀ ਪ੍ਰਵਾਨਗੀ ਦੇ ਨਾਲ ਕੀਤੇ ਗਏ ਹਨ।

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਸੂਬੇ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ ਲਈ ਪਹਿਲੀ ਅਕਤੂਬਰ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 4 ਅਕਤੂਬਰ ਨੂੰ ਐਲਾਨੇ ਜਾਣਗੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਿੱਚ ਸੂਬੇ ਦੇ ਕੁੱਲ 2.03 ਕਰੋੜ ਤੋਂ ਵੱਧ ਲੋਕ ਵੋਟ ਦੇ ਅਧਿਕਾਰੀ ਦੀ ਵਰਤੋਂ ਕਰਨਗੇ। ਇਨ੍ਹਾਂ ਵਿੱਚ 1,07,14,565 ਪੁਰਸ਼ ਅਤੇ 95,03,407 ਮਹਿਲਾ ਵੋਟਰ ਹਨ ਜਦ ਕਿ 455 ਟਰਾਂਸਜੈਂਡਰ ਵੋਟਰ ਹਨ। ਉਨ੍ਹਾਂ ਕਿਹਾ ਕਿ 85 ਸਾਲ ਤੋਂ ਵੱਧ ਉਮਰ ਦੇ ਵੋਟਰ 2,42,818 ਹਨ ਅਤੇ 100 ਸਾਲ ਤੋਂ ਵੱਧ ਉਮਰ ਦੇ 9,554 ਹਨ। ਇਸ ਤੋਂ ਇਲਾਵਾ ਸੂਬੇ ਵਿੱਚ 18 ਤੋਂ 19 ਸਾਲ ਉਮਰ ਵਰਗ ਦੇ 4,82,896 ਵੋਟਰ ਹਨ। ਸ੍ਰੀ ਅਗਰਵਾਲ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀਆਂ ਪੱਤਰ ਦਾਖ਼ਲ ਕਰਨ ਦੀ ਪ੍ਰਕਿਰਿਆ 5 ਸਤੰਬਰ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ 12 ਸਤੰਬਰ ਨਾਮਜ਼ਦਗੀ ਦਾਖ਼ਲ ਕਰਨ ਦੀ ਆਖਰੀ ਮਿਤੀ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 13 ਸਤੰਬਰ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 16 ਸਤੰਬਰ ਹੋਵੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਲਈ 20,629 ਪੋਲਿੰਗ ਸਟੇਸ਼ਨ ਤਿਆਰ ਕੀਤੇ ਗਏ ਹਨ।

## ਨਿਗਮ ਨੇ ਸ਼ਹਿਰ ਵਿੱਚੋਂ ਸਿਆਸੀ ਧਿਰਾਂ ਦੇ ਪੋਸਟਰ ਹਟਾਏ

**ਯਮੁਨਾਨਗਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਧਾਨ ਸਭਾ ਚੋਣਾਂ ਕਾਰਨ ਲਗਾਏ ਗਏ ਚੋਣ ਜ਼ਾਬਤੇ ਦੀ ਪਾਲਣਾ ਕਰਦਿਆਂ ਨਗਰ ਨਿਗਮ ਵੱਲੋਂ ਸ਼ਹਿਰ ਵਿੱਚੋਂ ਸਿਆਸੀ ਪਾਰਟੀਆਂ ਦੇ ਹੋਰਡਿੰਗ, ਫਲੈਕਸ ਬੋਰਡ, ਪੋਸਟਰ, ਬੈਨਰ, ਝੰਡੇ ਅਤੇ ਕੱਟਆਊਟ ਹਟਾਏ ਜਾ ਰਹੇ ਹਨ।

ਇਸੇ ਲੜੀ ਤਹਿਤ ਨਗਰ ਨਿਗਮ ਦੀਆਂ ਟੀਮਾਂ ਨੇ ਨਿਗਮ ਖੇਤਰ ਵਿੱਚ ਵੱਖ-ਵੱਖ ਥਾਵਾਂ ’ਤੇ ਲਗਾਏ ਹੋਰਡਿੰਗਜ਼ ਅਤੇ ਪੋਸਟਰ ਉਤਾਰ ਦਿੱਤੇ। ਨਗਰ ਨਿਗਮ ਕਮਿਸ਼ਨਰ ਆਯੂਸ਼ ਸਿਨਹਾ ਦੀਆਂ ਹਦਾਇਤਾਂ ਤੇ ਸ਼ਹਿਰ ’ਚ ਲਗਾਏ ਗਏ ਸਿਆਸੀ ਪਾਰਟੀਆਂ ਦੇ ਬੈਨਰ, ਹੋਰਡਿੰਗ ਅਤੇ ਫਲੈਕਸ ਬੋਰਡ ਹਟਾਉਣ ਲਈ ਸਹਾਇਕ ਨਿਗਮ ਇੰਜਨੀਅਰ ਰਾਜੇਸ਼ ਸ਼ਰਮਾ, ਸੀਐਸਆਈ ਹਰਜੀਤ ਸਿੰਘ ਅਤੇ ਸੀਐਸਆਈ ਸੁਨੀਲ ਦੱਤ ਦੀ ਅਗਵਾਈ ’ਚ ਟੀਮਾਂ ਦਾ ਗਠਨ ਕੀਤਾ ਗਿਆ।

# ਚੇਅਰਮੈਨ ਰਾਜੇਸ਼ ਗੁੱਜਰ ਤੇ ਸਰਪੰਚ ਸੁਸ਼ੀਲ ਕੁਮਾਰ ਕਾਂਗਰਸ ਵਿੱਚ ਸ਼ਾਮਲ

**ਸ਼ਾਹਬਾਦ ਮਾਰਕੰਡਾ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਨੂੰ ਅੱਜ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਕੁਰੂਕਸ਼ੇਤਰ ਕੇਂਦਰੀ ਸਹਿਕਾਰੀ ਬੈਂਕ ਦੇ ਚੇਅਰਮੈਨ ਤੇ ਜੋਤੀ ਸਰ ਦੇ ਸਾਬਕਾ ਸਰਪੰਚ ਰਾਜੇਸ਼ ਗੁੱਜਰ ਤੇ ਪਿੰਡ ਮਿਰਜਾਪੁਰ ਦੇ ਮੌਜੂਦਾ ਸਰਪੰਚ ਸੁਸ਼ੀਲ ਕੁਮਾਰ ਆਪਣੇ ਹਜ਼ਾਰਾਂ ਸਮਰਥਕਾਂ ਸਣੇ ਭਾਜਪਾ ਨੂੰ ਅਲਵਿਦਾ ਕਹਿ ਕੇ ਸਾਬਕਾ ਮੰਤਰੀ ਅਸ਼ੋਕ ਅਰੋੜਾ ਦੀ ਅਗਵਾਈ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਸ ਦੇ ਨਾਲ ਹੀ ਥਾਨੇਸਰ ਨਗਰ ਪਰਿਸ਼ਦ ਦੇ 27 ਵਾਰਡ ਦੀ ਚੋਣ ਲੜ ਚੁੱਕੇ ਪ੍ਰਵੀਨ ਸ਼ਰਮਾ, ਸਾਬਕਾ ਸਰਪੰਚ ਦਿਆਲ ਪੁਰ ਰਾਜੇਸ਼, ਵੀ ਆਪਣੇ ਸਮਰਥਕਾਂ ਸਣੇ ਭਾਜਪਾ ਦਾ ਪੱਲਾ ਫੜ ਲਿਆ ਹੈ। ਪਿੰਡ ਜੋਤੀਸਰ ਕੀਤੀ ਜਨਸਭਾ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਅਸ਼ੋਕ ਅਰੋੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਨੂੰ ਪੂਰਾ ਮਾਨ ਸਨਮਾਨ ਦਿੱਤਾ ਜਾਂਦਾ ਹੈ। ਅਰੋੜਾ ਨੂੰ ਜਨ ਸਭਾ ਵਾਲੀ ਥਾਂ ਤੇ ਢੋਲ ਨਗਾਰਿਆਂ ਨਾਲ ਸੈਂਕੜੇ ਨੌਜਆਨਾਂ ਨੇ ਮੋਟਰ ਸਾਈਕਲਾਂ ’ਤੇ ਸਵਾਰ ਹੋ ਕੇ ਪਾਰਟੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਲਿਆਏ। ਅਰੋੜਾ ਨੇ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿਚ ਬਦਲਾਅ ਦੀ ਲਹਿਰ ਚਲ ਰਹੀ ਹੈ।

ਲੋਕ ਭਾਜਪਾ ਦੀਆਂ ਜਨ ਵਿਰੋਧੀ ਨੀਤੀਆਂ ਤੋਂ ਦੁਖੀ ਹਨ ਤੇ ਉਨ੍ਹਾਂ ਨੇ ਕਾਂਗਰਸ ਨੂੰ ਸੱਤਾ ਸੌਂਪਣ ਦਾ ਮਨ ਬਣਾ ਲਿਆ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਭਾਜਪਾ ਨੇ ਸਰਪੰਚਾਂ, ਪੰਚਾਂ, ਨੰਬਰਦਾਰਾਂ, ਕਰਮਚਾਰੀਆਂ, ਗੈਸਟ ਟੀਚਰ, ਆਂਗਨਵਾੜੀ ਵਰਕਰਾਂ ਤੇ ਸਾਰੇ ਵਰਗਾਂ ਨੂੰ ਸੋਟੀਆਂ ਨਾਲ ਕੁੱਟਿਆ ਹੈ। ਪਿਛਲੇ 10 ਸਾਲ ਤੋਂ ਹਰ ਵਰਗ ਭਾਜਪਾ ਸਰਕਾਰ ਦੀ ਕਾਰਜ ਪ੍ਰਣਾਲੀ ਤੋਂ ਤੰਗ ਹੈ। ਉਨ੍ਹਾਂ ਕਿਹਾ ਕਿ ਥਾਨੇਸਰ ਦੇ ਵਿਧਾਇਕ ਤੇ ਰਾਜ ਮੰਤਰੀ ਸੁਭਾਸ਼ ਸੁਧਾ ਥਾਨੇਸਰ ਦੇ ਵਿਕਾਸ ਦੇ ਨਾਂ ’ਤੇ ਪੰਜ ਹਜ਼ਾਰ ਕਰੋੜ ਖਰਚ ਹੋਣ ਦਾ ਦਾਅਵਾ ਕਰਦੇ ਹਨ ਪਰ ਇਥੇ ਵਿਕਾਸ ਦੇ ਨਾਂ ਤੇ ਇਕ ਇੱਟ ਵੀ ਨਹੀਂ ਲੱਗੀ। ਉਨ੍ਹਾਂ ਕਿਹਾ ਕਿ ਅੱਜ ਸੂਬੇ ਵਿਚ ਕਾਂਗਰਸ ਦੇ ਪੱਖ ਵਿੱਚ ਲਹਿਰ ਚਲ ਰਹੀ ਹੈ ਤੇ ਸੂਬੇ ਵਿਚ ਭਾਰੀ ਬਹੁਮੱਤ ਨਾਲ ਕਾਂਗਰਸ ਦੀ ਸਰਕਾਰ ਬਣੇਗੀ। ਇਸ ਮੌਕੇ ਇੰਮਪਰੂਵ ਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਜਲੇਸ਼ ਸ਼ਰਮਾ, ਸੁਭਾਸ਼ ਪਾਲੀ, ਰਾਕੇਸ਼ ਸੈਣੀ, ਕੁਲਦੀਪ ਢਿੱਲੋਂ, ਸੁਭਾਸ਼ ਪਲਵਲ ਨੇ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਦਾ ਸਵਾਗਤ ਕੀਤਾ।

## ਨਰਾਇਣਗੜ੍ਹ ਵਿੱਚ ਭਾਜਪਾ ਵੱਲੋਂ ਜਨ ਆਸ਼ੀਰਵਾਦ ਰੈਲੀ




**ਨਰਾਇਣਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਰਾਇਣਗੜ੍ਹ ਦੀ ਨਵੀਂ ਅਨਾਜ ਮੰਡੀ ਵਿੱਚ ਭਾਰਤੀ ਜਨਤਾ ਪਾਰਟੀ ਦੀ ਜਨ ਆਸ਼ੀਰਵਾਦ ਰੈਲੀ ਕੀਤੀ ਗਈ, ਜਿਸ ਵਿੱਚ ਮੁੱਖ ਮੰਤਰੀ ਨਾਇਬ ਸੈਣੀ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮੰਤਰੀ ਅਸੀਮ ਗੋਇਲ, ਭਾਜਪਾ ਆਗੂ ਸੁਮਨ ਸੈਣੀ, ਸਾਬਕਾ ਵਿਧਾਇਕ ਸੰਤੋਸ਼ ਸਾਰਵਾਂਨ ਅਤੇ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ। ਇਸ ਮੌਕੇ ਮੁੱਖ ਮੰਤਰੀ ਨਾਇਬ ਸੈਣੀ ਜਦੋਂ ਰੈਲੀ ਵਿੱਚ ਪੁੱਜੇ ਤਾਂ ਭਾਜਪਾ ਆਗੂਆਂ ਵੱਲੋਂ ਉਨ੍ਹਾਂ ਦਾ ਪੱਗ, ਸ਼ਾਲ ਅਤੇ ਕਿਰਪਾਨ ਦੇ ਕੇ ਸਵਾਗਤ ਕੀਤਾ ਗਿਆ। ਮੰਤਰੀ ਅਸੀਮ ਗੋਇਲ ਨੇ ਵੀ ਸਟੇਜ ਤੋਂ ਸੰਬੋਧਨ ਕਰਦਿਆਂ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਮੁੱਖ ਮੰਤਰੀ ਵੱਲੋਂ ਲਏ ਗਏ ਫੈਸਲਿਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਭਾਜਪਾ ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨਾਇਬ ਸੈਣੀ ਨੇ ਭਾਜਪਾ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਵਿਧਾਨ ਸਭਾ ਹਲਕਾ ਨਰਾਇਣਗੜ੍ਹ ਵਿੱਚ ਕਰਵਾਏ ਗਏ ਰਿਕਾਰਡ ਤੋੜ ਵਿਕਾਸ ਕਾਰਜਾਂ ਦੀ ਜਾਣਕਾਰੀ ਦਿਤੀ। ਉਨ੍ਹਾਂ ਸਟੇਜ ਤੋਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ’ਤੇ ਨਿਸ਼ਾਨਾ ਸੇਧਦੇ ਹੋਏ ਕਿਹਾ ਕਿ ਜਿਹੜੇ ਲੋਕ ਹਰਿਆਣਾ ਦੀ ਜਵਾਬਦੇਹੀ ਮੰਗਣ ਦੀ ਗੱਲ ਕਰ ਕੇ ਜਨਤਾ ਨੂੰ ਗੁਮਰਾਹ ਕਰ ਰਹੇ ਹਨ, ਉਹ ਪਹਿਲਾਂ ਦੱਸਣ ਕਿ ਉਨ੍ਹਾਂ ਨੇ ਆਪਣੇ 10 ਸਾਲਾਂ ਦੇ ਸ਼ਾਸਨ ਦੌਰਾਨ ਜਨਤਾ ਲਈ ਕੀ ਕੀਤਾ ਹੈ। ਉਨ੍ਹਾਂ ਜਨਤਾ ਨੂੰ ਭਾਜਪਾ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਅੰਬਾਲਾ ਜ਼ਿਲ੍ਹੇ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਜਿਤਾਉਣ।

## ਜਨਮ ਦਿਨ ਮੁਬਾਰਕ



ਮਨਗੁਣਪ੍ਰੀਤ ਸਿੰਘ
ਪਿਤਾ ਜਪਿੰਦਰ ਸਿੰਘ ਗਰੇਵਾਲ (ਸੰਪਾਦਕ ਫ਼ਤਿਹ ਐਕਸਪ੍ਰੈਸ ਅਖ਼ਬਾਰ)
ਮਾਤਾ ਹਰਪ੍ਰੀਤ ਕੌਰ ਗਰੇਵਾਲ
ਵਾਸੀ ਲੁਧਿਆਣਾ

# ਬੜਖਲ ਝੀਲ ਦੇ ਸੁੰਦਰੀਕਰਨ ਦਾ ਪ੍ਰਾਜੈਕਟ ਪੂਰਾ ਨਾ ਕਰ ਸਕੀ ਸਰਕਾਰ

**ਫਰੀਦਾਬਾਦ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਵੱਲੋਂ ਬੜਖਲ ਝੀਲ ਨੂੰ 6 ਸਾਲਾਂ ਵਿੱਚ ਵੀ ਰੌਣਕ ਨਾ ਲਿਆ ਸਕੀ। ਬੜਖਲ ਤੋਂ ਭਾਜਪਾ ਵਿਧਾਇਕਾ ਸੀਮਾ ਤ੍ਰਿਖਾ ਨੇ ਦਸ ਸਾਲ ਦੌਰਾਨ ਦੋ ਵਾਰ ਸਥਾਨਕ ਲੋਕਾਂ ਨਾਲ ਬੜਖਲ ਝੀਲ ਦੀ ਪੁਰਾਣੀ ਸ਼ਾਨ ਬਹਾਲ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਪੂਰਾ ਨਹੀਂ ਕਰ ਸਕੀ। ਸ੍ਰੀਮਤੀ ਤ੍ਰਿਖਾ ਨੇ 2014 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਉਕਤ ਝੀਲ ਨੂੰ ਸੁੰਦਰ ਬਣਾਉਣ ਦਾ ਵਾਅਦਾ ਕੀਤਾ ਸੀ ਤੇ 2019 ਦੀਆਂ ਚੋਣਾਂ ਦੌਰਾਨ ਅਗਲੇ ਪੰਜ ਸਾਲਾਂ ਦੌਰਾਨ ਪੂਰਾ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਵਾਰ ਵਾਰ ਕਿਹਾ ਸੀ ਕਿ ਇਸ ਝੀਲ ਉੱਪਰ ਐੱਨਸੀਆਰ ਖੇਤਰ ਵਿੱਚ ਕਦੇ ਸਭ ਤੋਂ ਵੱਧ ਰੌਣਕ ਰਹਿੰਦੀ ਸੀ ਜੋ ਵਾਪਸ ਲਿਆਂਦੀ ਜਾਵੇਗੀ। ਸਮਾਰਟ ਸਿਟੀ ਪ੍ਰਾਜੈਕਟ ਤਹਿਤ 2018 ਵਿੱਚ ਇੱਥੇ ਕੰਮ ਸ਼ੁਰੂ ਕੀਤਾ ਗਿਆ। ਸੁੱਕ ਚੁੱਕੀ ਝੀਲ ਵਿੱਚ ਪਾਣੀ ਭਰਨ ਦੀ ਕੋਸ਼ਿਸ਼ ਕੀਤੀ ਗਈ। ਬੰਨ੍ਹ ਚੌੜਾ ਕੀਤਾ ਗਿਆ। ਇਸ ਪ੍ਰਾਜੈਕਟ ਦੀ ਡੈਡਲਾਈਨ 2020 ਸੀ ਜੋ ਸਤੰਬਰ 2023 ਤੱਕ ਵਧਾਈ ਗਈ ਪਰ ਫਿਰ ਵੀ ਕੰਮ 60 ਫੀਸਦੀ ਦੇ ਕਰੀਬ ਹੀ ਹੋ ਸਕਿਆ। ਇਸ ਵਾਰ ਮੌਨਸੂਨ ਦੌਰਾਨ ਝੀਲ ਵਿੱਚ ਪਾਣੀ ਤਾਂ ਜ਼ਰੂਰ ਭਰਿਆ ਹੈ ਪਰ ਬੰਨ੍ਹ ਉਪਰ ਕੰਮ ਅਜੇ ਵੀ ਜਾਰੀ ਹੈ। 2022 ਤੱਕ ਇੱਥੇ ਨੌਜਵਾਨ ਫੁਟਬਾਲ ਕ੍ਰਿਕਟ ਤੇ ਵਾਲੀਵਾਲ ਖੇਡਦੇ ਸਨ। ਹੁਣ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਨਵੀਂ ਸਰਕਾਰ ਦੇ ਕਾਰਜਕਾਲ ਦੌਰਾਨ ਹੀ ਪੂਰਾ ਹੋਣ ਦੇ ਆਸਾਰ ਹਨ।

ਅਧਿਕਾਰੀਆਂ ਮੁਤਾਬਿਕ ਝੀਲ ਵਿੱਚ ਪਾਣੀ ਭਰਨ ਲਈ ਸੀਵਰੇਜ ਟਰੀਟਮੈਂਟ ਪਲਾਂਟ ਸ਼ੁਰੂ ਹੋ ਗਿਆ ਹੈ।

# ਬਲਾਕ ਮਹਿਲ ਕਲਾਂ ਦੇ ਪਿੰਡਾਂ ਵਿੱਚ ਮਮਤਾ ਦਿਵਸ ਮੌਕੇ ਮਾਂ ਅਤੇ ਬੱਚੇ ਦੀ ਸੁਰੱਖਿਆ ਲਈ ਦਿੱਤੀਆਂ ਸਿਹਤ ਸੇਵਾਵਾਂ-ਐਸ.ਐਮ.ਓ ਡਾ. ਗੁਰਤੇਜਿੰਦਰ ਕੌਰ

**ਬਰਨਾਲਾ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਬਰਨਾਲਾ ਡਾ. ਹਰਿੰਦਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਬਲਾਕ ਮਹਿਲਕਲਾਂ ਅਧੀਨ ਵੱਖ-ਵੱਖ ਸਿਹਤ ਕੇਂਦਰਾਂ ’ਤੇ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਡਾ. ਗੁਰਤੇਜਿੰਦਰ ਨੇ ਕਿਹਾ ਕਿ ਮਮਤਾ ਦਿਵਸ ਤੇ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ, ਤਾਂ ਜੋ ਜੱਚਾ ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਬੱਚਿਆਂ ਨੂੰ ਟੀਕਾਕਰਨ ਕਰਵਾ ਕੇ 10 ਮਾਰੂ ਰੋਗਾਂ ਤੋਂ ਬਚਾਇਆ ਜਾ ਸਕੇ। ਉਹਨਾਂ ਨੇ ਦੱਸਿਆ ਕਿ ਨਵ ਜਨਮੇਂ ਬੱਚੇ ਤੋਂ ਲੈ ਕੇ ਡੇਢ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ, ਗਲ਼-ਘੋਟੂ, ਕਾਲ਼ੀ ਖਾਂਸੀ, ਟੈਟਨਸ, ਦਿਮਾਗੀ ਬੁਖਾਰ, ਪੀਲ਼ੀਆ, ਖਸਰਾ, ਰੁਬੇਲਾ ਤੇ ਨਿਮੋਨੀਆ ਦੀ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਾਏ ਜਾਂਦੇ ਹਨ ਅਤੇ ਪੋਲੀਓ ਬੂੰਦਾਂ ਤੇ ਰੋਟਾਵਾਇਰਸ ਦੀ ਬਿਮਾਰੀ ਤੋਂ ਬਚਾਅ ਲਈ ਬੂੰਦਾਂ ਪਿਲਾਈਆਂ ਜਾਂਦੀਆਂ ਹਨ।ਇਸ ਮੌਕੇ ਤੇ ਬੀ.ਈ.ਈ ਸ਼ਿਵਾਨੀ ਨੇ ਦੱਸਿਆ ਕਿ ਟੀਕਾਕਰਨ ਕਰਵਾਉਣ ਲਈ ਆਉਣ ਵਾਲੀ ਮਾਂਵਾਂ ਤੇ ਗਰਭਵਤੀ ਔਰਤਾਂ ਨੂੰ ਸਿਹਤ ਸੰਭਾਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਉਨ੍ਹਾਂ



ਕਿਹਾ ਕਿ ਨਵ ਜਨਮੇ ਬੱਚੇ ਨੂੰ ਗੁੜਤੀ ਨਾ ਦਿੱਤੀ ਜਾਵੇ ਅਤੇ ਬੱਚੇ ਨੂੰ ਇੰਨਫੈਕਸ਼ਨ ਤੋਂ ਦੂਰ ਰੱਖਣ ਲਈ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋ ਕੇ ਸਾਫ ਕਰਿਆ ਜਾਵੇ ਫਿਰ ਬੱਚੇ ਨੂੰ ਚੁੱਕਿਆ ਜਾਵੇ।ਇਸ ਦੇ ਨਾਲ ਹੀ ਗਰਭਵਤੀ ਔਰਤਾਂ ਨੂੰ ਲਗਾਤਾਰ ਸਮੇਂ ਸਮੇਂ ਤੇ ਆਪਣਾ ਚੈੱਕਅਪ ਨੇੜਲੇ ਸਿਹਤ ਕੇਂਦਰ ਵਿੱਚ ਕਰਵਾਉਣਾ ਚਾਹੀਦਾ ਹੈ ਤਾਂ ਜੋ ਬੱਚੇ ਦੇ ਜਨਮ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਮੁੱਖ ਮੰਤਰੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਲਗਾਏ ਜਾ ਰਹੇ ਹਨ ਜਨ ਸੁਵਿਧਾ ਕੈਂਪ : ਵਿਧਾਇਕ ਰਾਏ



**ਫ਼ਤਹਿਗੜ੍ਹ ਸਾਹਿਬ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਦੀ ਸਰਕਾਰ ਲੋਕਾਂ ਦੇ ਦੁਆਰ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ। ਜ਼ਿਨ੍ਹਾ ਨੂੰ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਸਰਕਾਰ ਤੁਹਾਡੇ ਦੁਆਰਾ ਪ੍ਰੋਗਰਾਮ ਤਹਿਤ ਫਤਹਿਗੜ੍ਹ ਸਾਹਿਬ ਸ਼ਹਿਰ ਦੇ ਵਾਰਡ ਨੰ.22-23 ਪਿੰਡ ਤਲਾਣੀਆਂ ਦੇ ਸਰਕਾਰੀ ਸਕੂਲ ਵਿਖੇ ਲਗਾਏ ਗਏ ਜਨ ਸੁਵਿਧਾ ਕੈਂਪ ਦਾ ਜਾਇਜ਼ਾ ਲੈਣ ਮੌਕੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਸਰਕਾਰ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਨ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਇਹ ਕੈਂਪ ਆਉਣ ਵਾਲੇ ਸਮੇਂ ਵਿੱਚ ਸਾਰੇ ਪਿੰਡਾਂ ਵਿੱਚ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਕੰਮਕਾਜ ਲਈ ਦਫਤਰਾਂ ਦੇ ਗੇੜੇ ਨਾ ਕੱਟਣੇ ਪੈਣ, ਸਗੋਂ ਘਰਾਂ ਨੇੜੇ ਹੀ ਮੌਕੇ ਤੇ ਕੰਮ ਹੋ ਸਕਣ।

ਵਿਧਾਇਕ ਰਾਏ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਕੇ ਤੇ ਮੌਜੂਦ ਹੁੰਦੇ ਹਨ, ਜਿਸ ਨਾਲ ਲੋਕਾਂ ਦੇ ਕੰਮ ਮੌਕੇ ਤੇ ਹੀ ਹੋ ਜਾਂਦੇ ਹਨ। ਇਸ ਤਰ੍ਹਾਂ ਜਿਥੇ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਹੁੰਦੀ ਹੈ ਉਥੇ ਹੀ ਸਰਕਾਰੀ ਕੰਮਾਂ ਵਿੱਚ ਵੀ ਪਾਰਦਰਸ਼ਤਾ ਆਉਂਦੀ ਹੈ ਅਤੇ ਲੋਕਾਂ ਦੇ ਕੰਮ ਬਿਨਾਂ ਕਿਸੇ ਰਿਸ਼ਵਤ ਤੇ ਸਿਫਾਰਸ਼ ਤੋਂ ਹੋ ਜਾਂਦੇ ਹਨ।ਇਸ ਮੌਕੇ ਐਸ.ਡੀ.ਐਮ.ਫਤਹਿਗੜ੍ਹ ਸਾਹਿਬ ਸ੍ਰੀਮਤੀ ਇਸ਼ਮਤ ਵਿਜੇ ਸਿੰਘ, ਡੀ.ਐਸ.ਪੀ. ਫਤਹਿਗੜ੍ਹ ਸਾਹਿਬ ਸੁਖਨਾਜ ਸਿੰਘ, ਸਹਾਇਕ ਫੂਡ ਸਪਲਾਈ ਅਫਸਰ ਕੇਵਲ ਸਿੰਘ ਮਹਿਮੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਇਲਾਕੇ ਦੇ ਮੋਹਤਬਰ ਹਾਜਰ ਸਨ।

# ਬਗੈਰ ਕਿਸੇ ਡਰ ਭੈ ਦੇ ਨਸਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਪਬਲਿਕ ਅੱਗੇ ਆਏ , ਡੀ ਐਸ ਪੀ ਐਂਟੀ ਨਾਰਕੋਟਿਕ ਸੈੱਲ ਰਾਜੇਸ਼ ਮਲਹੋਤਰਾ




**ਪਟਿਆਲਾ, 24 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਯੁਵਕ ਸੇਵਾਵਾਂ ਕਲੱਬ ਦੀਪ ਨਗਰ,ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਸਾਡਾ ਖੁਆਬ ਰੰਗਲਾ ਪੰਜਾਬ ਨਸਾ ਮੁਕਤ ਪੰਜਾਬ , ਅਤੇ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰਾਲੇ ਵੱਲੋਂ ਸ਼ੁਰੂ ਕੀਤੇ ਗਏ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਡੀ ਐੱਸ ਪੀ ਐਂਟੀ ਨਾਰਕੋਟਿਕ ਸੈੱਲ ਪਟਿਆਲਾ ਰਾਜੇਸ਼ ਮਲਹੋਤਰਾ ਨਾਲ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਲਈ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ, ਮੈਂਬਰ ਯੁਵਾ ਸਾਂਝ ਕੇਂਦਰ ਪਟਿਆਲਾ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਨੇ ਮੁਲਾਕਾਤ ਕੀਤੀ ਅਤੇ ਉਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਜਾਗਰੂਕਤਾ ਪ੍ਰੋਗਰਾਮਾ ਲਈ ਵਿਸਥਾਰਪੂਰਵਕ ਜਾਣਕਾਰੀ ਦਿੱਤੀ,ਇਸ ਮੌਕੇ ਡੀ ਐੱਸ ਪੀ ਐਂਟੀ ਨਾਰਕੋਟਿਕ ਸੈੱਲ ਪਟਿਆਲਾ ਰਾਜੇਸ਼ ਮਲਹੋਤਰਾ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਐਸ ਐਸ ਪੀ ਪਟਿਆਲਾ ਨਾਨਕ ਸਿੰਘ, ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ ਜੀ ਵਲੋਂ ਸਖਤ ਹਿਦਾਇਤਾਂ ਹਨ ਕਿ ਨਸਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਾ ਬਖਸ਼ਿਆ ਜਾਵੇ, ਇਸ ਮੌਕੇ ਉਹਨਾਂ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹੋ ਨਸ਼ਿਆਂ ਦੀ ਦਲਦਲ ਵਿਚੋਂ ਫਸਣ ਤੋਂ ਬੱਚ ਸਕਣ ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੌਜਵਾਨਾਂ ਦੀਆਂ ਮੌਤਾ ਹੋ ਰਹੀਆਂ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲਾਮਬੰਦ ਹੋਣਾ ਬਹੁਤ ਹੀ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ ਇਸ ਲਈ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਨਸ਼ਿਆਂ ਵਿਰੁੱਧ ਲੜਨਾ ਚਾਹੀਦਾ ਹੈ ਤਾਂ ਹੀ ਅਸੀਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ, ਉਹਨਾਂ ਕਿਹਾ ਕਿ ਨਸਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸਾ ਤਸਕਰਾਂ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ,,

ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਉਹਨਾਂ ਦੀ ਟੀਮ ਵਲੋਂ ਨੌਜਵਾਨਾ ਨੂੰ ਨਸ਼ਿਆ ਤੋ ਬਚਾਉਣ ਲਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਹੁਣ ਤੱਕ 1500 ਦੇ ਕਰੀਬ ਜਾਗਰੂਕਤਾ ਪ੍ਰੋਗਰਾਮ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤੇ ਜਾ ਚੁੱਕੇ ਹਨ ਅਤੇ ਲਗਾਤਾਰ ਜਾਗਰੂਕਤਾ ਪ੍ਰੋਗਰਾਮ ਜਾਰੀ ਹਨ। ਡੀ ਐੱਸ ਪੀ ਐਂਟੀ ਨਾਰਕੋਟਿਕ ਸੈੱਲ ਪਟਿਆਲਾ ਰਾਜੇਸ਼ ਮਲਹੋਤਰਾ ਨੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ , ਸਟੇਟ ਐਵਾਰਡੀ ਰੁਪਿੰਦਰ ਕੌਰ , ਰੁਦਰਪ੍ਰਤਾਪ ਸਿੰਘ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਉਹੋ ਅਤੇ ਪੁਲਿਸ ਪ੍ਰਸ਼ਾਸਨ ਹਰ ਸੰਭਵ ਮਦਦ ਲਈ ਤਿਆਰ ਹੈ।

ਇਸ ਮੌਕੇ ਡੀ ਐਸ ਪੀ ਐਂਟੀ ਨਾਰਕੋਟਿਕ ਸੈੱਲ ਪਟਿਆਲਾ ਦੇ ਰੀਡਰ ਅਮਰਜੀਤ ਸਿੰਘ ਰੰਧਾਵਾ ਵੀ ਹਾਜ਼ਰ ਸਨ।

# ਪਿੰਡ ਨਥੇਹਾ ਵਿਖੇ ਸੁਣੀਆਂ ਆਮ ਲੋਕਾਂ ਦੀਆਂ ਨਿੱਜੀ ਤੇ ਸਾਂਝੀਆਂ ਸਮੱਸਿਆਵਾਂ

**ਬਠਿੰਡਾ 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਦੇ ਆਦੇਸ਼ਾਂ ਤੇ ਡਿਪਟੀ ਕਮਿਸ਼ਨਰ ਸ ਜਸਪ੍ਰੀਤ ਸਿੰਘ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ “ਆਪ ਦੀ ਸਰਕਾਰ ਆਪ ਦੇ ਦੁਆਰ” ਤਹਿਤ ਵੱਖ-ਵੱਖ ਸਥਾਨਾਂ ’ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹਲ ਲਈ ਲਗਾਏ ਜਾ ਰਹੇ ਸਪੈਸ਼ਲ ਕੈਂਪ ਲਾਹੇਵੰਦ ਸਾਬਿਤ ਹੋ ਰਹੇ ਹਨ। ਇਹ ਜਾਣਕਾਰੀ ਐਸਡੀਐਮ ਤਲਵੰਡੀ ਸਾਬੋ ਸ ਹਰਜਿੰਦਰ ਸਿੰਘ ਜੱਸਲ ਨੇ ਪਿੰਡ ਨਥੇਹਾ ਵਿਖੇ ਆਮ ਲੋਕਾਂ ਦੀਆਂ ਨਿੱਜੀ ਤੇ ਸਾਂਝੀਆਂ ਸਮੱਸਿਆਵਾਂ ਸੁਣਨ ਦੇ ਮੱਦੇਨਜ਼ਰ ਲਗਾਏ ਗਏ ਸਪੈਸ਼ਲ ਜਨ ਸੁਣਵਾਈ ਕੈਂਪ ਦੌਰਾਨ ਸਾਂਝੀ ਕੀਤੀ।

ਇਸ ਮੌਕੇ ਐਸਡੀਐਮ ਸ ਹਰਜਿੰਦਰ ਸਿੰਘ ਜੱਸਲ ਨੇ ਕਿਹਾ ਕਿ ÷ਆਪ ਦੀ ਸਰਕਾਰ ਆਪ ਦੇ ਦੁਆਰ” ਮੁਹਿੰਮ ਤਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਇੱਕੋ ਹੀ ਛੱਤ ਹੇਠਾਂ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿਰਫ਼ ਸੁਣਿਆ ਹੀ ਨਹੀਂ ਜਾਂਦਾ ਸਗੋਂ ਮੌਕੇ ’ਤੇ ਹੀ ਨਿਪਟਾਰਾ ਵੀ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਨ੍ਹਾਂ ਦੇ ਦਰਾਂ ਨੇੜੇ ਸਪੈਸ਼ਲ ਕੈਂਪ ਲਗਾ ਕੇ ਉਨ੍ਹਾਂ ਦੀਆਂ ਸਾਂਝੀਆਂ, ਨਿੱਜੀ ਅਤੇ ਜਾਇਜ਼ ਸਮੱਸਿਆਵਾਂ ਦਾ ਮੌਕੇ ’ਤੇ ਹੀ ਨਿਪਟਾਰਾ ਕੀਤਾ ਜਾਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਲੋੜਵੰਦ ਲਾਭਪਾਤਰੀ ਨੂੰ ਸਰਕਾਰ ਵਲੋਂ ਮੁਹੱਈਆਂ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਸਹੂਲਤਾਂ ਤੋਂ ਵਾਝਾਂ ਨਹੀਂ ਰਹਿਣ ਦਿੱਤਾ ਜਾਵੇਗਾ।

ਕੈਂਪ ਦੌਰਾਨ ਪਿੰਡ ਨਥੇਹਾ ਤੋਂ ਇਲਾਵਾ ਗੋਲੇਵਾਲਾ, ਕੋਰੇਆਣਾ, ਨੰਗਲਾ, ਮੈਨੂੰਆਣਾ ਅਤੇ ਪਿੰਡ ਮਿਰਜੇਆਣਾ ਆਦਿ ਪਿੰਡਾਂ ਦੇ ਲੋਕ ਆਪਣੀਆਂ ਸਾਂਝੀਆਂ ਤੇ ਨਿੱਜੀ ਸਮੱਸਿਆਵਾਂ ਲੈ ਕੇ ਪਹੁੰਚੇ, ਜਿਨ੍ਹਾਂ ’ਚ ਮਾਲ ਵਿਭਾਗ ਤੋਂ ਇਲਾਵਾ ਮਗਨਰੇਗਾਂ, ਪੈਨਸ਼ਨਾਂ, ਛੱਪੜਾਂ ਤੇ ਗਲੀਆਂ-ਨਾਲੀਆਂ ਦੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ, ਨਹਿਰੀ ਪਾਣੀ ਤੇ ਖਾਲੇ ਆਦਿ ਤੋਂ ਇਲਾਵਾ ਵਿਕਾਸ ਕਾਰਜਾਂ ਨਾਲ ਸਬੰਧਤ ਸਮੱਸਿਆਵਾਂ ਸਨ। ਇਨ੍ਹਾਂ ’ਚੋਂ ਬਹੁਤੀਆਂ ਸਮੱਸਿਆਵਾਂ ਦਾ ਨਿਪਟਾਰਾ ਮੌਕੇ ’ਤੇ ਹੀ ਕੀਤਾ ਗਿਆ ਤੇ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।ਇਸ ਮੌਕੇ ਰੀਡਰ ਨਿਰਮਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਮੁਫ਼ਤ ਡੇਅਰੀ ਸਿਖਲਾਈ ਦੇਣ ਲਈ ਕੌਂਸਲਿੰਗ ਮਿਤੀ 27 ਅਗਸਤ ਨੂੰ

**ਗੁਰਦਾਸਪੁਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਡੇਅਰੀ ਵਿਕਾਸ ਵਿਭਾਗ, ਪੰਜਾਬ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਪਸ਼ੂ ਪਾਲਕਾਂ ਅਤੇ ਬੇਰੁਜ਼ਗਾਰ ਨੌਜਵਾਨਾਂ ਲਈ ਮੁਫ਼ਤ ਡੇਅਰੀ ਸਿਖਲਾਈ ਕੋਰਸ 02 ਸਤੰਬਰ 2024 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਸ੍ਰੀ ਵਰਿਆਮ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਲਾਭਪਾਤਰੀਆਂ ਨੂੰ ਦੋ ਹਫ਼ਤੇ ਦੀ ਮੁਫ਼ਤ ਡੇਅਰੀ ਸਿਖਲਾਈ ਦੇ ਨਾਲ-ਨਾਲ ਸਫ਼ਲਤਾ ਪੂਰਵਕ ਟਰੇਨਿੰਗ ਕਰਨ ਉਪਰੰਤ ਰੁਪਏ 3500/- ਵਜ਼ੀਫ਼ਾ ਅਤੇ ਡੇਅਰੀ ਨਾਲ ਸਬੰਧਿਤ ਲਿਟਰੇਚਰ ਵੀ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਲਾਭਪਾਤਰੀਆਂ ਦੀ ਕੌਂਸਲਿੰਗ ਡਿਪਟੀ ਡਾਇਰੈਕਟਰ ਡੇਅਰੀ ਸ੍ਰੀ ਵਰਿਆਮ ਸਿੰਘ ਨੇ ਦੱਸਿਆ ਕਿ ਮਿਤੀ 27 ਅਗਸਤ 2024 ਨੂੰ ਸਵੇਰੇ 10:00 ਵਜੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਲੜਕੇ/ਵਿਆਹੀਆਂ ਲੜਕੀਆਂ ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਹੋਵੇ, ਪਿੰਡ ਦਾ ਵਸਨੀਕ ਹੋਵੇ, ਆਪਣਾ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਰਟੀਫਿਕੇਟ ਸਮੇਤ ਪਾਸਪੋਰਟ ਸਾਈਜ਼ ਫ਼ੋਟੋ, ਘੱਟੋ-ਘੱਟ ਪੰਜਵੀਂ ਪਾਸ ਦਾ ਤਸਦੀਕਸ਼ੁਦਾ ਯੋਗਤਾ ਸਰਟੀਫਿਕੇਟ, ਆਧਾਰ ਕਾਰਡ ਨਾਲ ਲੈ ਕੇ ਦਫ਼ਤਰ ਵਿਖੇ ਹਾਜ਼ਰ ਹੋਣ। ਚੁਣੇ ਗਏ ਲਾਭਪਾਤਰੀਆਂ ਨੂੰ ਡੇਅਰੀ ਸਿਖਲਾਈ ਸੈਂਟਰ, ਵੇਰਕਾ (ਅੰਮ੍ਰਿਤਸਰ) ਵਿਖੇ ਸਿਖਲਾਈ ਦਿੱਤੀ ਜਾਵੇਗੀ ਪਸ਼ੂਆਂ ਦਾ ਡੇਅਰੀ ਯੂਨਿਟ ਸਥਾਪਿਤ ਕਰਨ ਉਪਰੰਤ ਲਾਭਪਾਤਰੀ ਨੂੰ 33 ਫੀਸਦੀ ਸਬਸਿਡੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਮੋਬਾਈਲ ਨੰਬਰ 80548-00880 ਅਤੇ 75089-73471 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕਰੇਨ ਪੁੱਜੇ, ਜ਼ੇਲੈਂਸਕੀ ਨਾਲ ਕੀਤੀ ਮੁਲਾਕਾਤ



**ਕੀਵ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੰਗ ਪ੍ਰਭਾਵਿਤ ਦੇਸ਼ ਯੂਕਰੇਨ ਦੇ ਇਤਿਹਾਸਕ ਦੌਰੇ 'ਤੇ ਅੱਜ ਰਾਜਧਾਨੀ ਕੀਵ ਪਹੁੰਚੇ। ਇਥੇ ਸ੍ਰੀ ਮੋਦੀ ਦਾ ਭਰਵਾਂ ਸੁਆਗਤ ਕੀਤਾ ਗਿਆ। ਉਨ੍ਹਾਂ ਇਥੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ ਤੇ ਦੋਵੇਂ ਯੂਕਰੇਨ ਦੇ ਕੌਮੀ ਅਜਾਇਬ ਘਰ ਪਹੁੰਚੇ।

ਇਸ ਮੁਲਾਕਾਤ ਦੀਆਂ ਕਈ ਤਸਵੀਰਾਂ ਅਤੇ ਵੀਡੀਓਜ਼ ਸਾਹਮਣੇ ਆਈਆਂ ਹਨ, ਜਿਸ 'ਚ ਦੋਵੇਂ ਭਾਵੁਕ ਹੁੰਦੇ ਨਜ਼ਰ ਆ ਰਹੇ ਹਨ।

ਇਸ ਫੇਰੀ ਦੌਰਾਨ ਸ੍ਰੀ ਮੋਦੀ ਅਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਵਿਚਾਲੇ ਵਿਵਾਦ ਦੇ ਸ਼ਾਂਤੀਪੂਰਨ ਹੱਲ 'ਤੇ ਚਰਚਾ ਹੋਣ ਦੀ ਉਮੀਦ ਹੈ। ਸ੍ਰੀ ਮੋਦੀ ਰਾਸ਼ਟਰਪਤੀ ਜ਼ੇਲੈਂਸਕੀ ਦੇ ਸੱਦੇ 'ਤੇ ਯੂਕਰੇਨ ਆਏ ਹਨ। ਪ੍ਰਧਾਨ ਮੰਤਰੀ ਨੇ ਕੀਵ ਦੀ ਆਪਣੀ ਯਾਤਰਾ ਤੋਂ ਲਗਭਗ ਛੇ ਹਫ਼ਤੇ ਪਹਿਲਾਂ ਰੂਸ ਦਾ ਦੌਰਾ ਕੀਤਾ ਸੀ, ਜਿਸ ਲਈ ਅਮਰੀਕਾ ਅਤੇ ਉਸ ਦੇ ਕੁਝ ਪੱਛਮੀ ਸਹਿਯੋਗੀਆਂ ਨੇ ਉਨ੍ਹਾਂ ਦੀ ਆਲੋਚਨਾ ਕੀਤੀ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਵ ਦੇ ਏਵੀ ਫੋਮਿਨ ਬੋਟੈਨੀਕਲ ਗਾਰਡਨ ਵਿੱਚ ਮਹਾਤਮਾ ਗਾਂਧੀ ਦੀ ਕਾਂਸੀ ਦੀ ਮੂਰਤੀ ਨੂੰ ਫੁੱਲ ਭੇਟ ਕੀਤੇ। ਇਹ ਮੂਰਤੀ 2020 ਵਿੱਚ ਮਹਾਤਮਾ ਗਾਂਧੀ ਦੀ 151ਵੀਂ ਜਯੰਤੀ 'ਤੇ 2020 ਵਿਚ ਸਥਾਪਿਤ ਕੀਤੀ ਗਈ ਸੀ।

# ਪੰਜਾਬ ਵਿਚਲੇ ਐਕਸਪ੍ਰੈੱਸਵੇਅ ਵਿਵਾਦ ਪ੍ਰਧਾਨ ਮੰਤਰੀ ਮੋਦੀ ਨੇ ਕਮਾਨ ਆਪਣੇ ਹੱਥ ਵਿਚ ਲਈ

**ਨਵੀਂ ਦਿੱਲੀ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅੰਦਰ ਕੌਮੀ ਮਾਰਗਾਂ ਦੇ ਨਿਰਮਾਣ ਵਿਚ ਆ ਰਹੇ ਅੜਿੱਕਿਆਂ ਨੂੰ ਦੂਰ ਕਰਨ ਲਈ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਮਾਨ ਆਪਣੇ ਹੱਥ ਵਿਚ ਲੈ ਲਈ ਹੈ। ਸੂਤਰਾਂ ਮੁਤਾਬਕ ਇਨ੍ਹਾਂ ਅੜਿੱਕਿਆਂ ਨੂੰ ਦੂਰ ਕਰਨ ਲਈ ਪ੍ਰਧਾਨ ਮੰਤਰੀ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਨਗੇ। ਇਸ ਮੀਟਿੰਗ ਵਿਚ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਸਣੇ ਉਹ ਅੱਠ ਪ੍ਰਾਜੈਕਟ ਸ਼ਾਮਲ ਹਨ ਜਿਨ੍ਹਾਂ ਨੂੰ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਰੱਦ ਕਰਨ ਦੀ ਧਮਕੀ ਦਿੱਤੀ ਹੈ।

ਇਹ ਮੀਟਿੰਗ 28 ਅਗਸਤ ਨੂੰ ਦਿੱਲੀ ਵਿਚ ਹੋਣ ਦੀ ਸੰਭਾਵਨਾ ਹੈ ਜਿਸ ਲਈ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜਾਣਕਾਰੀ ਅਨੁਸਾਰ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸਵੇਅ ਕੇਂਦਰ ਸਰਕਾਰ ਦੀਆਂ ਮੁੱਖ ਯੋਜਨਾਵਾਂ ਵਿਚੋਂ ਇਕ ਹੈ ਜਿਸ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਨਜ਼ਰ ਰੱਖ ਰਹੇ ਹਨ।

ਇਹ ਪ੍ਰਾਜੈਕਟ ਦਿੱਲੀ, ਹਰਿਆਣਾ, ਪੰਜਾਬ ਤੇ ਜੰਮੂ ਵਿਚੋਂ ਲੰਘਣਾ ਹੈ ਜਿਸ ਲਈ ਸਭ ਤੋਂ ਵੱਧ ਸਮੱਸਿਆਵਾਂ ਪੰਜਾਬ ਵਿਚ ਆ ਰਹੀਆਂ ਹਨ। ਇਹ ਪ੍ਰਾਜੈਕਟ ਤਕਰੀਬਨ 670 ਕਿਲੋਮੀਟਰ ਲੰਮਾ ਹੈ ਤੇ ਇਸ ਪ੍ਰਾਜੈਕਟ 'ਤੇ ਬਾਕੀ ਸੂਬਿਆਂ ਵਿਚ ਤਾਂ ਕੰਮ ਕਾਫ਼ੀ ਤੇਜ਼ੀ ਨਾਲ ਚੱਲ ਰਿਹਾ ਹੈ ਪਰ ਪੰਜਾਬ ਵਿਚਲੇ 396 ਕਿਲੋਮੀਟਰ ਦਾ ਕੰਮ ਫਿਲਹਾਲ ਲਟਕਿਆ ਪਿਆ ਹੈ।



ਇਸ ਸਬੰਧੀ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖੀ ਸੀ ਕਿ ਪੰਜਾਬ ਵਿਚ ਕਾਨੂੰਨ ਵਿਵਸਥਾ ਵਿਗੜਨ ਕਾਰਨ ਉਨ੍ਹਾਂ ਦੇ ਪ੍ਰਾਜੈਕਟ ਬੰਦ ਹੋ ਰਹੇ ਹਨ। ਇੱਥੇ ਕੋਈ ਕੰਪਨੀ ਕੰਮ ਨਹੀਂ ਕਰਨਾ ਚਾਹੁੰਦੀ। ਪੱਤਰ ਵਿੱਚ ਲਿਖਿਆ ਗਿਆ ਸੀ ਕਿ ਜੇ ਮਾਹੌਲ ਠੀਕ ਨਾ ਹੋਇਆ ਤਾਂ ਉਹ ਪੰਜਾਬ ਵਿਚ ਚੱਲ ਰਹੇ ਕੌਮੀ ਹਾਈਵੇਅ ਦੇ ਅੱਠ ਪ੍ਰਾਜੈਕਟਾਂ ਨੂੰ ਰੱਦ ਕਰ ਦੇਣਗੇ। ਇਸ ਪ੍ਰਾਜੈਕਟ ਨੂੰ ਸ਼ੁਰੂ ਹੋਏ 8 ਸਾਲ ਹੋ ਗਏ ਹਨ ਪਰ ਹਾਲੇ ਵੀ ਇਹ ਪ੍ਰਾਜੈਕਟ ਪੂਰਾ ਨਹੀਂ ਹੋ ਰਿਹਾ ਜਿਸ ਦਾ ਬੋਝ ਖਜ਼ਾਨੇ 'ਤੇ ਪੈ ਰਿਹਾ ਹੈ। ਸੂਤਰਾਂ ਮੁਤਾਬਕ ਜਦੋਂ ਇਹ ਪ੍ਰਾਜੈਕਟ ਸ਼ੁਰੂ ਹੋਇਆ ਸੀ ਤਾਂ 25 ਹਜ਼ਾਰ ਕਰੋੜ ਰੁਪਏ ਵਿਚ ਮੁਕੰਮਲ ਹੋਣਾ ਸੀ, ਹੁਣ 8 ਸਾਲਾਂ ਬਾਅਦ ਇਹ ਪ੍ਰਾਜੈਕਟ ਮਹਿੰਗਾਈ ਵਧਣ ਕਾਰਨ 35 ਹਜ਼ਾਰ 406 ਕਰੋੜ ਰੁਪਏ ਦਾ ਹੋ ਗਿਆ ਹੈ। ਸਮੀਖਿਆ ਮੀਟਿੰਗ ਵਿਚ ਦਿੱਲੀ-ਕਟੜਾ ਐਕਸਪ੍ਰੈੱਸਵੇਅ ਪੰਜਾਬ ਵਿਚੋਂ ਲੰਘਣ ਬਾਰੇ ਚਰਚਾ ਹੋਵੇਗੀ ਜਿਸ ਵਿਚ ਜਲੰਧਰ ਵਿਚੋਂ ਲੰਘਣ ਵਾਲਾ 72 ਕਿਲੋਮੀਟਰ, ਲੁਧਿਆਣਾ ਵਿਚ 39.95 ਕਿਲੋਮੀਟਰ, ਗੁਰਦਾਸਪੁਰ ਵਿਚ 43 ਕਿਲੋਮੀਟਰ, ਮਾਲੇਰਕੋਟਲਾ ਵਿੱਚ 27 ਕਿਲੋਮੀਟਰ, ਸੰਗਰੂਰ ਵਿਚ 47 ਕਿਲੋਮੀਟਰ, ਪਟਿਆਲਾ ਵਿਚ ਪੰਜ ਕਿਲੋਮੀਟਰ ਤੇ ਕਪੂਰਥਲਾ ਵਿੱਚ 28 ਕਿਲੋਮੀਟਰ ਖੇਤਰ ਸ਼ਾਮਲ ਹੈ। ਇਸ ਵਿਚ ਸਿਰਫ ਪਟਿਆਲਾ ਨੂੰ ਛੱਡ ਬਾਕੀ ਸਾਰੀਆਂ ਥਾਵਾਂ 'ਤੇ 50 ਫੀਸਦੀ ਕੰਮ ਬਕਾਇਆ ਪਿਆ ਹੈ। ਇਸ ਤੋਂ ਇਲਾਵਾ ਲੁਧਿਆਣਾ-ਬਠਿੰਡਾ ਹਾਈਵੇਅ, ਲੁਧਿਆਣਾ-ਰੋਪੜ ਹਾਈਵੇਅ ਪ੍ਰਾਜੈਕਟ ਤੇ ਅੰਮ੍ਰਿਤਸਰ-ਬਠਿੰਡਾ ਹਾਈਵੇਅ ਪ੍ਰਾਜੈਕਟ 'ਤੇ ਵੀ ਚਰਚਾ ਕੀਤੀ ਜਾਏਗੀ। ਇਸ ਦਾ ਕੰਮ ਵੀ ਪੰਜਾਬ ਵਿੱਚ ਚੱਲ ਰਿਹਾ ਹੈ।

**ਪੰਜਾਬ ਵਿਚ ਸਭ ਤੋਂ ਵੱਧ ਕੰਮ ਅਧੂਰਾ**

ਦਿੱਲੀ-ਕੱਟੜਾ ਗ੍ਰੀਨਫੀਲਡ ਐਕਸਪ੍ਰੈੱਸਵੇਅ 670 ਕਿਲੋਮੀਟਰ ਦਾ ਹੈ, ਜਿਸ ਵਿਚ ਸਭ ਤੋਂ ਵੱਧ ਹਿੱਸਾ ਪੰਜਾਬ ਦਾ ਹੈ। ਪੰਜਾਬ ਵਿਚ ਇਹ ਐਕਸਪ੍ਰੈੱਸ ਵੇਅ ਤਕਰੀਬਨ 396 ਕਿਲੋਮੀਟਰ ਖੇਤਰ ਵਿਚੋਂ ਲੰਘੇਗਾ ਜਿਸ ਵਿਚ ਸਿੱਧੇ ਤੌਰ 'ਤੇ 297 ਕਿਲੋਮੀਟਰ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਦਾ ਹਿੱਸਾ ਹਿੱਸਾ ਤੇ 99 ਕਿਲੋਮੀਟਰ ਇਸ ਨੂੰ ਅੰਮ੍ਰਿਤਸਰ ਤੱਕ ਜੋੜਨ ਦਾ ਹਿੱਸਾ ਸ਼ਾਮਲ ਹੈ। ਇਹ ਪ੍ਰਾਜੈਕਟ ਦਾ ਐਂਟਰੀ ਪੁਆਇੰਟ ਪਾਤੜਾਂ ਹੋਵੇਗਾ। ਇਹ ਕਈ ਪਿੰਡਾਂ ਤੇ ਸ਼ਹਿਰਾਂ ਵਿਚ ਨਿਕਲੇਗਾ ਜਿਸ ਲਈ ਵੱਡੇ ਸ਼ਹਿਰਾਂ ਵਿਚ ਐਂਟਰੀ ਤੇ ਐਗਜ਼ਿਟ ਪੁਆਇੰਟ ਬਣਾਏ ਜਾ ਰਹੇ ਹਨ। ਇਸ ਪ੍ਰਾਜੈਕਟ ਦਾ 50 ਫੀਸਦੀ ਕੰਮ ਹਾਲੇ ਬਕਾਇਆ ਹੈ। ਇਸ ਸਬੰਧੀ ਬਹੁਤ ਸਾਰੀਆਂ ਥਾਵਾਂ 'ਤੇ ਜ਼ਮੀਨ ਐਕੁਆਇਰ ਹੋ ਗਈ ਹੈ ਪਰ ਕਿਸਾਨਾਂ ਨੇ ਹਾਲੇ ਕਬਜ਼ਾ ਨਹੀਂ ਛੱਡਿਆ ਹੈ। ਕਿਸਾਨਾਂ ਤੇ ਸਰਕਾਰ ਵਿਚਾਲੇ ਜ਼ਮੀਨ ਐਕੁਆਇਰ ਕਰਨ ਦੇ ਰੇਟ ਨੂੰ ਲੈ ਕੇ ਵਿਵਾਦ ਹੈ। ਪਟਿਆਲਾ ਵਿਚ ਕੰਮ ਪੂਰਾ ਹੋ ਗਿਆ ਹੈ ਪਰ ਬਾਕੀ ਥਾਵਾਂ 'ਤੇ ਕਿਸਾਨ ਚਾਹੁੰਦੇ ਹਨ ਕਿ ਉਨ੍ਹਾਂ ਨੂੰ 2013 ਵਿਚ ਜ਼ਮੀਨ ਐਕੁਆਇਰ ਕਰਨ ਲਈ ਬਣੇ ਐਕਟ ਤਹਿਤ ਜ਼ਮੀਨ ਦੀ ਕੀਮਤ ਦਿੱਤੀ ਜਾਵੇ ਤਾਂ ਕਿ ਉਹ ਆਪਣਾ ਮੁੜ ਵਸੇਬਾ ਕਰ ਸਕਣ।

# ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਨਿਆਇਕ ਹਿਰਾਸਤ 'ਚ ਵਾਧਾ

**ਜਲੰਧਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਤੋਂ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਈ.ਡੀ. ਦੀ ਟੀਮ ਨੇ 1 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਸੀ। 10 ਦਿਨ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਉਹ 14 ਦਿਨ ਦੀ ਨਿਆਇਕ ਹਿਰਾਸਤ ਵਿਚ ਸਨ। ਅੱਜ ਉਨ੍ਹਾਂ ਨੂੰ ਮੁੜ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਦੀ ਨਿਆਇਕ ਹਿਰਾਸਤ ਦੀ ਤਾਰੀਖ਼ 14 ਦਿਨਾਂ ਲਈ ਵਧਾ ਦਿੱਤੀ ਗਈ। ਹੁਣ ਆਸ਼ੂ ਨੂੰ 5 ਸਤੰਬਰ ਨੂੰ ਮੁੜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਦੱਸ ਦੇਈਏ ਕਿ ਭਾਰਤ ਭੂਸ਼ਣ ਆਸ਼ੂ 1 ਅਗਸਤ ਨੂੰ ਸਵੇਰੇ ਈ. ਡੀ. ਦਫ਼ਤਰ ਪਹੁੰਚੇ ਸਨ। ਉਨ੍ਹਾਂ ਤੋਂ ਸ਼ਾਮ ਤੱਕ ਲਗਾਤਾਰ ਜਲੰਧਰ ਈ. ਡੀ. ਦਫ਼ਤਰ ਵਿੱਚ ਪੁੱਛਗਿੱਛ ਕੀਤੀ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ



ਲਿਆ ਗਿਆ ਸੀ। ਆਸ਼ੂ ਖ਼ਿਲਾਫ਼ ਮਨੀ ਲਾਂਡਰਿੰਗ ਐਕਟ ਤਹਿਤ ਕਾਰਵਾਈ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਜਦੋਂ ਖ਼ੁਰਾਕ ਅਤੇ ਸਿਵਲ ਸਪਲਾਈ ਮੰਤਰਾਲੇ ਦੇ ਮੰਤਰੀ ਸਨ ਤਾਂ ਉਨ੍ਹਾਂ 'ਤੇ ਕਰੀਬ 2 ਹਜ਼ਾਰ ਕਰੋੜ ਰੁਪਏ ਦੇ ਟੈਂਡਰਾਂ 'ਚ ਘਪਲੇ ਦੇ ਦੋਸ਼ ਲੱਗੇ ਸਨ। ਪੰਜਾਬ ਦੀਆਂ ਮੰਡੀਆਂ ਵਿੱਚ ਲੇਬਰ ਅਤੇ ਟਰਾਂਸਪੋਰਟੇਸ਼ਨ ਦੇ ਟੈਂਡਰਾਂ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਸਾਹਮਣੇ ਆਈਆਂ ਹਨ। ਇਸ ਤੋਂ ਬਾਅਦ ਤਲਾਸ਼ੀ ਦੌਰਾਨ ਈ. ਡੀ. ਨੂੰ ਕਰੀਬ ਡੇਢ ਕਰੋੜ ਰੁਪਏ ਦੀ ਜਾਇਦਾਦ ਦੇ ਦਸਤਾਵੇਜ਼ ਮਿਲੇ ਹਨ। ਇਸ ਦੌਰਾਨ ਕਰੀਬ 30 ਲੱਖ ਰੁਪਏ ਵੀ ਜ਼ਬਤ ਕੀਤੇ ਗਏ।

**ਪੰਜਾਬ ਵਿਜੀਲੈਂਸ ਵੀ ਕਰ ਚੁੱਕੀ ਹੈ ਇਸ ਮਾਮਲੇ ਦੀ ਜਾਂਚ**

ਇਸ ਤੋਂ ਪਹਿਲਾਂ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਇਹ ਮਾਮਲਾ ਚੁੱਕਿਆ ਗਿਆ ਸੀ। ਵਿਜੀਲੈਂਸ ਨੇ ਇਸ ਮਾਮਲੇ ਵਿੱਚ ਅਦਾਲਤ ਵਿੱਚ ਚਲਾਨ ਵੀ ਪੇਸ਼ ਕੀਤਾ ਹੈ। ਇਸ ਤੋਂ ਬਾਅਦ ਈ. ਡੀ. ਨੇ ਇਸ ਮਾਮਲੇ ਨਾਲ ਸਬੰਧਤ ਦਸਤਾਵੇਜ਼ ਮੰਗੇ ਸਨ ਅਤੇ ਆਪਣੇ ਪੱਧਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਜਾਣਕਾਰੀ ਮੁਤਾਬਕ ਈ. ਡੀ. ਨੇ ਭਾਰਤ ਭੂਸ਼ਣ ਆਸ਼ੂ ਨੂੰ ਅੱਜ ਪੇਸ਼ ਹੋਣ ਲਈ ਕਿਹਾ ਸੀ।

# ਭਾਰਤ ਨੇ ਕਤਰ ਮੂਹਰੇ ਚੁੱਕਿਆ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜ਼ਬਤ ਕਰਨ ਦਾ ਮੁੱਦਾ

**ਨਵੀਂ ਦਿੱਲੀ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਸ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜ਼ਬਤ ਕਰਨ ਦਾ ਮੁੱਦਾ ਕਤਰ ਕੋਲ ਉਠਾਇਆ ਹੈ ਅਤੇ ਇਸ ਮਾਮਲੇ ਨੂੰ ਉੱਚ ਤਰਜੀਹ ਦਿੱਤੀ ਜਾ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਕਤਰ ਦੇ ਅਧਿਕਾਰੀਆਂ ਦੁਆਰਾ ਜ਼ਬਤ ਕੀਤੇ ਗਏ ਗੁਰੂ ਗ੍ਰੰਥ ਸਾਹਿਬ ਬਾਰੇ ਰਿਪੋਰਟਾਂ ਦੇਖੀਆਂ ਹਨ ਅਤੇ ਉਨ੍ਹਾਂ ਦੀ ਵਾਪਸੀ ਦੀ ਮੰਗ ਕੀਤੀ ਗਈ ਹੈ ਤੇ ਦੋਹਾ ਸਥਿਤ ਭਾਰਤੀ ਦੂਤਾਵਾਸ ਨੇ ਉੱਥੋਂ ਦੇ ਸਿੱਖ ਭਾਈਚਾਰੇ ਨੂੰ ਘਟਨਾਕ੍ਰਮ ਬਾਰੇ ਜਾਣਕਾਰੀ ਦਿੱਤੀ ਹੈ।



ਇਸ ਮੁੱਦੇ 'ਤੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਜੈਸਵਾਲ ਨੇ ਕਿਹਾ ਕਿ ਕਤਰ ਦੇ ਅਧਿਕਾਰੀਆਂ ਨੇ ਦੋ ਵਿਅਕਤੀਆਂ/ਸਮੂਹਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਦੋ ਸੰਸਕਰਣ ਜ਼ਬਤ ਕੀਤੇ ਸਨ, ਜਿਨ੍ਹਾਂ 'ਤੇ ਕਤਰ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਧਾਰਮਿਕ ਅਦਾਰੇ ਚਲਾਉਣ ਦੇ ਦੋਸ਼ ਸਨ। ਉਨ੍ਹਾਂ ਨੇ ਕਿਹਾ ਕਿ ਸਾਡੇ ਦੂਤਾਵਾਸ ਨੇ ਸਥਾਨਕ ਕਾਨੂੰਨਾਂ ਅਤੇ ਨਿਯਮਾਂ ਦੇ ਦਾਇਰੇ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਹੈ। ਜੈਸਵਾਲ ਨੇ ਕਿਹਾ ਕਿ ਕਤਰ ਦੇ ਅਧਿਕਾਰੀਆਂ ਦੁਆਰਾ ਪਵਿੱਤਰ ਗ੍ਰੰਥ ਦੇ ਇਕ ਸਰੂਪ ਨੂੰ ਵਾਪਸ ਕਰ ਦਿੱਤਾ ਗਿਆ ਸੀ ਤੇ ਭਰੋਸਾ ਦਿੱਤਾ ਗਿਆ ਸੀ ਕਿ ਦੂਜੇ ਸਰੂਪ ਨੂੰ ਵੀ ਸਨਮਾਨ ਨਾਲ ਰੱਖਿਆ ਜਾਵੇਗਾ। ਅਸੀਂ ਇਸ ਮੁੱਦੇ ਦੇ ਜਲਦੀ ਹੱਲ ਦੀ ਉਮੀਦ ਕਰਦੇ ਹਾਂ।

# "ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ" ਲਈ ਅਪਲਾਈ ਕਰਨ ਦੀ ਆਖਰੀ ਮਿਤੀ ਵਿੱਚ 31 ਅਗਸਤ

**ਤਰਨ ਤਾਰਨ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਅਪਲਾਈ ਕਰਨ ਦੀ ਅੰਤਿਮ ਮਿਤੀ 31 ਜੁਲਾਈ, 2024 ਹੈ ਤੋਂ ਵਧਾ ਕੇ 31 ਅਗਸਤ, 2024 ਕਰ ਦਿੱਤੀ ਗਈ ਹੈ। ਹੁਣ ਯੋਗ ਬੱਚੇ 31 ਅਗਸਤ, 2024 ਤੱਕ ਆਨਲਾਈਨ ਅਰਜ਼ੀਆਂ ਦੇ ਸਕਦੇ ਹਨ। ਅਰਜ਼ੀ ਦੇਣ ਦੀ ਅੰਤਿਮ ਮਿਤੀ ਤੱਕ 18 ਸਾਲ ਤੋਂ ਘੱਟ ਉਮਰ ਦੇ ਜਿਹੜੇ ਬੱਚੇ ਭਾਰਤ ਦੇ ਨਾਗਰਿਕ ਹਨ ਅਤੇ ਜਿੰਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਗਿਆ ਹੈ, ਉਹ ਬੱਚੇ ਇਸ ਪੁਰਸਕਾਰ ਯੋਜਨਾ ਅਧੀਨ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਵੈੱਬਸਾਇਟ https://awards.gov.in 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਸੰਦੀਪ ਕੁਮਾਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿੰਨ੍ਹਾਂ ਬੱਚਿਆਂ ਨੇ ਅਸਾਧਾਰਨ ਬਹਾਦਰੀ ਦਾ ਕੰਮ ਕੀਤਾ ਹੋਵੇ, ਸਪੈਸ਼ਲ ਬੱਚੇ, ਜਿਨ੍ਹਾਂ ਵਿੱਚ ਅਸਧਾਰਨ ਯੋਗਤਾਵਾਂ ਨਾਲ ਵਿਸ਼ੇਸ਼ ਅਸਧਾਰਨ ਉਪਲੱਬਧੀ ਹਾਸਲ ਕੀਤੀ ਹੋਵੇ। ਉਹ ਹੋਣਹਾਰ ਬੱਚੇ ਜਿਨ੍ਹਾਂ ਨੇ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਅਤੇ ਸੱਭਿਆਚਾਰ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਜੋ ਕਿ ਰਾਸ਼ਟਰੀ ਪੱਧਰ 'ਤੇ ਮਾਨਤਾ ਦੇ ਹੱਕਦਾਰ ਹਨ, ਉਹ ਇਸ ਵੱਕਾਰੀ ਪੁਰਸਕਾਰ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵੀਰਤਾ ਪੁਰਸਕਾਰ ਲਈ ਚਰਚਿਤ "ਭਾਰਤੀ ਬਾਲ ਕਲਿਆਣ ਪਰਿਸ਼ਦ" ਨੂੰ ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ ਭਾਰਤ ਸਰਕਾਰ ਵੱਲੋਂ ਕੋਈ ਮਾਨਤਾ ਜਾਂ ਸਹਾਇਤਾ ਨਹੀਂ ਦਿੱਤੀ ਜਾਂਦੀ ਹੈ, ਇਸ ਲਈ "ਭਾਰਤੀ ਬਾਲ ਕਲਿਆਣ ਪਰਿਸ਼ਦ" ਵੱਲੋਂ ਜਾਰੀ ਕਿਸੇ ਵੀ ਤਰ੍ਹਾਂ ਦੇ ਰਾਸ਼ਟਰੀ ਬਾਲ ਪੁਰਸਕਾਰ ਲਈ ਰਜਿਸਟ੍ਰੇਸ਼ਨ ਨਾ ਕੀਤਾ ਜਾਵੇ। ਸਿਰਫ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਦੀ ਵੈੱਬਸਾਇਟ https://awards.gov.in 'ਤੇ ਆਪਣਾ ਰਜਿਸਟ੍ਰੇਸ਼ਨ ਕਰ ਸਕਦੇ ਹਨ।

ਉਨ੍ਹਾਂ ਉਪਰੋਕਤ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਜ਼ਿਲ੍ਹਾ ਤਰਨ ਤਾਰਨ ਦੇ ਹੋਣਹਾਰ ਬੱਚਿਆਂ ਨੂੰ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਅਪਲਾਈ ਕਰਨ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਪੋਰਟਲ 'ਤੇ ਦੋ ਵਿਕਲਪ ਹਨ ਜਿਵੇਂ ਕਿ ਜਾਂ ਤਾਂ ਬਿਨੈਕਾਰ ਬੱਚਾ ਖੁਦ ਫਾਰਮ ਭਰ ਸਕਦਾ ਹੈ ਜਾਂ ਫ਼ਿਰ ਬੱਚੇ ਦੇ ਮਾਤਾ-ਪਿਤਾ, ਅਧਿਕਾਰੀ, ਅਧਿਆਪਕ ਆਦਿ ਵੀ ਬੱਚੇ ਨੂੰ ਨਾਮਜ਼ਦ ਕਰ ਸਕਦੇ ਹਨ।

# ਮੋਦੀ ਸਰਕਾਰ ਨੇ ਮਨਰੇਗਾ ਦੀ ਜਾਨ ਕੱਢੀ, 7 ਕਰੋੜ ਤੋਂ ਵੱਧ ਕਾਰਡ ਰੱਦ ਕੀਤੇ: ਖੜਗੇ



**ਨਵੀਂ ਦਿੱਲੀ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਸਰਕਾਰ 'ਤੇ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਾਰੰਟੀ ਕਾਨੂੰਨ (ਮਨਰੇਗਾ) ਪ੍ਰਤੀ ਉਦਾਸੀਨ ਰਵੱਈਆ ਅਪਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਮਨਰੇਗਾ ਦੀ ਮੌਜੂਦਾ ਸਥਿਤੀ ਪੇਂਡੂ ਭਾਰਤ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸ਼ਰੇਆਮ ਵਿਸ਼ਵਾਸਘਾਤ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਸੱਤ ਕਰੋੜ ਤੋਂ ਵੱਧ ਮਜ਼ਦੂਰਾਂ ਦੇ ਜੌਬ ਕਾਰਡ ਰੱਦ ਕਰ ਦਿੱਤੇ ਹਨ।

ਐਕਸ 'ਤੇ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ 13.3 ਕਰੋੜ ਸਰਗਰਮ ਵਰਕਰ ਹਨ, ਜੋ ਘੱਟ ਉਜਰਤਾਂ, ਬਹੁਤ ਘੱਟ ਕੰਮਕਾਜੀ ਦਿਨਾਂ ਅਤੇ ਜੌਬ ਕਾਰਡਾਂ ਨੂੰ ਰੱਦ ਕਰਨ ਦੀ ਸਮੱਸਿਆ ਦੇ ਬਾਵਜੂਦ ਮਨਰੇਗਾ 'ਤੇ ਨਿਰਭਰ ਹਨ।

ਸਾਲ 2005 ਵਿੱਚ ਅੱਜ ਦੇ ਦਿਨ ਸਾਡੀ ਕਾਂਗਰਸ-ਯੂਪੀਏ ਸਰਕਾਰ ਨੇ ਪੇਂਡੂ ਭਾਰਤ ਵਿੱਚ ਕਰੋੜਾਂ ਲੋਕਾਂ ਲਈ 'ਕੰਮ ਕਰਨ ਦਾ ਅਧਿਕਾਰ' ਲਾਗੂ ਕੀਤਾ ਸੀ।'

# ਨੇਪਾਲ 'ਚ ਭਾਰਤੀ ਯਾਤਰੀਆਂ ਨਾਲ ਭਰੀ ਬੱਸ ਨਦੀ 'ਚ ਡਿੱਗੀ, 14 ਲਾਸ਼ਾਂ ਬਰਾਮਦ



**ਕਾਠਮੰਡੂ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਮੱਧ ਨੇਪਾਲ ਵਿੱਚ 40 ਦੇ ਕਰੀਬ ਯਾਤਰੀਆਂ ਨਾਲ ਭਰੀ ਭਾਰਤੀ ਬੱਸ ਦੇ ਮਾਰਸਯਾਂਗਦੀ ਨਦੀ ਵਿੱਚ ਡਿੱਗਣ ਕਾਰਨ ਘੱਟੋ-ਘੱਟ 14 ਵਿਅਕਤੀਆਂ ਦੀ ਮੌਤ ਹੋ ਗਈ ਤੇ 16 ਜ਼ਖ਼ਮੀ ਹੋ ਗਏ। ਮੀਡੀਆ ਮੁਤਾਬਕ ਹਾਦਸਾ ਤਨਾਹੁਨ ਜ਼ਿਲ੍ਹੇ ਦੇ ਆਇਨਾ ਪਹਾੜਾ ਵਿਖੇ ਵਾਪਰਿਆ। ਪੁਲੀਸ ਤੇ ਰਾਹਤ ਟੀਮਾਂ ਮੌਕੇ 'ਤੇ ਪੁੱਜ ਚੁੱਕੀਆਂ ਹਨ ਤੇ ਬਚਾਅ ਕਾਰਜ ਜਾਰੀ ਹਨ। ਮੁੱਢਲੀਆਂ ਰਿਪੋਰਟਾਂ ਮੁਤਾਬਕ 14 ਲਾਸ਼ਾਂ ਬਰਾਮਦ ਹੋਈਆਂ ਹਨ। ਬੱਸ ਨੰਬਰ ਪਲੇਟ ਯੂਪੀ ਐੱਫਟੀ 7623 ਹੈ ਤੇ ਇਹ ਨਦੀ ਦੇ ਕੰਢੇ ਪਈ ਹੈ। ਬੱਸ ਪੋਖਰਾ ਤੋਂ ਕਾਠਮੰਡੂ ਜਾ ਰਹੀ ਸੀ। ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਸਕੂਲ ਬੱਸ ਡਰਾਈਵਰ 12ਵੀਂ ਦੀ ਵਿਦਿਆਰਥਣ ਨਾਲ ਬਲਾਤਕਾਰ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ

**ਚੰਡੀਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿੱਚ 12ਵੀਂ ਦੀ ਵਿਦਿਆਰਥਣ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ ਸਕੂਲ ਬੱਸ ਡਰਾਈਵਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਨੇ ਫੋਟੋਆਂ ਨਾਲ ਛੇੜਖਾਨੀ ਕਰਕੇ ਵਿਦਿਆਰਥਣ ਨੂੰ ਬਲੈਕਮੇਲ ਕਰਕੇ ਵਾਰਦਾਤ ਨੂੰ ਅੰਜਾਮ ਦਿੱਤਾ। ਮੁਹੰਮਦ ਰਜ਼ਾਕ (26) ਨੇ ਨਾਬਾਲਗ ਲੜਕੀ ਦਾ ਕੁਝ ਸਮੇਂ ਤੱਕ ਪਿੱਛਾ ਕੀਤਾ ਅਤੇ ਫਿਰ ਉਸ ਨਾਲ ਦੋਸਤੀ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਵਿਦਿਆਰਥੀ ਨੇ ਠੁਕਰਾ ਦਿੱਤਾ। ਪੁਲੀਸ ਨੇ ਦੱਸਿਆ ਕਿ ਬਾਅਦ 'ਚ ਉਸ ਨੇ ਵਿਦਿਆਰਥਣ ਦੀਆਂ ਤਸਵੀਰਾਂ ਨਾਲ ਛੇੜਛਾੜ ਕੀਤੀ ਅਤੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਮੁਲਜ਼ਮ ਨੇ ਧਮਕੀ ਦਿੱਤੀ ਕਿ ਜੇ ਵਿਦਿਆਰਥਣ ਨੇ ਉਸ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਉਹ ਉਨ੍ਹਾਂ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਸ਼ੇਅਰ ਕਰ ਦੇਵੇਗਾ। ਮੁਲਜ਼ਮ ਨੇ ਮਈ ਤੋਂ ਜੁਲਾਈ ਦਰਮਿਆਨ ਲੜਕੀ ਦੇ ਘਰ ਉਸ ਵੇਲੇ ਤਿੰਨ ਵਾਰ ਬਲਾਤਕਾਰ ਕੀਤਾ, ਜਦੋਂ ਉਸ ਦੇ ਮਾਤਾ-ਪਿਤਾ ਘਰ ਤੋਂ ਬਾਹਰ ਸਨ। ਪੁਲੀਸ ਨੇ ਦੱਸਿਆ ਕਿ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਮਾਪਿਆਂ ਨੇ ਬੱਚੀ ਨੂੰ ਪ੍ਰੇਸ਼ਾਨ ਦੇਖਿਆ ਅਤੇ ਇਸ ਦਾ ਕਾਰਨ ਪੁੱਛਿਆ। ਉਪ ਪੁਲੀਸ ਕਪਤਾਨ ਜਸਪਿੰਦਰ ਸਿੰਘ ਨੇ ਦੱਸਿਆ ਕਿ ਇਸ ਤੋਂ ਬਾਅਦ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਅਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

# ਖੇਡਾਂ ਵਤਨ ਪੰਜਾਬ ਦੀਆਂ: ਸੀਜ਼ਨ-3 ਦੇ ਉਦਘਾਟਨੀ ਸਮਾਰੋਹ ਦੀ ਮੇਜ਼ਬਾਨੀ ਕਰੇਗਾ ਸੰਗਰੂਰ

**ਸੰਗਰੂਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਦੋ ਸਾਲਾਂ ਤੋਂ ਆਰੰਭੇ ਖੇਡਾਂ ਦੇ ਮਹਾਂਕੁੰਭ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਇਸ ਵਾਰ ਜ਼ਿਲ੍ਹਾ ਸੰਗਰੂਰ ਨੂੰ ਇਨ੍ਹਾਂ ਖੇਡਾਂ ਦੇ ਸੀਜ਼ਨ-3 ਤਹਿਤ ਮੇਜ਼ਬਾਨੀ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਨ੍ਹਾਂ ਖੇਡਾਂ ਦੇ ਉਦਘਾਟਨੀ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਦੌਰਾਨ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੌਮੀ ਖੇਡ ਦਿਵਸ ਦੇ ਮੌਕੇ 'ਤੇ 29 ਅਗਸਤ ਨੂੰ ਇਨ੍ਹਾਂ ਖੇਡਾਂ ਦਾ ਰਸਮੀ ਆਗਾਜ਼ ਕਰਨਗੇ।



ਉਨ੍ਹਾਂ ਕਿਹਾ ਕਿ ਰਾਜ ਦੇ ਸਾਰੇ 23 ਜ਼ਿਲ੍ਹਿਆਂ ਤੋਂ ਆਉਣ ਵਾਲੇ ਖਿਡਾਰੀਆਂ, ਕੋਚਾਂ ਤੇ ਹੋਰ ਸਹਿਯੋਗੀ ਸਟਾਫ਼ ਲਈ ਲੋੜੀਂਦੇ ਹਰ ਪ੍ਰਬੰਧ ਨੂੰ ਸਮੇਂ ਸਿਰ ਨੇਪਰੇ ਚੜ੍ਹਾਇਆ ਜਾਵੇ। ਉਦਘਾਟਨੀ ਸਮਾਰੋਹ ਦੌਰਾਨ ਪੰਜਾਬ ਦੇ ਪ੍ਰਸਿੱਧ ਗਾਇਕ ਵੀ ਆਪਣੇ ਫ਼ਨ ਦਾ ਮੁਜ਼ਾਹਰਾ ਕਰਨਗੇ ਅਤੇ ਲੇਜ਼ਰ ਸ਼ੋਅ ਸਮੇਤ ਹੋਰ ਸਭਿਆਚਾਰਕ ਵੰਨਗੀਆਂ ਆਕਰਸ਼ਣ ਦਾ ਕੇਂਦਰ ਬਣਨਗੀਆਂ। ਡਿਪਟੀ ਕਮਿਸ਼ਨਰ ਨੇ ਪੁਲੀਸ ਅਧਿਕਾਰੀਆਂ ਨੂੰ ਸੁਰੱਖਿਆ ਵਿਵਸਥਾ, ਪਾਰਕਿੰਗ ਤੇ ਨਿਰਵਿਘਨ ਆਵਾਜਾਈ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਵਾਰ ਹੀਰੋਜ਼ ਸਟੇਡੀਅਮ, ਬਨਾਸਰ ਬਾਗ, ਸ਼ਹਿਰ ਦੇ ਪ੍ਰਮੁੱਖ ਚੌਕਾਂ ਸਮੇਤ ਹੋਰ ਥਾਵਾਂ 'ਤੇ ਸਾਫ਼ ਸਫਾਈ ਪ੍ਰਬੰਧਾਂ, ਸਮਾਗਮ ਸਥਾਨ 'ਤੇ ਬਣਾਏ ਜਾਣ ਵਾਲੇ ਬਲਾਕਾਂ ਦੇ ਪ੍ਰਬੰਧਾਂ, ਦੂਰੋਂ ਨੇੜਿਓਂ ਆਉਣ ਵਾਲੀਆਂ ਖੇਡ ਹਸਤੀਆਂ, ਸਵਾਗਤੀ ਗੇਟਾਂ, ਖਿਡਾਰੀਆਂ ਲਈ ਰਿਹਾਇਸ਼ ਪ੍ਰਬੰਧਾਂ ਸਮੇਤ ਹੋਰ ਹਰ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਮੀਟਿੰਗ 'ਚ ਏਡੀਸੀ ਅਮਿਤ ਬੈਂਬੀ, ਏਡੀਸੀ (ਵਿਕਾਸ) ਵਰਜੀਤ ਵਾਲੀਆ, ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ ਡਾ. ਆਦਿਤਯ ਸ਼ਰਮਾ, ਐੱਸਡੀਐੱਮ ਚਰਨਜੋਤ ਸਿੰਘ ਵਾਲੀਆ, ਐੱਸਡੀਐੱਮ ਭਵਾਨੀਗੜ੍ਹ ਵਿਨੀਤ ਕੁਮਾਰ, ਐੱਸਡੀਐੱਮ ਧੂਰੀ ਅਮਿਤ ਗੁਪਤਾ, ਐੱਸਡੀਐੱਮ ਸੁਨਾਮ ਪ੍ਰਮੋਦ ਸਿੰਗਲਾ, ਐੱਸਡੀਐੱਮ ਦਿੜ੍ਹਬਾ ਰਾਜੇਸ਼ ਸ਼ਰਮਾ, ਐੱਸਡੀਐੱਮ ਲਹਿਰਾ ਸੂਬਾ ਸਿੰਘ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

# ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਰੋਮੀ ਦਾ 14 ਦਿਨ ਦਾ ਜੁਡੀਸ਼ਲ ਰਿਮਾਂਡ

**➤ ਡੀਜੀਪੀ ਗੌਰਵ ਯਾਦਵ ਨੇ ਇਸ ਬੇਮਿਸਾਲ ਅੰਤਰਰਾਸ਼ਟਰੀ ਕਾਰਵਾਈ ਨੂੰ ਅੰਜਾਮ ਦੇਣ ਲਈ ਏਜੀਟੀਐਫ ਪੰਜਾਬ ਦੀ ਕੀਤੀ ਸ਼ਲਾਘਾ ➤ ਇਸ ਸਹਿਯੋਗ ਲਈ ਹਾਂਗਕਾਂਗ ਦੇ ਅਧਿਕਾਰੀਆਂ, ਸੀਬੀਆਈ, ਗ੍ਰਹਿ ਮੰਤਰਾਲੇ, ਵਿਦੇਸ਼ ਮੰਤਰਾਲੇ ਅਤੇ ਹੋਰ ਸਾਰੀਆਂ ਕੇਂਦਰੀ ਏਜੰਸੀਆਂ ਦਾ ਕੀਤਾ ਧੰਨਵਾਦ**

**ਚੰਡੀਗੜ੍ਹ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਜੇਲ੍ਹ ਬ੍ਰੇਕ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਰਮਨਜੀਤ ਸਿੰਘ ਉਰਫ ਰੋਮੀ ਨੂੰ ਭਾਰੀ ਸੁਰੱਖਿਆ ਹੇਠ ਅੱਜ ਤੜਕੇ 3 ਵਜੇ ਨਾਭਾ ਲਿਆਂਦਾ ਗਿਆ ਅਤੇ ਪੁਲੀਸ ਦੀ ਸਖ਼ਤ ਸੁਰੱਖਿਆ ਦੇ ਵਿਚ ਨਾਭਾ ਦੇ ਡਿਊਟੀ ਮੈਜਿਸਟਰੇਟ ਕੋਲ ਪੇਸ਼ ਕੀਤਾ ਗਿਆ। ਜੱਜ ਵਲੋਂ ਰਮਨਜੀਤ ਉਰਫ ਰੋਮੀ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਨਵੀਂ ਜ਼ਿਲ੍ਹਾ ਜੇਲ੍ਹ ਤੋਂ ਪਹਿਲਾਂ ਨਾਭਾ ਦੇ ਸਰਕਾਰੀ ਹਸਪਤਾਲ ਵਿਚ ਅਮਰਜੀਤ ਰੋਮੀ ਦਾ ਮੈਡੀਕਲ ਵੀ ਕਰਵਾਇਆ ਗਿਆ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਆਪਣੇ ਐਕਸ ਪਲੇਟਫਾਰਮ (ਪਹਿਲਾਂ ਟਵਿੱਟਰ) ਉੱਤੇ ਪੋਸਟ ਰਾਹੀਂ ਦੱਸਿਆ, ਪੰਜਾਬ ਪੁਲਿਸ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ, ਨਿਆਂ ਨੂੰ ਯਕੀਨੀ ਬਣਾਉਣ ਲਈ ਅੱਜ ਮੁੱਖ ਸਾਜ਼ਿਸ਼ਕਰਤਾ ਰੋਮੀ ਨੂੰ ਵਾਪਸ ਭਾਰਤ ਲਿਆਂਦਾ ਜਾ ਰਿਹਾ ਹੈ। ਉਹ #ISI ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ((#KLF) ਦੇ ਹੋਰ ਫਰਾਰ ਕੈਦੀਆਂ ਸਮੇਤ ਹਰਮਿੰਦਰ ਸਿੰਘ ਮਿੰਟੂ ਅਤੇ ਕਸ਼ਮੀਰ ਸਿੰਘ ਗਲਵੱਡੀ ਦੇ ਸੰਪਰਕ ਵਿੱਚ ਸੀ। ਡੀਜੀਪੀ ਨੇ ਟਵੀਟ ਵਿੱਚ ਅੱਗੇ ਲਿਖਿਆ, ਅਸੀਂ ਇਸ ਅੰਤਰਰਾਸ਼ਟਰੀ ਸਹਿਯੋਗ ਲਈ ਹਾਂਗਕਾਂਗ ਦੇ ਅਧਿਕਾਰੀਆਂ, ਸੀਬੀਆਈ, ਗ੍ਰਹਿ ਮੰਤਰਾਲੇ, ਵਿਦੇਸ਼ ਮੰਤਰਾਲੇ ਅਤੇ ਹੋਰ ਸਾਰੀਆਂ ਕੇਂਦਰੀ ਏਜੰਸੀਆਂ ਦਾ ਧੰਨਵਾਦ ਕਰਦੇ ਹਾਂ।

ਜ਼ਿਕਰਯੋਗ ਹੈ ਕਿ ਭਗੌੜੇ ਰਮਨਜੀਤ ਸਿੰਘ ਉਰਫ਼ ਰੋਮੀ ਨੇ 27 ਨਵੰਬਰ 2016 ਨੂੰ ਸਵੇਰੇ 9 ਵਜੇ ਦੇ ਕਰੀਬ ਵਾਪਰੇ ਨਾਭਾ ਜੇਲ੍ਹ ਬ੍ਰੇਕ 'ਚ ਅਹਿਮ ਭੂਮਿਕਾ ਨਿਭਾਈ ਸੀ। ਇਸ ਕਾਂਡ 'ਚ ਗੈਂਗਸਟਰਾਂ ਨੇ ਪੁਲਿਸ ਦੀ ਵਰਦੀ ਪਾ ਕੇ ਉੱਚ ਸੁਰੱਖਿਆ ਵਾਲੀ ਜੇਲ੍ਹ ਵਿੱਚ ਘੁਸਪੈਠ ਕਰਕੇ 6 ਖਤਰਨਾਕ ਕੈਦੀਆਂ/ਗੈਂਗਸਟਰਾਂ ਨੂੰ ਫ਼ਰਾਰ ਕਰਵਾਇਆ ਸੀ। ਇਹਨਾਂ ਗੈਂਗਸਟਰਾਂ ਵਿੱਚ ਹਰਮਿੰਦਰ ਸਿੰਘ ਉਰਫ ਮਿੰਟੂ, ਗੁਰਪ੍ਰੀਤ ਸਿੰਘ ਸੇਖੋਂ, ਅਮਨਦੀਪ ਸਿੰਘ ਢੋਟੀਆਂ, ਕੁਲਪ੍ਰੀਤ ਸਿੰਘ ਉਰਫ ਨੀਟਾ ਦਿਓਲ, ਕਸ਼ਮੀਰ ਸਿੰਘ ਉਰਫ ਗਲਵੱਡੀ ਅਤੇ ਗੈਂਗਸਟਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਇਹਨਾਂ ਵਿੱਚੋਂ ਵਿੱਕੀ ਗੌਂਡਰ ਨੂੰ ਬਾਅਦ ਵਿੱਚ ਪੰਜਾਬ ਪੁਲਿਸ ਨੇ 26 ਜਨਵਰੀ 2018 ਨੂੰ ਰਾਜਸਥਾਨ ਵਿਖੇ ਮਾਰ ਮੁਕਾਇਆ ਸੀ, ਜਦਕਿ ਹੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਰੋਮੀ, ਜੋ ਸ਼ੇਰਾ ਖੁੱਬਣ/ਵਿੱਕੀ ਗੌਂਡਰ ਗੈਂਗ ਦਾ ਮੁੱਖ ਮੈਂਬਰ ਹੈ, ਨੇ ਨਾਭਾ ਜੇਲ੍ਹ ਬ੍ਰੇਕ ਨੂੰ ਅੰਜਾਮ ਦੇਣ ਲਈ ਗੈਂਗ ਮੈਂਬਰਾਂ ਨੂੰ ਵਿੱਤੀ ਸਹਾਇਤਾ, ਹਥਿਆਰ ਅਤੇ ਜੇਲ੍ਹ 'ਚ ਅੰਦਰ ਜਾਣ ਲਈ ਜਾਅਲੀ ਆਈਡੀ ਮੁਹੱਈਆ ਕਰਵਾਏ ਸਨ। ਇਸ ਦੇ ਨਾਲ ਹੀ ਜੇਲ੍ਹ ਵਿੱਚੋਂ ਫਰਾਰ ਹੋਏ ਕੈਦੀਆਂ ਨੂੰ ਸੁਰੱਖਿਅਤ ਘਰ ਅਤੇ ਛੁਪਣਗਾਹਾਂ ਵੀ ਮੁਹੱਈਆ ਕਰਵਾਈਆਂ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਲਗਾਤਾਰ ਜਾਂਚ ਅਤੇ ਅਪਰੇਸ਼ਨਾਂ ਰਾਹੀਂ ਨਾਭਾ ਜੇਲ੍ਹ ਬ੍ਰੇਕ ਦੇ ਕੁੱਲ 26 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਚਾਰਜਸ਼ੀਟ ਕੀਤਾ ਗਿਆ ਸੀ, ਜਦੋਂ ਕਿ ਰਮਨਜੀਤ ਸਿੰਘ ਉਰਫ਼ ਰੋਮੀ, ਜੋ ਕਿ ਵਿਦੇਸ਼ੀ ਹੈਂਡਲਰ ਸੀ, ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਰਮਨਜੀਤ, ਜੋ ਕਿ ਆਈਐਸਆਈ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ) ਦੇ ਹਰਮਿੰਦਰ ਸਿੰਘ ਮਿੰਟੂ ਅਤੇ ਕਸ਼ਮੀਰ ਸਿੰਘ ਗਲਵੱਡੀ ਦੇ ਸੰਪਰਕ ਵਿੱਚ ਵੀ ਸੀ, ਜੇਲ੍ਹ ਬਰੇਕ ਦਾ ਮਾਸਟਰਮਾਈਂਡ ਸੀ।

ਡੀਜੀਪੀ ਨੇ ਕਿਹਾ ਕਿ ਨਿਆਂ ਨੂੰ ਯਕੀਨੀ ਬਣਾਉਣ ਸਬੰਧੀ ਸਾਡੀ ਨਿਰੰਤਰ ਕੋਸ਼ਿਸ਼ ਨੇ ਰੋਮੀ ਦੇ ਖਿਲਾਫ ਲੁੱਕ ਆਊਟ ਸਰਕੂਲਰ ਅਤੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ। ਉਸਦੀ ਹਵਾਲਗੀ ਲੈਣ ਸਬੰਧੀ ਪ੍ਰਕਿਰਿਆ 2018 ਵਿੱਚ ਵਿਸ਼ੇਸ਼ ਪ੍ਰਸ਼ਾਸਨਿਕ ਖੇਤਰ ਹਾਂਗਕਾਂਗ ਨਾਲ ਆਪਸੀ ਕਾਨੂੰਨੀ ਸਹਾਇਤਾ ਸੰਧੀ ਤਹਿਤ ਕੀਤੀ ਗਈ ਸੀ ਅਤੇ ਇਸ ਕੇਸ ਨੂੰ ਨਿਆਂ ਵਿਭਾਗ ਅਤੇ ਮਾਨਯੋਗ ਹਾਂਗਕਾਂਗ ਅਦਾਲਤ ਵਿੱਚ ਠੋਸ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਇਸ ਤੋਂ ਬਾਅਦ ਹਾਂਗਕਾਂਗ ਦੇ ਮਾਨਯੋਗ ਮੁੱਖ ਕਾਰਜਕਾਰੀ ਅਧਿਕਾਰੀ ਵੱਲੋਂ 6 ਅਗਸਤ, 2024 ਨੂੰ ਰੋਮੀ ਦੇ ਆਤਮ ਸਮਰਪਣ ਸਬੰਧੀ ਆਦੇਸ਼ ਜਾਰੀ ਕੀਤਾ ਗਿਆ ਸੀ। ਡੀਜੀਪੀ ਗੌਰਵ ਯਾਦਵ ਨੇ ਏਡੀਜੀਪੀ ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏਜੀਟੀਐਫ ਦੀ ਸਮੁੱਚੀ ਟੀਮ ਦੇ ਸਖ਼ਤ ਯਤਨਾਂ ਦੀ ਪ੍ਰਸ਼ੰਸਾ ਕੀਤੀ ਜਿਸ ਤਹਿਤ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ (ਐਮਈਏ) ਦੇ ਸਹਿਯੋਗ ਨਾਲ ਇੱਕ ਬੇਮਿਸਾਲ ਅੰਤਰਰਾਸ਼ਟਰੀ ਆਪ੍ਰੇਸ਼ਨ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹ ਕੇ ਪੰਜਾਬ ਪੁਲਿਸ ਦੀ ਦ੍ਰਿੜਤਾ ਅਤੇ ਯੋਗਤਾ ਨੂੰ ਦਰਸਾਇਆ ਹੈ।

# ਦਿੱਲੀ 'ਚ ਬਜ਼ੁਰਗਾਂ ਦੀ ਪੈਨਸ਼ਨ ਪੰਜ ਮਹੀਨਿਆਂ ਬਾਅਦ ਬਹਾਲ: ਆਤਿਸ਼ੀ

**ਨਵੀਂ ਦਿੱਲੀ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਅੱਜ ਕਿਹਾ ਕਿ ਦਿੱਲੀ ਵਿਚ ਬਜ਼ੁਰਗਾਂ ਨੂੰ ਹੁਣ ਪੈਨਸ਼ਨ ਮਿਲਣੀ ਸ਼ੁਰੂ ਹੋ ਗਈ ਹੈ ਅਤੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਪਿਛਲੇ ਪੰਜ ਮਹੀਨਿਆਂ ਤੋਂ ਇਸ ਨੂੰ ਰੋਕਣ ਦਾ ਦੋਸ਼ ਲਗਾਇਆ ਹੈ। ਆਤਿਸ਼ੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਵਿੱਚ ਕਿਹਾ, 'ਦਿੱਲੀ ਦੇ ਬਜ਼ੁਰਗਾਂ ਲਈ ਖ਼ੁਸ਼ਖ਼ਬਰੀ। ਪਿਛਲੇ ਪੰਜ ਮਹੀਨਿਆਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਦਿੱਲੀ ਦੇ ਇੱਕ ਲੱਖ ਬਜ਼ੁਰਗਾਂ ਦੀ ਬੁਢਾਪਾ ਪੈਨਸ਼ਨ ਰੋਕੀ ਹੋਈ ਸੀ। ਬਜ਼ੁਰਗ ਬਹੁਤ ਚਿੰਤਤ ਸਨ। ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਕਾਫੀ ਜੱਦੋ ਜਹਿਦ ਤੋਂ ਬਾਅਦ ਕੇਜਰੀਵਾਲ ਸਰਕਾਰ ਨੇ ਬਜ਼ੁਰਗਾਂ ਦੀ ਬਕਾਇਆ ਪੈਨਸ਼ਨ ਸ਼ੁਰੂ ਕਰ ਦਿੱਤੀ ਹੈ। ਪੰਜ ਮਹੀਨਿਆਂ ਦੀ ਪੈਨਸ਼ਨ ਬਜ਼ੁਰਗਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾ ਰਹੀ ਹੈ। ਇਹ ਪੈਨਸ਼ਨ 60 ਸਾਲ ਤੋਂ ਵੱਧ ਉਮਰ ਦੇ ਉਨ੍ਹਾਂ ਬਜ਼ੁਰਗਾਂ ਲਈ ਹੈ, ਜਿਨ੍ਹਾਂ ਦੀ ਸਾਲਾਨਾ ਪਰਿਵਾਰਕ ਆਮਦਨ 1 ਲੱਖ ਰੁਪਏ ਤੋਂ ਘੱਟ ਹੈ। ਇਸ ਸਕੀਮ ਤਹਿਤ 60 ਤੋਂ 69 ਸਾਲ ਦੀ ਉਮਰ ਦੇ ਲਾਭਪਾਤਰੀਆਂ ਨੂੰ 2,000 ਰੁਪਏ ਪ੍ਰਤੀ ਮਹੀਨਾ ਜਦਕਿ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਲਾਭਪਾਤਰੀਆਂ ਨੂੰ 500 ਰੁਪਏ ਪ੍ਰਤੀ ਮਹੀਨਾ ਵਾਧੂ ਦਿੱਤੇ ਜਾਂਦੇ ਹਨ।



# ਨਗਰ ਕੌਂਸਲ ਦਾ ਸਾਬਕਾ ਪ੍ਰਧਾਨ ਅਤੇ ਕੌਂਸਲਰ ਆਪਣੇ ਸਾਥੀਆਂ ਸਮੇਤ ਹੋਏ ਕਾਂਗਰਸ ਪਾਰਟੀ ਵਿੱਚ ਸ਼ਾਮਿਲ

**ਮਾਛੀਵਾੜਾ ਸਾਹਿਬ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਕਰ ਦੇਖਿਆ ਜਾਵੇ ਤਾਂ ਆਏ ਦਿਨ ਹੀ ਵੱਡੇ- ਵੱਡੇ ਲੀਡਰਾਂ ਵੱਲੋਂ ਆਪਣੀਆਂ ਮਾਂ ਪਾਰਟੀਆਂ ਛੱਡ ਕੇ ਦੂਜੀਆਂ ਪਾਰਟੀਆਂ ਵਿੱਚ ਸ਼ਾਮਿਲ ਹੋਣ ਦੀ ਰੀਤ ਚਲਦੀ ਆ ਰਹੀ ਹੈ, ਕਈ ਵੱਡੇ ਲੀਡਰ ਜਿਆਦਾਤਰ ਵੋਟਾਂ ਤੋਂ ਪਹਿਲਾਂ ਜਾਂ ਫਿਰ ਵੋਟਾਂ ਤੋਂ ਬਾਅਦ ਦੂਜੀਆਂ ਪਾਰਟੀਆਂ ਵਿੱਚ ਅਕਸਰ ਸ਼ਾਮਿਲ ਹੁੰਦੇ ਦੇਖੇ ਜਾਂਦੇ ਹਨ। ਇਸ ਦੀ ਤਾਜ਼ਾ ਮਿਸਾਲ ਉਸ ਵੇਲੇ ਦੇਖਣ ਨੂੰ ਮਿਲੀ ਜਦੋਂ ਮਾਛੀਵਾੜਾ ਸਾਹਿਬ ਨਗਰ ਕੌਂਸਲ ਦੀਆਂ ਵੋਟਾਂ ਤੋਂ ਪਹਿਲਾਂ ਹੀ ਇੱਕ ਵੱਡਾ ਸਿਆਸੀ ਧਮਾਕਾ ਦੇਖਣ ਨੂੰ ਮਿਲਿਆ। ਜਿਸ ਵਿੱਚ ਮਾਛੀਵਾੜਾ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਗਰ ਕੌਂਸਲ ਤੋਂ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਅਤੇ ਸਾਬਕਾ ਕੌਂਸਲਰ ਜਗਦੀਸ਼ ਸਿੰਘ ਰਾਠੌਰ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ। ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਦਾ ਸ਼ਹਿਰ ਵਿੱਚ ਕਾਫੀ ਜਿਆਦਾ ਪ੍ਰਭਾਵ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸ਼ਹਿਰ ਵਿੱਚ ਇੱਕ ਥੰਮ ਮੰਨੇ ਜਾਂਦੇ ਸਨ। ਇਹਨਾਂ ਦੋਵਾਂ ਨੇ ਚੰਡੀਗੜ੍ਹ ਵਿਖੇ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਦਾ ਪੱਲਾ ਫੜ ਲਿਆ।

ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬ) ਪਾਰਟੀ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਹੀ ਕਈ ਫਾੜ ਹੋ ਚੁੱਕੀ ਹੈ। ਜਿਸ ਕਾਰਨ ਇਹਨਾਂ ਦਾ ਕੋਈ ਆਪਸੀ ਤਾਲਮੇਲ ਨਹੀਂ ਰਿਹਾ। ਇਸ ਮੌਕੇ ਉਹਨਾਂ ਦੇ ਨਾਲ ਇਹ ਵੀ ਕਿਹਾ ਕਿ ਕਾਂਗਰਸ ਪਾਰਟੀ ਲੋਕ ਹਿੱਤਾਂ ਲਈ ਅਤੇ ਆਪਣੇ ਵਰਕਰਾਂ ਲਈ ਹਮੇਸ਼ਾ ਹੀ ਚਟਾਨ ਵਾਂਗੂੰ ਨਾਲ ਖੜਨ ਵਾਲੀ ਪਾਰਟੀ ਹੈ। ਉਹਨਾਂ ਨੂੰ ਕਾਂਗਰਸ ਦੀਆਂ ਨੀਤੀਆਂ ਸ਼੍ਰੋਮਣੀ ਅਕਾਲੀ ਦਲ ਨਾਲੋਂ ਬਿਹਤਰ ਲੱਗੀਆਂ। ਜਿਸ ਕਾਰਨ ਉਹਨਾਂ ਨੇ ਕਾਂਗਰਸ ਪਾਰਟੀ ਦਾ ਪੱਲਾ ਫੜਨਾ ਮੁਨਾਸਬ ਸਮਝਿਆ। ਉਨਾਂ ਨੇ ਕਿਹਾ ਕਿ ਸਮਰਾਲਾ ਤੋਂ ਕਾਂਗਰਸ ਪਾਰਟੀ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦਾ ਕਾਂਗਰਸ ਪਾਰਟੀ ਪ੍ਰਤੀ ਬਹੁਤ ਹੀ ਵਧੀਆ ਪ੍ਰਭਾਵ ਹੈ। ਜਿਨ੍ਹਾਂ ਨੇ ਹਲਕਾ ਸਮਰਾਲਾ ਵਿੱਚ ਕਾਂਗਰਸ ਦੀ ਡੁਬਦੀ ਹੋਈ ਬੇੜੀ ਨੂੰ ਪਾਰ ਲਾਉਣ ਲਈ ਬਹੁਤ ਵੱਡਾ ਸੰਘਰਸ਼ ਕੀਤਾ ਅਤੇ ਜਿਸ ਦਾ ਪ੍ਰਭਾਵ ਵਿਰੋਧੀ ਪਾਰਟੀਆਂ ਨੇ ਲੋਕ ਸਭਾ ਦੀਆਂ ਵੋਟਾਂ ਦੌਰਾਨ ਦੇਖ ਹੀ ਲਿਆ ਹੈ। ਜਿਸ ਵਿੱਚ ਰੁਪਿੰਦਰ ਸਿੰਘ ਰਾਜਾ ਗਿੱਲ ਨੂੰ ਲੋਕ ਸਭਾ ਦੀਆਂ ਵੋਟਾਂ ਵਿੱਚ ਹਲਕਾ ਸਮਰਾਲਾ ਤੋਂ ਵਰਕਰਾਂ ਦਾ ਬਹੁਤ ਵੱਡਾ ਫਤਵਾ ਮਿਲਿਆ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਕਾਂਗਰਸ ਪਾਰਟੀ ਬਹੁਤ ਵੱਡਾ ਸਮੁੰਦਰ ਹੈ। ਇਸ ਲਈ ਪਾਰਟੀ ਵਿੱਚ ਹਰ ਇੱਕ ਦਾ ਸਵਾਗਤ ਹੈ ਜੋ ਵੀ ਪਾਰਟੀ ਦੇ ਲਈ ਵਧੀਆ ਕੰਮ ਕਰੇਗਾ ਉਹਨਾਂ ਦਾ ਪਾਰਟੀ ਵੱਲੋਂ ਬਣਦਾ ਮਾਣ ਸਤਿਕਾਰ ਅਤੇ ਵੱਡੀਆਂ ਜ਼ਿੰਮੇਵਾਰੀਆਂ ਦੇ ਕੇ ਨਿਵਾਜਿਆ ਜਾਵੇਗਾ। ਇਸ ਮੌਕੇ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ, ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ, ਸਾਬਕਾ ਚੇਅਰਮੈਨ ਜਗਜੀਤ ਸਿੰਘ ਪ੍ਰਿਥੀਪੁਰ, ਬੁੱਧ ਰਾਜ, ਤਜਿੰਦਰਪਾਲ ਬਰਾੜ, ਨਿਸ਼ਾਂਤ ਕੌੜਾ, ਰੋਹਿਤ ਕੰਡਾ ਅਤੇ ਹੋਰ ਕਈ ਪਰਿਵਾਰ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ।

# ਬਿੱਟੂ ਨਾ ਪੰਜਾਬੀਆਂ ਦੇ ਹੋਏ, ਨਾ ਰਾਜਸਥਾਨੀਆਂ ਦੇ ਹੋਣਗੇ: ਪੰਧੇਰ



**ਪਟਿਆਲਾ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਕਿਸਾਨਾਂ ਵਿਰੁੱਧ ਦਿੱਤੇ ਬਿਆਨ ਦਾ ਜਵਾਬ ਦਿੰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਨ ਸਿੰਘ ਪੰਧੇਰ ਨੇ ਕਿਹਾ ਕਿ ਪੰਜਾਬੀਆਂ ਨੇ ਰਵਨੀਤ ਬਿੱਟੂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਤੇ ਹੁਣ ਉਹ ਰਾਜਸਥਾਨ ਤੋਂ ਰਾਜ ਸਭਾ ਮੈਂਬਰ ਬਣਨ ਗਏ ਹਨ। ਉਹ ਪੰਜਾਬੀਆਂ ਦੇ ਨਹੀਂ ਬਣੇ ਤਾਂ ਫਿਰ ਉਹ ਰਾਜਸਥਾਨ ਦੇ ਲੋਕਾਂ ਦੇ ਵੀ ਨਹੀਂ ਬਣਨਗੇ। ਸ੍ਰੀ ਪੰਧੇਰ ਨੇ ਅੱਜ ਸ਼ੰਭੂ ਬਾਰਡਰ 'ਤੇ ਕਿਸਾਨਾਂ ਦੀ ਮੀਟਿੰਗ ਤੋਂ ਬਾਅਦ ਕਿਹਾ ਕਿ ਬਿੱਟੂ ਕਹਿੰਦੇ ਸਨ ਕਿ ਉਹ ਕਿਸਾਨਾਂ ਦੇ ਮਸਲੇ ਅੱਗੇ ਹੋ ਕੇ ਹੱਲ ਕਰਨਗੇ ਪਰ ਅੱਜ ਉਹ ਭਾਜਪਾ ਤੇ ਆਰਐੱਸਐੱਸ ਦੀ ਬੋਲੀ ਬੋਲਦਿਆਂ ਕਿਸਾਨ ਵਿਰੋਧੀ ਬਿਆਨ ਦੇਣ ਲੱਗ ਪਏ ਹਨ। ਸ੍ਰੀ ਪੰਧੇਰ ਨੇ ਕਿਹਾ ਕਿ ਬਿੱਟੂ ਕਹਿ ਰਹੇ ਹਨ ਕਿ ਕਿਸਾਨੀ ਧਰਨੇ 'ਤੇ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨ ਨਹੀਂ ਹਨ ਸਗੋਂ ਉਹ ਤਾਂ ਕੁਝ ਆਗੂ ਹਨ। ਬਿੱਟੂ ਇਹ ਸਪਸ਼ਟ ਕਰਨ ਕਿ ਕਿਸਾਨਾਂ ਨਾਲ ਮਸਲੇ ਹੱਲ ਕਰਨ ਲਈ ਚੰਡੀਗੜ੍ਹ ਵਿੱਚ ਭਾਜਪਾ ਦੀ ਕੇਂਦਰ ਸਰਕਾਰ ਦੇ ਅਧਿਕਾਰੀਆਂ ਵੱਲੋਂ ਮੀ ?ਟਿੰਗਾਂ ਕੀਤੀਆਂ ਗਈਆਂ ਸਨ ਕੀ ਉਹ ਕਿਸਾਨਾਂ ਨਾਲ ਨਹੀਂ ਕੀਤੀਆਂ ਸਨ। ਸ੍ਰੀ ਪੰਧੇਰ ਨੇ ਕਿਹਾ ਕਿ ਬਿੱਟੂ ਕਿਸਾਨਾਂ 'ਤੇ ਵਿਦੇਸ਼ੀ ਫੰਡਿੰਗ ਦਾ ਦੋਸ਼ ਵੀ ਲਗਾ ਰਹੇ ਹਨ ਜਿਸ ਬਾਰੇ ਬਿੱਟੂ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਗਈ ਹੈ ਕਿ ਜੇ ਕਿਸਾਨ ਆਗੂਆਂ ਨੇ ਕਿਤੋਂ ਵੀ ਕੋਈ ਗ਼ੈਰਕਾਨੂੰਨੀ ਪੈਸਾ ਕਿਸੇ ਤੋਂ ਵੀ ਲਿਆ ਹੋਵੇ ਤਾਂ ਉਹ ਦੇਣਦਾਰ ਹਨ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਪਹਿਲਾਂ ਵੀ ਕਿਸਾਨਾਂ ਨੂੰ ਅਤਿਵਾਦੀ, ਖ਼ਾਲਿਸਤਾਨੀ, ਅੰਦੋਲਨਜੀਵੀ ਆਦਿ ਕਹਿੰਦੇ ਰਹੇ ਹਨ, ਹੁਣ ਉਹੋ ਬੋਲੀ ਰਵਨੀਤ ਬਿੱਟੂ ਬੋਲ ਰਹੇ ਹਨ ਕਿਉਂਕਿ ਉਹ ਅੱਜ ਪੰਜਾਬ ਦਾ ਨਹੀਂ ਸਗੋਂ ਭਾਜਪਾ ਦਾ ਪੱਖ ਪੂਰ ਰਹੇ ਹਨ।

# ਨਗਰ ਨਿਗਮ ਵੱਲੋਂ ਵੱਖ—ਵੱਖ ਖੇਤਰਾਂ ਤੋਂ ਚੁਕਿਆ ਸੁੱਕਾ ਕਚਰਾ



**ਅਬੋਹਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਕਮਿਸ਼ਨਰ—ਕਮ—ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੇ ਦਿਸ਼ਾ—ਨਿਰਦੇਸ਼ਾਂ ਹੇਠ ਨਗਰ ਨਿਗਮ ਅਬੋਹਰ ਵਿਖੇ ਸਾਫ—ਸਫਾਈ ਮੁਹਿੰਮ ਜਾਰੀ ਹੈ। 23 ਤੱਕ ਚਲਾਈ ਜਾ ਰਹੀ ਵਿਸ਼ੇਸ਼ ਸਾਫ—ਸਫਾਈ ਮੁਹਿੰਮ ਦੌਰਾਨ ਵੱਖ—ਵੱਖ ਗਤੀਵਿਧੀਆਂ ਉਲੀਕੀਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ 21 ਅਗਸਤ ਦੀ ਗਤੀਵਿਧੀ ਦੌਰਾਨ ਵੱਖ—ਵੱਖ ਏਰੀਆ ਤੋਂ ਸੁੱਕਾ ਕਚਰਾ, ਲਿਫਾਫੇ, ਪਲਸਟਿਕ ਬੋਤਲਾਂ, ਡਬਿਆਂ ਨੂੰ ਸੜਕਾਂ ਗਲੀਆਂ ਤੋਂ ਇਕਠਾ ਕਰਕੇ ਐਮ.ਆਰ.ਐਫ. ਕੇਂਦਰਾਂ ਤੱਕ ਪਹੁੰਚਾਇਆ ਗਿਆ।ਨਗਰ ਨਿਗਮ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੁੱਧਵਾਰ ਦੀ ਗਤੀਵਿਧੀ ਮੌਕੇ ਨਗਰ ਨਿਗਮ ਦੀ ਹਦੂਦ ਅੰਦਰ ਸੀਤੋ ਰੋਡ, ਨੇੜੇ ਕੋਰਟ ਕੰਪਲੈਕਸ, ਕੰਧਵਾਲਾ ਰੋਡ ਆਦਿ ਹੋਰ ਵੱਖ—ਵੱਖ ਖੇਤਰਾਂ ਤੋਂ ਸੁੱਕਾ ਕਚਰਾ, ਲਿਫਾਫੇ, ਪਲਸਟਿਕ ਬੋਤਲਾਂ, ਡਬਿਆਂ ਨੂੰ ਸੜਕਾਂ ਗਲੀਆਂ ਤੋਂ ਸਫਾਈ ਸੇਵਕਾਂ ਤੋਂ ਇਕਠਾ ਕੀਤਾ ਗਿਆ ਅਤੇ ਮਟੀਰੀਅਲ ਰਿਕਵਰੀ ਫੈਸੀਲਿਟੀ (ਐਮ.ਆਰ.ਐਫ.) ਸੈਂਟਰਾਂ ਤੱਕ ਪਹੁੰਚਾਇਆ ਗਿਆ ਤੇ ਦੁਬਾਰਾ ਵਰਤੋਂਯੋਗ ਹੋਣ ਵਾਲੀਆਂ ਵਸਤਾਂ ਨੂੰ ਰੀਸਾਈਕਲ ਦੀ ਕਾਰਵਾਈ ਅਧੀਨ ਲਿਆਂਦਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸਵਛ ਭਾਰਤ ਮੁਹਿੰਮ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਹਰੇਕ ਜ਼ਿਲ੍ਹਾ ਵਾਸੀ ਆਪਣਾ ਸਹਿਯੋਗ ਪਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਫਾਈ ਸੇਵਕਾਂ ਨੂੰ ਸੁੱਕਾ ਕੂੜਾ ਅਤੇ ਗਿਲਾ ਕੂੜਾ ਵੱਖਰਾ—ਵੱਖਰਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਆਪਣੇ ਸ਼ਹਿਰ ਦੀ ਦਿਖ ਨੂੰ ਚਮਕਾਉਣ ਵਿਚ ਨਗਰ ਨਿਗਮ ਦਾ ਸਟਾਫ ਲਗਾਤਾਰ ਕੰਮ ਕਰ ਰਿਹਾ ਹੈ, ਇਸ ਵਿਚ ਹਰੇਕ ਨਾਗਰਿਕ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।

# ਮਸਜਿਦ ਦੀ ਵਿਵਾਦਤ ਜ਼ਮੀਨ ਨੂੰ ਢਾਹੁਣ ਦਾ ਮਾਮਲਾ

**ਡੇਰਾ ਬਸੀ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਰਾਮਲੀਲਾ ਮੈਦਾਨ ਨੇੜੇ ਜ਼ਮੀਨ ਨੂੰ ਲੈ ਕੇ ਮੁਸਲਿਮ ਭਾਈਚਾਰਾ ਅਤੇ ਦੁਕਾਨਦਾਰ ਪਰਿਵਾਰ ਵਿਚਾਲੇ ਹੋਏ ਵਿਵਾਦ ਦੇ ਮਾਮਲੇ ਵਿੱਚ ਅੱਜ ਕੁਝ ਹੋਰ ਅਹਿਮ ਸੀਸੀਟੀਵੀ ਵੀਡਿਓ ਸਾਹਮਣੇ ਆਏ ਹਨ। ਇਨ੍ਹਾਂ ਸੀਸੀਟੀਵੀ ਵੀਡਿਓ ਵਿੱਚ ਸਾਹਮਣੇ ਆਇਆ ਕਿ ਦੋਸ਼ੀ ਪਰਿਵਾਰ ਵੱਲੋਂ ਪੂਰੇ ਯੋਜਨਾਬੱਧ ਤਰੀਕੇ ਨਾਲ ਇਸ ਜ਼ਮੀਨ 'ਤੇ ਕਬਜ਼ਾ ਕਰਨ ਦੀ ਫਿਰਾਕ ਵਿੱਚ ਸੀ। ਪਰ ਇਸ ਤੋਂ ਪਹਿਲਾਂ ਇਸਦੀ ਭਿਣਕ ਮੁਸਲਿਮ ਭਾਈਚਾਰੇ ਨੂੰ ਲੱਗ ਗਈ ਅਤੇ ਉਨ੍ਹਾਂ ਵੱਲੋਂ ਪੁਲੀਸ ਸਟੇਸ਼ਨ ਦਾ ਘਿਰਾਓ ਕਰਨ 'ਤੇ ਦੋਸ਼ੀ ਪਰਿਵਾਰ ਖ਼ਿਲਾਫ਼ ਕਾਰਵਾਈ ਹੋਈ।

ਸੀਸੀਟੀਵੀ ਵਿੱਚ ਸਾਹਮਣੇ ਆਇਆ ਕਿ ਦੋਸ਼ੀਆਂ ਵੱਲੋਂ ਮੌਕੇ ਤੋਂ ਸਾਰਾ ਮਲਬਾ ਚੁੱਕਣ ਦੀ ਯੋਜਨਾ ਸੀ। ਇਸ ਲਈ ਉਨ੍ਹਾਂ ਵੱਲੋਂ ਜੇ.ਸੀ.ਬੀ. ਮਸ਼ੀਨ ਦੀ ਮਦਦ ਨਾਲ ਮਲਬਾ ਚੁੱਕਣ ਲਈ ਰਾਮਲੀਲਾ ਮੈਦਾਨ ਵਿੱਚ ਚਾਰ ਟਰਾਲੀਆਂ ਖੜ੍ਹੀ ਕੀਤੀ ਹੋਈ ਸੀ। ਇਨ੍ਹਾਂ ਵਿੱਚੋਂ ਇਕ ਇਕ ਟਰਾਲੀ ਮਲਬਾ ਚੁੱਕ ਕੇ ਲੈ ਜਾ ਰਹੀ ਸੀ। ਗਲੀ ਤੰਗ ਹੋਣ ਕਾਰਨ ਪਹਿਲਾਂ ਸਿੱਧੀ ਆਈ ਟਰੈਕਟਰ ਟਰਾਲੀ ਨੂੰ ਬੈਂਕ ਕਰਨ ਵਿੱਚ ਸਮਾਂ ਲੱਗ ਰਿਹਾ ਸੀ ਜਿਸ ਮਗਰੋਂ ਬਾਕੀ ਦੀ ਟਰਾਲੀਆਂ ਨੂੰ ਬੈਂਕ ਹੀ ਮਲਬਾ ਚੁੱਕਣ ਲਈ ਭੇਜਿਆ ਗਿਆ ਤਾਂ ਜੋ ਸਮਾਂ ਨਾ ਬਰਬਾਦ ਹੋਏ। ਉਨ੍ਹਾਂ ਵੱਲੋਂ ਹਾਲੇ ਤਿੰਨ ਟਰਾਲੀਆਂ ਨਾਲ ਹੀ ਮਲਬਾ ਚੁੱਕਿਆ ਗਿਆ ਸੀ ਪਰ ਐਨ ਮੌਕੇ 'ਤੇ ਰੌਲਾ ਪੈ ਗਿਆ ਜਿਸ ਕਾਰਨ ਚੌਥੀ ਟਰਾਲੀ ਨੂੰ ਬਿਨਾਂ ਮਲਬਾ ਚੁੱਕੇ ਬੇਰੰਗ ਪਰਤਣਾ ਪਿਆ।



ਇਸ ਦੌਰਾਨ ਸਥਾਨਕ ਲੋਕਾਂ ਨੇ ਦੁਕਾਨਦਾਰ ਪਰਿਵਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਗ੍ਰਿਫ਼ਤਾਰ ਦੋਸ਼ੀ ਲੋਹਿਤ ਸੈਣੀ ਆਪਣੇ ਕੁਝ ਅਣਪਛਾਤੇ ਸਾਥੀਆਂ ਨਾਲ ਧੱਕੇ ਮਾਰਦਾ ਦਿਖਾਈ ਦੇ ਰਿਹਾ ਹੈ। ਜਦ ਉਹ ਨਹੀਂ ਹੱਟੇ ਤਾਂ ਸਥਾਨਕ ਲੋਕਾਂ ਨੇ ਇਸਦੀ ਜਾਣਕਾਰੀ ਮੁਸਲਿਮ ਬਿਰਾਦਰੀ ਨੂੰ ਦਿੱਤੀ। ਪਹਿਲਾਂ ਕੁਝ ਲੋਕ ਪਹੁੰਚੇ ਪਰ ਉਹ ਨਹੀਂ ਰੁਕੇ। ਇਸ ਮਗਰੋਂ ਇਥੇ ਮੁਸਲਿਮ ਭਾਈਚਾਰਾ ਇਕੱਤਰ ਹੋਣਾ ਸ਼ੁਰੂ ਹੋਇਆ। ਮੌਕੇ 'ਤੇ ਮੁਸਲਿਮ ਭਾਈਚਾਰਾ ਦੀ ਤਾਦਾਤ ਵਧਦੀ ਗਈ ਜਿਨ੍ਹਾਂ ਨੇ ਮੌਕੇ 'ਤੇ ਪੁਲੀਸ ਨੂੰ ਫੋਨ ਕਰਨ ਤੋਂ ਇਲਾਵਾ ਕਬਜ਼ੇ ਦੀ ਕਾਰਵਾਈ ਦਾ ਵਿਰੋਧ ਕੀਤਾ। ਪਰ ਜਦ ਉਹ ਨਹੀਂ ਹਟੇ ਤਾਂ ਉਨ੍ਹਾਂ ਵੱਲੋਂ ਪੁਲੀਸ ਸਟੇਸ਼ਨ ਦਾ ਘਿਰਾਓ ਕੀਤਾ ਗਿਆ। ਇਸ ਮਗਰੋਂ ਮੌਕੇ ਤੋਂ ਜੇ.ਸੀ.ਬੀ. ਅਤੇ ਦੋਸ਼ੀ ਫ਼ਰਾਰ ਹੋ ਗਏ।

ਇਸ ਮਾਮਲੇ ਵਿੱਚ ਪੁਲੀਸ ਨੇ ਦੁਕਾਨਦਾਰ ਵਿਧਵਾ ਅਤੇ ਉਸਦੇ ਦੋ ਮੁੰਡਿਆਂ ਸਣੇ ਉਨ੍ਹਾਂ ਦੇ ਅਣਪਛਾਤੇ ਸਾਥੀਆਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲੋਹਿਤ ਸੈਣੀ ਨੂੰ ਗ੍ਰਿਫ਼ਤਾਰ ਕਰ 14 ਦਿਨ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜਦਕਿ ਬਾਕੀ ਦੋਸ਼ੀ ਹਾਲੇ ਫ਼ਰਾਰ ਚਲ ਰਹੇ ਹਨ।

ਗੱਲ ਕਰਨ 'ਤੇ ਐਸ.ਪੀ. (ਦਿਹਾਤੀ) ਮਨਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਕੁਝ ਹੋਰ ਅਹਿਮ ਸੀਸੀਟੀਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਵਿੱਚ ਕੁਝ ਹੋਰ ਲੋਕਾਂ ਦੀ ਪਛਾਣ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਲੋਕਾਂ ਦੀ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਗੰਭੀਰ ਮਾਮਲਾ ਹੈ ਜਿਸਦੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਏਗਾ। ਉਨ੍ਹਾਂ ਨੇ ਕਿਹਾ ਕਿ ਇਸਦੀ ਯੋਜਨਾ ਬਣਾਉਣ ਵਾਲੇ ਦੋਸ਼ੀਆਂ ਦੀ ਪਛਾਣ ਕੀਤੀ ਜਾ ਰਹੀ ਹੈ ਜਿਨ੍ਹਾਂ ਖ਼ਿਲਾਫ਼ ਪਛਾਣ ਕਰ ਕਾਰਵਾਈ ਕੀਤੀ ਜਾਏਗੀ।

# ਅਜ਼ੀਜ਼ਪੁਰ ਟੋਲਾ ਪਲਾਜ਼ਾ ਤੇ ਪੀਆਰਟੀਸੀ ਬੱਸ ਡਰਾਈਵਰ ਅਤੇ ਟੋਲ ਕਰਮਚਾਰੀਆਂ ਵਿਚਾਲੇ ਝੜਪ, ਲੱਗੇ ਜਾਮ ਕਾਰਨ ਮੁਸਾਫ਼ਰ ਪਰੇਸ਼ਾਨ

**ਜ਼ੀਰਕਪੁਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਪਟਿਆਲਾ ਰੋਡ 'ਤੇ ਸਥਿੱਤ ਅਜ਼ੀਜ਼ਪੁਰ ਟੋਲਾ ਪਲਾਜ਼ਾ ਵਿਖੇ ਬੁੱਧਵਾਰ ਸਵੇਰੇ ਪੀਆਰਟੀਸੀ ਬੱਸ ਦੇ ਡਰਾਈਵਰ ਅਤੇ ਟੋਲ ਕਰਮਚਾਰੀਆਂ ਵਿਚਕਾਰ ਹੋਈ ਜ਼ਬਰਦਸਤ ਬਹਿਸ ਕਾਰਨ ਮਾਹੌਲ ਤਣਾਅਪੂਰਣ ਹੋ ਗਿਆ ਜਿਸ ਕਾਰਨ ਬੱਸ ਚਾਲਕਾਂ ਨੇ ਟੋਲ ਪਲਾਜਾ ਤੇ ਬੱਸਾਂ ਲਗਾ ਜਾਮ ਲਗਾ ਦਿੱਤਾ ਜਿਸ ਕਰਨ ਕਰੀਬ ਦੋ ਘੰਟੇ ਤੱਕ ਆਵਾਜਾਈ ਜਾਮ ਰਹੀ। ਕੱਲ੍ਹ ਦੁਪਹਿਰ ਵਾਪਰੀ ਇਸ ਘਟਨਾ ਕਾਰਨ ਕੰਡਕਟਰ ਜ਼ਖ਼ਮੀ ਹੋ ਗਿਆ ਅਤੇ ਟੋਲ ਪਲਾਜ਼ਾ 'ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਸਵੇਰੇ 7.30 ਵਜੇ ਦੇ ਕਰੀਬ ਲੱਗੇ ਇਸ ਜਾਮ ਨਾਲ ਸੜਕ ਦੇ ਦਿਨੋਂ ਪਾਸੇ ਵਾਹਨਾਂ ਦੀਆਂ ਲੰਮੀਆਂ ਲੰਮੀਆਂ ਲਾਈਨਾਂ ਲੱਗ ਗਈਆ। ਸਵੇਰ ਦਾ ਸਮਾਂ ਹੋਣ ਕਾਰਨ ਅਤੇ ਪੀਆਰਟੀਸੀ ਬੱਸ ਡਰਾਈਵਰਾਂ ਵੱਲੋਂ ਲਗਾਏ ਜਾਮ ਦੇ ਚਲਦੇ ਮੁਸਾਫਿਰਾਂ ਨੂੰ ਭਾਰੀ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਪੈਦਲ ਤੁਰ ਕੇ ਆਪਣੀ ਮੰਜਿਲ ਵੱਲ ਜਾਣ ਲਈ ਮਜਬੂਰ ਹਨ। ਚਸ਼ਮਦੀਦਾਂ ਅਨੁਸਾਰ, ਝੜਪ ਉਦੋਂ ਸ਼ੁਰੂ ਹੋਈ ਜਦੋਂ ਬੱਸ ਦੇ ਡਰਾਈਵਰ-ਕੰਡਕਟਰ, ਜੋ ਨਿਰਧਾਰਤ ਸਮੇਂ ਤੋਂ ਪਿੱਛੇ ਚੱਲ ਰਹੇ ਸਨ ਨੇ ਲੇਨ ਕਲੀਅਰ ਰੱਖਣ ਦੀ ਗਲ ਕਹੀ ਕਿਉਂਕਿ ਟੋਲ ਕੰਪਨੀ ਨਾਲ 1 ਅਤੇ 7 ਨੰਬਰ ਤੋਂ ਬੱਸਾਂ ਕੱਢਣ ਦਾ ਲਿਖਿਤ ਸਮਝੌਤਾ ਹੋਇਆ ਪਿਆ ਹੈ ਤਾਂ ਜੋ ਉਨਾਂ ਦਾ ਸਮਾਂ ਖਰਾਬ ਨਾ ਹੋਵੇ ਪਰ ਇਸ ਦੇ ਬਾਵਜੂਦ ਵੀ ਟੋਲ ਪਲਾਜ਼ਾ ਵਾਲੇ ਬੱਸ ਡਰਾਈਵਰਾਂ ਨਾਲ ਧੱਕਾ ਕਰਦੇ ਹਨ। ਬੱਸ ਡਰਾਈਵਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਸੀਮਤ ਸਮਾਂ ਹੁੰਦਾ ਹੈ ਅਤੇ ਅਜਿਹੀਆਂ ਬੇਨਤੀਆਂ ਕਰਨ 'ਤੇ ਟੋਲ ਅਧਿਕਾਰੀਆਂ ਦੁਆਰਾ ਅਕਸਰ ਦੁਰਵਿਵਹਾਰ ਕੀਤਾ ਜਾਂਦਾ ਹੈ। ਜਦੋਂ ਟੋਲ ਕਰਮਚਾਰੀਆਂ ਨੇ ਇਨਕਾਰ ਕਰ ਦਿੱਤਾ ਅਤੇ ਵਿਵਾਦ ਹੋਇਆ, ਜੋ ਲੜਾਈ ਵਿੱਚ ਬਦਲ ਗਿਆ। ਇਸ ਦੌਰਾਨ ਇਕ ਕੰਡਕਟਰ ਜ਼ਖਮੀ ਵੀ ਹੋ ਗਿਆ ਜਦਕਿ ਟੋਲ ਕਰਮਚਾਰੀ ਮੌਕੇ ਤੋਂ ਖਿਸਕ ਗਏ।



ਮੌਕੇ 'ਤੇ ਪਹੁੰਚੀ ਜ਼ੀਰਕਪੁਰ ਪੁਲਿਸ ਨੇ ਦਖਲ ਦੇ ਕੇ ਸਥਿਤੀ 'ਤੇ ਕਾਬੂ ਪਾਇਆ। ਦੋਵਾਂ ਧਿਰਾਂ ਵਿਚਾਲੇ ਹੋਈ ਤਕਰਾਰ ਕਾਰਨ ਟੋਲ ਪਲਾਜ਼ਾ 'ਤੇ ਵੱਡਾ ਜਾਮ ਲੱਗ ਗਿਆ ਅਤੇ ਕਰੀਬ ਦੋ ਕਿਲੋਮੀਟਰ ਤੱਕ ਵਾਹਨਾਂ ਦੀਆਂ ਲਾਈਨਾਂ ਲੱਗ ਗਈਆਂ। ਮਾਮਲੇ ਸੰਬਧੀ ਪੀਆਰਟੀਸੀ ਦੇ ਪ੍ਰਧਾਨ ਬਿੰਦਰ ਨੇ ਦੱਸਿਆ ਕਿ ਉਨਾਂ ਦਾ ਟੋਲ ਕੰਪਨੀ ਨਾਲ 1 ਤੇ 7 ਨੰਬਰ ਤੋਂ ਬੱਸਾਂ ਕੱਢਣ ਦਾ ਲਿਖਿਤ ਸਮਝੌਤਾ ਹੋਇਆ ਪਿਆ ਹੈ ਤਾਂ ਜੋ ਉਨਾਂ ਦਾ ਸਮਾਂ ਖਰਾਬ ਨਾ ਹੋਵੇ ਪਰ ਇਸ ਦੇ ਬਾਵਜੂਦ ਵੀ ਟੋਲ ਪਲਾਜ਼ਾ ਵਾਲੇ ਬੱਸ ਡਰਾਈਵਰਾਂ ਨਾਲ ਧੱਕਾ ਕਰਦੇ ਹਨ।

ਉਨ੍ਹਾਂ ਕਿਹਾ ਕਿ ਅੱਜ ਸਵੇਰੇ ਜਦੋਂ ਬਰਨਾਲਾ ਡਿੱਪੂ ਦੀ ਬੱਸ ਪਟਿਆਲਾ ਤੋਂ ਚੰਡੀਗੜ੍ਹ ਜਾ ਰਹੀ ਸੀ ਤਾਂ ਅਜੀਜ਼ਪੁਰ ਟੋਲ 'ਤੇ ਟੋਲ ਮੁਲਾਜ਼ਮ ਨਾਲ ਡਰਾਈਵਰ ਦੀ ਬਹਿਸ ਹੋ ਗਈ ਜੋ ਹੱਥੋ ਪਾਈ ਵਿੱਚ ਬਦਲ ਗਈ। ਜਿਸ ਦੇ ਚਲਦੇ ਬੱਸ ਆਪ੍ਰੇਟਰਾਂ ਨੇ ਗੁੱਸੇ ਵਿੱਚ ਆ ਕੇ ਜਾਮ ਲਗਾ ਦਿੱਤਾ। ਉਨਾਂ ਕਿਹਾ ਕਿ ਸਮੇਂ ਨੂੰ ਲੈ ਕੇ ਜਦੋਂ ਵੀ ਟੋਲ ਮੁਲਾਜ਼ਮਾਂ ਨੂੰ ਕਿਹਾ ਜਾਂਦਾ ਹੈ ਤਾਂ ਉਹ ਡਰਾਈਵਰ ਕੰਡਕਟਰ ਦੀ ਕੁੱਟਮਾਰ ਕਰਦੇ ਹਨ ਜੋ ਕਦੇ ਵੀ ਬਰਦਾਸਤ ਨਹੀ ਕੀਤਾ ਜਾਵੇਗਾ। ਜਦਕਿ ਇਸ ਸੰਬਧੀ ਜਦੋਂ ਅਜ਼ੀਜਪੁਰ ਟੋਲ ਪਲਾਜਾ ਦੇ ਪ੍ਰਬੰਧਕਾਂ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ।

# ਸ਼ਹਿਰ ਵਿੱਚ ਚਲਾਈਆਂ ਜਾ ਰਹੀਆਂ ਹਨ ਸਫ਼ਾਈ ਗਤੀਵਿਧੀਆਂ-ਕਾਰਜ ਸਾਧਕ ਅਫ਼ਸਰ




**ਤਰਨ ਤਾਰਨ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਫ਼-ਸਫ਼ਾਈ ਨੂੰ ਲੈ ਕੇ ਪੂਰੀ ਤਰ੍ਹਾਂ ਗੰਭੀਰ ਹੈ। ਇਸੇ ਲੜੀ ਤਹਿਤ 19 ਤੋਂ 24 ਅਗਸਤ, 2024 ਤੱਕ ਨਗਰ ਕੌਂਸਲਾਂ, ਨਗਰ ਪੰਚਾਇਤ ਅਤੇ ਨਗਰ ਨਿਗਮਾਂ ਵਿਖੇ ਵਿਸ਼ੇਸ਼ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ।
ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜ ਸਾਧਕ ਅਫ਼ਸਰ ਤਰਨ ਤਾਰਨ ਸ੍ਰੀ ਕਮਲਜੀਤ ਸਿੰਘ ਨੇ ਦੱਸਿਆ ਕਿ ਇਸ ਸਫ਼ਾਈ ਮੁਹਿੰਮ ਤਹਿਤ ਨਗਰ ਕੌਂਸਲ ਤਰਨ ਤਾਰਨ ਵੱਲੋਂ ਸਫਾਈ ਦੇ ਕੰਮ ਨੂੰ ਲੈ ਕੇ ਸ਼ਹਿਰ ਵਿੱਚ ਚੱਲ ਰਹੀਆਂ ਗਤੀਵਿਧੀਆਂ ਦੌਰਾਨ ਸ਼ਹਿਰ ਵਿੱਚੋਂ ਲੰਘ ਰਹੇ ਡਵਾਈਡਰ 'ਤੇ ਲੱਗੇ ਬੂਟਿਆ ਦੀ ਛਾਂਗ ਛਗਾਈ ਅਤੇ ਮਾਲੀਆਂ ਰਾਹੀਆਂ ਡਵਾਈਡਰਾਂ ਵਿੱਚੋਂ ਘਾਹ ਬੂਟੀ ਕੱਢ ਕੇ ਅਤੇ ਡਵਾਈਡਰ ਵਿੱਚ ਖਾਲੀ ਥਾਵਾਂ 'ਤੇ ਨਵੇਂ ਬੂਟੇ ਲਗਾ ਕੇ ਡਵਾਈਡਰ ਨੂੰ ਸਾਫ ਸੁਥਰਾ ਬਣਾਇਆ ਜਾ ਰਿਹਾ ਹੈ।

ਉਹਨਾਂ ਦੱਸਿਆ ਕਿ ਇਸ ਸਫ਼ਾਈ ਮੁਹਿੰਮ ਦੌਰਾਨ ਗਊਸ਼ਾਲਾ ਰੋਡ ਉੱਪਰ ਨੇੜੇ ਗਊਸ਼ਾਲਾ ਲਾਗੇ ਪਏ ਜੀਵੀਪੀ ਨੂੰ ਤੇ ਪੁਰਾਣੇ ਕੂੜੇ ਨੂੰ ਸਾਫ਼ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਇਸ ਜਗ੍ਹਾ 'ਤੇ ਆਮ ਲੋਕਾਂ ਵੱਲੋਂ ਗਊਆਂ ਨੂੰ ਦਾਣਾ ਪਾਉਣ ਉਪਰੰਤ ਪਲਾਸਟਿਕ ਦੇ ਲਿਫਾਫ਼ੇ ਬਾਹਰ ਸੁੱਟ ਦਿੱਤੇ ਜਾਂਦੇ ਹਨ। ਇਸ ਸਮੱਸਿਆ ਨੂੰ ਦੂਰ ਕਰਨ ਲਈ ਮੌਕੇ ਉੱਪਰ ਲੋਹੇ ਦਾ ਕੇਜ਼ ਬਣਾ ਕੇ ਕੰਕਰੀਟ ਭਰ ਕੇ ਕੇਜ਼ ਫੀਕਸ ਕਰ ਦਿੱਤਾ ਗਿਆ ਹੈ ਤਾਂ ਜੋ ਲੋਕਾਂ ਵੱਲੋਂ ਪਲਾਸਟਿਕ ਦੇ ਲਿਫਾਫੇ ਇਸ ਕੇਜ਼ ਵਿੱਚ ਪਾਏ ਜਾ ਸਕਣ। ਉਹਨਾਂ ਦੱਸਿਆ ਕਿ ਇਸ ਜਗ੍ਹਾ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਮੋਟੀਵੇਟਰ ਦੀ ਡਿਊਟੀ ਵੀ ਲਗਾਈ ਗਈ ਹੈ।

ਕਾਰਜ ਸਾਧਕ ਅਫ਼ਸਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਝਬਾਲ ਰੋਡ ਬਾਈਪਾਸ 'ਤੇ ਬਣੇ ਬੱਸ ਸਟੈਂਡ ਸ਼ੈਲਟਰ ਦੀ ਪੂਰਨ ਤੌਰ 'ਤੇ ਸਾਫ ਸਫਾਈ ਕਰਵਾਈ ਗਈ ਹੈ ਅਤੇ ਨਾਲ ਲੱਗਦੇ ਫਰੂਟ ਅਤੇ ਸਬਜੀਆਂ ਦੀਆਂ ਰੇਹੜੀਆਂ ਦੇ ਚਾਲਕਾਂ ਨੂੰ ਰੇਹੜੀਆਂ ਨਜ਼ਦੀਕ ਸਾਫ਼ ਸਫਾਈ ਕਰਨ ਸਬੰਧੀ ਜਾਗਰੂਕ ਕੀਤਾ ਗਿਆ ਹੈ ਅਤੇ ਝਬਾਲ ਬਾਈਪਾਸ ਦੀ ਸਾਫ਼-ਸਫਾਈ ਕਰਵਾਈ ਗਈ ਹੈ। ਇਸ ਦੇ ਨਾਲ ਹੀ ਦਿਆਲ ਬਾਗ ਨੇੜੇ ਲੋਕਾਂ ਵੱਲੋਂ ਸੁੱਟੇ ਜਾਂਦੇ ਕੂੜੇ ਅਤੇ ਮਲਬੇ ਦੀ ਸਾਫ਼ ਸਫਾਈ ਕਰਵਾਈ ਗਈ ਹੈ।

ਉਹਨਾਂ ਦੱਸਿਆ ਕਿ ਸਫ਼ਾਈ ਮੁਹਿੰਮ ਤਹਿਤ ਸ਼ੀਹਰ ਵਿੱਚ ਇਹ ਕੰਮ ਇਸੇ ਤਰ੍ਹਾਂ ਨਿਰੰਤਰ ਜਾਰੀ ਰਹਿਣਗੇ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੁਹਿੰਮ ਵਿਚ ਵੱਧ ਚੜ ਕੇ ਹਿੱਸਾ ਲਿਆ ਜਾਵੇ। ਉਨ੍ਹਾਂ ਲੋਕਾ ਨੂੰ ਕਿਹਾ ਕਿ ਜੇਕਰ ਘਰ ਦੇ ਨੇੜੇ ਕਿਤੇ ਵੀ ਜੀ. ਵੀ. ਪੀ ਹੈ ਤਾਂ ਤੁਰੰਤ ਇਸ ਬਾਰੇ ਨਗਰ ਕੌਂਸਲ ਤਰਨ ਤਾਰਨ ਨੂੰ ਸੂਚਿਤ ਕੀਤਾ ਜਾਵੇ।

# ਸਿਹਤ ਵਿਭਾਗ ਵੱਲੋਂ ਮਨਾਇਆ ਜਾ ਰਿਹੈ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ

**ਰੂਪਨਗਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵੱਲੋਂ 25 ਅਗਸਤ ਤੋਂ 08 ਸਤੰਬਰ ਤੱਕ ਕੋਰਨੀਅਲ ਅੰਨ੍ਹਾਪਣ, ਕੋਰਨੀਅਲ ਟਰਾਂਸਪਲਾਂਟ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ, ਉਨ੍ਹਾਂ ਨੂੰ ਮੌਤ ਉਪਰੰਤ ਅੱਖਾਂ ਦਾਨ ਕਰਨ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਤਰਸੇਮ ਸਿੰਘ ਨੇ ਦੱਸਿਆ ਕਿ ਕੋਰਨੀਆ (ਅੱਖ ਦੀ ਪੁਤਲੀ) ਦੀ ਬਿਮਾਰੀ ਤੋਂ ਅੰਨ੍ਹਾਪਣ ਭਾਰਤ ਵਿੱਚ ਇੱਕ ਪ੍ਰਮੁੱਖ ਜਨਤਕ ਸਿਹਤ ਸਮੱਸਿਆ ਹੈ। ਭਾਰਤ ਵਿੱਚ ਪ੍ਰਤੀ ਸਾਲ 01 ਲੱਖ ਕੋਰਨੀਅਲ ਟਰਾਂਸਪਲਾਂਟ ਕਰਨ ਲਈ 02 ਲੱਖ 70 ਹਜ਼ਾਰ ਦਾਨੀਆਂ ਦੀਆਂ ਅੱਖਾਂ ਦੀ ਲੋੜ ਦਾ ਅਨੁਮਾਨ ਹੈ, ਜੋ ਕਿ ਦਾਨੀ ਅੱਖਾਂ ਦੀ ਮੌਜੂਦਗੀ ਤੋਂ ਲਗਭਗ 4 ਗੁਣਾ ਵੱਧ ਹੈ। ਮਨੁੱਖੀ ਅੱਖਾਂ ਦੀ ਮੰਗ ਅਤੇ ਸਪਲਾਈ ਵਿੱਚ ਵੱਡਾ ਫਰਕ ਇੱਕ ਚੁਣੌਤੀ ਹੈ, ਇਸ ਦੇ ਲਈ ਆਮ ਲੋਕਾਂ ਵਿਚ ਜਾਗਰੂਕਤਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਕੋਰਨੀਆਂ ਅੱਖ ਦੀ ਕੱਚ ਵਰਗੀ ਸਭ ਤੋਂ ਬਾਹਰ ਦੀ ਪਾਰਦਰਸ਼ੀ ਪਰਤ ਹੁੰਦੀ ਹੈ। ਕੋਰਨੀਆਂ ਵਿਚੋਂ ਹੀ ਸਾਡੇ ਅੱਖ ਦੇ ਅੰਦਰ ਰੋਸ਼ਨੀ ਜਾਂਦੀ ਹੈ, ਜਿਸ ਕਾਰਨ ਅਸੀਂ ਦੇਖਦੇ ਹਾਂ, ਸੱਟ ਲੱਗਣ ਕਾਰਨ, ਕੋਰਨੀਅਲ ਟਰੋਮਾ, ਕਿਸੇ ਵੀ ਤਰ੍ਹਾਂ ਦੀ ਵਾਈਰਲ, ਬੈਕਟੀਰੀਅਲ ਜਾਂ ਫੰਗਸ ਲਾਗ (ਇੰਫੈਕਸ਼ਨ) ਕਾਰਨ, ਕਿਸੇ ਤਰ੍ਹਾਂ ਦੇ ਕੁਪੋਸ਼ਨ ਕਾਰਨ ਜਿਵੇ ਵਿਟਾਮਿਨ ਏ ਦੀ ਘਾਟ ਹੋ ਜਾਣਾ, ਜਨਮ ਤੋਂ ਹੀ ਕਿਸੇ ਬਿਮਾਰੀ ਕਾਰਨ, ਪਾਰਦਰਸ਼ੀ ਕੋਰਨੀਅਲ ਅਪਾਰਦਰਸ਼ੀ ਹੋ ਜਾਂਦਾ ਹੈ ਤਾਂ ਅੱਖ ਬਾਹਰ ਦੀ ਰੋਸ਼ਨੀ ਨੂੰ ਫੋਕਸ ਨਹੀਂ ਕਰ ਪਾਉਂਦੀ ਤੇ ਵਿਅਕਤੀ ਨੂੰ ਕੁੱਝ ਵੀ ਦਿਖਾਈ ਨਹੀਂ ਦਿੰਦਾ। ਜਦੋਂ ਇਸ ਅਪਾਰਦਰਸ਼ੀ ਕੋਰਨੀਅਲ ਨੂੰ ਨਵੇਂ ਪਾਰਦਰਸ਼ੀ ਕੋਰਨੀਅਲ ਨਾਲ ਟਰਾਂਸਪਲਾਟ ਕਰਦੇ ਹਾਂ ਤਾਂ ਵਿਅਕਤੀ ਫਿਰ ਤੋਂ ਦੇਖਣ ਯੋਗ ਹੋ ਜਾਂਦਾ ਹੈ।



ਸਾਹਇਕ ਸਿਵਲ ਸਰਜਨ ਡਾ. ਅੰਜੂ ਨੇ ਦੱਸਿਆ ਕਿ ਅੱਖਾਂ ਦਾਨ ਸਿਰਫ ਜੀਵਨ ਤੋਂ ਬਾਅਦ ਮੌਤ ਤੋਂ 4 ਤੋਂ 6 ਘੰਟੇ ਦੇ ਵਿਚ ਹੀ ਹੋਣੀਆਂ ਚਾਹੀਦੀਆਂ ਹਨ।

ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਅੱਖਾਂ ਦਾਨ ਕਰਨ ਦੇ ਫਾਰਮ ਸਮੂਹ ਸਰਕਾਰੀ ਹਸਪਤਾਲਾਂ ਅਤੇ ਸਰਕਾਰੀ ਮੈਡੀਕਲ ਕਾਲਜਾਂ ਵਿਚ ਮੌਜੂਦ ਹਨ। ਇਸ ਪੰਦਰਵਾੜੇ ਦੌਰਾਨ ਸਾਡੇ ਪੈਰਾ ਮੈਡੀਕਲ ਦੇ ਸਿਹਤ ਕਰਮਚਾਰੀ ਅਤੇ ਆਸ਼ਾ ਵਰਕਰ ਲੋਕਾਂ ਨੂੰ ਜਾਗਰੂਕ ਕਰਕੇ ਫਾਰਮ ਭਰਾਉਣ ਵਿੱਚ ਮਦਦ ਵੀ ਕਰਨਗੇ। ਉਨ੍ਹਾਂ ਦੱਸਿਆ ਕਿ ਆਨਲਾਈਨ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ

ਰਾਸਟਰੀ ਪੁਲਾੜ ਦਿਵਸ਼ 'ਤੇ ਵਿਸ਼ੇਸ਼

# ਮਨੁੱਖ ਦਾ ਧਰਤੀ ਤੋਂ ਚੰਨ ਤੱਕ ਦਾ ਸਫ਼ਰ

ਮਨੁੱਖ ਸ਼ੁਰੂ ਤੋਂ ਹੀ ਦਿਖਾਈ ਦਿੰਦੀ ਵਸਤੂ ਬਾਰੇ ਜਾਨਣ ਦੀ ਜਗਿਆਸਾ ਰੱਖਦਾ ਹੈ। ਪੁਰਾਤਨ ਕਾਲ ਵਿੱਚ ਚੰਨ ਨੂੰ ਰਾਤ ਵੇਲੇ ਰੋਸ਼ਨੀ ਦਾ ਇੱਕ ਪ੍ਰਮੁੱਖ ਸੋਮਾ ਮੰਨਿਆਂ ਜਾਂਦਾ ਸੀ ਅਤੇ ਜਦੋਂ ਵੀ ਅਸੀਂ ਅਸਮਾਨ ਵੱਲ ਵੇਖਦੇ ਤਾਂ ਚਮਕਦਾ ਹੋਇਆ ਚੰਨ ਤੇ ਟਿਮ-ਟਿਮਾਉਂਦੇ ਤਾਰੇ ਸਾਨੂੰ ਇਹ ਜਾਨਣ ਲਈ ਉਤਸੁਕ ਕਰ ਦਿੰਦੇ ਸਨ ਕਿ ਚੰਨ ਕਿਵੇਂ ਬਣਿਆ, ਇਹ ਕਿਥੋਂ ਆਇਆ? ਇਸ ਸਵਾਲ ਦੇ ਜਵਾਬ ਲਈ ਵੱਖ ਵੱਖ ਸਿੱਧਾਂਤ ਪ੍ਰਚੱਲਤ ਹੋਏ। ਉਹਨਾਂ ਵਿਚੋਂ ਇੱਕ ਪ੍ਰਮੁੱਖ ਸਿਧਾਂਤ ÷ ਵਿਸ਼ਾਲ ਟਕਰਾਅ ਦਾ÷ ਸਿਧਾਂਤ ਹੈ।ਇਸ ਸਿਧਾਂਤ ਅਨੁਸਾਰ 4.6 ਬਿਲੀਅਨ ਸਾਲ ਪਹਿਲਾਂ ਸੂਰਜ ਦੁਆਲੇ ਲੱਖਾਂ ਪਿੰਡ ਸੂਰਜ ਦੇ ਗੁਰੂਤਾ ਆਕਰਸ਼ਣ ਕਾਰਨ ਘੁੰਮਦੇ ਹਨ। ਲੱਖਾਂ ਪਿੰਡਾਂ ਦੇ ਇਕੱਠੇ ਹੋਣ ਨਾਲ ਧਰਤੀ ਦਾ ਨਿਰਮਾਣ ਹੋਇਆ।4.5 ਬਿਲੀਅਨ ਸਾਲ ਪਹਿਲਾਂ ਥੀਆ (Thea) ਨਾਂ ਦਾ ਛੋਟਾ ਗ੍ਰਹਿ ਧਰਤੀ ਨਾਲ ਟਕਰਾਉਣ ਕਾਰਨ ਧਰਤੀ ਦੇ ਕੁੱਝ ਛੋਟੇ ਛੋਟੇ ਟੁਕੜੇ ਹੋ ਗਏ।ਇਸ ਕਾਰਨ ਪੈਦਾ ਹੋਇਆ ਮਲਬਾ ਧਰਤੀ ਦੁਆਲੇ ਚੱਕਰ ਲਗਾਉਣ ਲੱਗਾ ਅਤੇ ਸਮਾਂ ਪਾਕੇ ਚੰਦਰਮਾ ਦੇ ਰੂਪ ਵਿੱਚ ਇੱਕੱਠਾ ਹੋ ਗਿਆ। ਇਸ ਤਰ੍ਹਾਂ ਚੰਦਰਮਾ ਧਰਤੀ ਦਾ ਕੁਦਰਤੀ ਉੱਪ ਗ੍ਰਹਿ ਬਣ ਗਿਆ ਅਤੇ ਧਰਤੀ ਦੁਆਲੇ ਚੱਕਰ ਲਗਾਉਣ ਲੱਗਾ।

ਚੰਨ ਬਾਰੇ ਜਾਨਣ ਲਈ ਸਾਲ 1960 ਤੋਂ ਮੂਨ ਮਿਸ਼ਨ ਸ਼ੁਰੂ ਹੋ ਗਏ। ਖੋਜ ਵਿਗਿਆਨੀਆਂ ਤੋਂ ਖੋਜ ਕਰਨ ਤੇ ਪਤਾ ਲੱਗਾ ਕਿ ਚੰਨ ਅਤੇ ਧਰਤੀ ਵਿੱਚਕਾਰ ਲੱਗਭਗ 3.8 ਲੱਖ ਕਿਲੋਮੀਟਰ ਦੀ ਦੂਰੀ ਹੈ ਅਤੇ ਚੰਨ ਦਾ ਆਕਾਰ ਧਰਤੀ ਦੇ ਅਕਾਰ ਦੇ 1/4 ਹਿੱਸੇ ਦੇ ਬਰਾਬਰ ਹੈ। ਮਨੁੱਖ ਦੀ ਚੰਨ ਪ੍ਰਤੀ ਉਤਸੁਕਤਾ ਕਾਰਨ ਵਿਗਿਆਨੀ ਚੰਨ ਤੱਕ ਪਹੁੰਚਣ ਲਈ ਵੱਖ ਵੱਖ ਖੋਜਾਂ ਤੇ ਯਤਨ ਕਰਦੇ ਰਹੇ। ਇਸ ਦੌਰਾਨ ਅਮਰੀਕਾ ਅਤੇ ਸੋਵੀਅਤ ਯੂਨੀਅਨ ਵਿੱਚਕਾਰ ਰਾਕੇਟ ਤਕਨਾਲੋਜੀ ਰਾਹੀਂ ਮਨੁੱਖ ਨੂੰ ਪੁਲਾੜ ਵਿੱਚ ਲੈਕੇ ਜਾਣ ਦੀ ਹੋੜ ਸ਼ੁਰੂ ਹੋ ਗਈ।



**ਲੇਖਿਕਾ ਨਿਸ਼ੂਕਾ (ਸਾਇੰਸ ਮਿਸਟ੍ਰੈਸ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਗਰ ਸਾਹਿਬ ਜ਼ਿਲ੍ਹਾ ਪਟਿਆਲਾ।**

1961ਵਿੱਚ ਸੋਵੀਅਤ ਯੂਨੀਅਨ ਪਹਿਲੇ ਮਨੁੱਖ ਯੂਰੀ ਗੋਗੇਨ ਨੂੰ ਪੁਲਾੜ ਵਿੱਚ ਭੇਜਣ ਵਿੱਚ ਸਫ਼ਲ ਰਹੇ। ਮਨੁੱਖ ਨੂੰ ਚੰਨ ਜਾਂ ਪੁਲਾੜ ਤੱਕ ਲੈਕੇ ਜਾਣਾ ਇੱਕ ਜ਼ਬਰਦਸਤ ਕੰਮ ਹੈ ਅਤੇ ਇਸ ਨਾਲ ਮਨੁੱਖ ਨੂੰ ਭੇਜਣ ਵਾਲੇ ਦੇਸ਼ ਦਾ ਰੁਤਬਾ ਵੀ ਵੱਧ ਜਾਂਦਾ ਹੈ। ਸੋਵੀਅਤ ਯੂਨੀਅਨ ਦੀ ਇਸ ਕਾਮਯਾਬੀ ਤੋਂ ਬਾਅਦ ਅਮਰੀਕਾ ਉੱਪਰ ਦਬਾਅ ਪਿਆ ਅਤੇ ਅਮਰੀਕਾ ਕੁੱਝ ਅਜਿਹਾ ਕਰਨਾ ਚਾਹੁੰਦਾ ਸੀ ਜਦੋਂ ਸੋਵੀਅਤ ਯੂਨੀਅਨ ਦੀ ਉਪਲੱਬਦੀ ਤੋਂ ਵੀ ਵੱਡੀ ਹੁੰਦੀ। ਇਸ ਲਈ ਅਮਰੀਕਾ ਦੀ ਨਾਸਾ ਏਜੰਸੀ ਨੇ ਅਪੋਲੋ -11 ਮਿਸ਼ਨ ਤਹਿਤ 20 ਜੁਲਾਈ 1969 ਨੂੰ ਅੰਤਰਿਕਸ਼ ਦੀ ਉਹ ਪਹਿਲੀ ਉਡਾਨ ਭਰੀ ਜਿਸਨੇ ਚੰਨ ਉੱਤੇ ਪਹਿਲੇ ਇਨਸਾਨ ਨੀਲ ਆਰਮਸਟਰਾਂਗ ਅਤੇ ਪਾਇਲਟ ਐਲਡਰਿੰਨ ਨੂੰ ਉਤਾਰਿਆ।ਜਿਸ ਨਾਲ ਨੀਲ ਆਰਮਸਟਰਾਂਗ ਚੰਨ ਉੱਪਰ ਪੈਰ ਰੱਖਣ ਵਾਲੇ ਪਹਿਲੇ ਮਨੁੱਖ ਬਣੇ।

ਇਸ ਤੋਂ ਪ੍ਰੇਰਿਤ ਹੋ ਕੇ ਭਾਰਤ ਵੀ ਚੰਨ ਉੱਤੇ ਪਹੁੰਚਣ ਲਈ ਵੱਖ ਵੱਖ ਉਪਰਾਲੇ ਕਰਨੇ ਸ਼ੁਰੂ ਕੀਤੇ। ? ਇਸ ਲਈ ਸੱਭ ਤੋਂ ਪਹਿਲਾਂ ਮੂਨ ਮਿਸ਼ਨ ਚੰਦ੍ਰਯਾਨ -1 ਸਾਲ 2008 ਵਿੱਚ ਲਾਂਚ ਕੀਤਾ ਜਿਸ ਤਹਿਤ ਇਸਦੇ ਸਪੇਸ ਕਰਾਫ਼ਟ ਨੇ ਚੰਨ ਉੱਪਰ ਮੌਜੂਦ ਮਿੱਟੀ ਵਿੱਚ ਪਾਣੀ ਦੀ ਮੌਜੂਦਗੀ ਦੇ ਠੋਸ ਸਬੂਤ ਹਾਸਲ ਕੀਤੇ। ਇਹ ਭਾਰਤ ਦੀ ਬਹੁਤ ਵੱਡੀ ਕਾਮਯਾਬੀ ਸੀ, ਇਸ ਨਾਲ ਵਿਸ਼ਵ ਪੱਧਰ ਉੱਪਰ ਭਾਰਤ ਦਾ ਰੁਤਬਾ ਹੋਰ ਵੀ ਉੱਚਾ ਹੋ ਗਿਆ। 2019 ਵਿੱਚ ਭਾਰਤ ਨੇ ISRO ਦੁਬਾਰਾ ਚੰਦ੍ਰਯਾਨ -2 ਭੇਜਿਆ ਜੋ ਕਿ ਸਫ਼ਲ ਨਾ ਰਿਹਾ। ਪ੍ਰੰਤੂ, 1ਜਨਵਰੀ 2020 ਨੂੰ ਭਾਰਤ ਦੇ ISRO ਦੁਆਰਾ ਚੰਦ੍ਰਯਾਨ -3 ਮਿਸ਼ਨ ਤਹਿਤ ਵਿਕਰਮ ਲੈਂਡਰ ਨੇ ਸਾਊਥ ਪੋਲ ਉੱਪਰ ਲੈਂਡ ਕੀਤਾ। ਸਾਊਥ ਪੋਲ ਚੰਨ ਦਾ ਬਹੁਤ ਹੀ ਦਿਲਚਸਪ ਭਾਗ ਹੈ ਕਿਉਕਿ ਵਿਗਿਆਨੀਆਂ ਨੂੰ ਅੰਦਾਜ਼ਾ ਹੈ ਕਿ ਉੱਥੇ ਬਰਫ਼ ਹੋ ਸਕਦੀ ਹੈ ਅਤੇ ਇਹ ਜ਼ਿੰਦਗੀ ਦਾ ਮਹੱਤਵਪੂਰਨ ਸੰਸਾਧਨ ਹੋ ਸਕਦੀ ਹੈ। ਹੁਣ ਤੱਕ ਚੰਦ੍ਰਯਾਨ -3 ਮਿਸ਼ਨ ਤਹਿਤ ਸਾਨੂੰ ਚੰਨ ਦੇ ਦੱਖਣੀ ਧਰੁਵ ਦੇ ਤਾਪਮਾਨ ਬਾਰੇ ਪਤਾ ਲੱਗਾ ਅਤੇ ਸਲਫ਼ਰ, ਅਲਮੂਨੀਅਮ,ਲੋਹਾ, ਕੈਲਸ਼ੀਅਮ ਅਤੇ ਆਕਸੀਜਨ ਦੇ ਹੋਣ ਦੇ ਕੁੱਝ ਸੁਰਾਗ਼ ਮਿਲੇ। ਇਸ ਤਰਾਂ ਚੰਦਰਯਾਨ 3 ਭਾਰਤ ਦੇ ਇਤਿਹਾਸ ਵਿੱਚ ਹਮੇਸ਼ਾ ਲਈ ਆਪਣੀ ਅਮਿੱਟ ਛਾਪ ਛੱਡ ਗਿਆ। ਚੰਨ ਉੱਤੇ ਮਨੁੱਖੀ ਜ਼ਿੰਦਗੀ ਨੂੰ ਸੰਭਵ ਕਰਨ ਲਈ ਭਾਰਤ ਦੁਆਰਾ ਅਨੇਕਾਂ ਯਤਨ ਕੀਤੇ ਜਾ ਰਹੇ ਹਨ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਬੂਟੇ ਵੰਡੇ ਗਏ



**ਫ਼ਤਹਿਗੜ੍ਹ ਸਾਹਿਬ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮੁੱਖ ਖੇਤੀਬਾੜੀ ਅਫਸਰ ਡਾ: ਧਰਜਮਿੰਦਰਜੀਤ ਸਿੰਘ ਸਿੱਧੂ ਦੀ ਅਗਵਾਈ ਹੇਠ ਬਸੀ ਪਠਾਣਾ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਬੂਟੇ ਵੰਡੇ ਗਏ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਬਸੀ ਪਠਾਣਾ ਡਾ: ਕਿਰਪਾਲ ਸਿੰਘ ਮਹੰਤ ਨੇ ਦੱਸਿਆ ਕਿ ਪੰਜਾਬ ਨੂੰ ਖੁਸ਼ਹਾਲ ਬਣਾਉਣ ਤੇ ਵਾਤਾਵਰਣ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਮੋਟਰਾਂ ਤੇ 5-5 ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਬੂਟੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਯਕੀਨੀ ਬਣਾਈ ਜਾਵੇ ਤਾਂ ਜ਼ੋ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਦਾ ਵਾਤਾਵਰਣ ਹਰਿਆ ਭਰਿਆ ਤੇ ਪ੍ਰਦੂਸ਼ਣ ਮੁਕਤ ਬਣ ਸਕੇ।

ਡਾ: ਕਿਰਪਾਲ ਸਿੰਘ ਮਹੰਤ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਰੱਖਣ ਲਈ ਬੂਟੇ ਵੰਡਣ ਦਾ ਵੱਡਾ ਉਪਰਾਲਾ ਕੀਤਾ ਗਿਆ ਹੈ, ਜਿਸ ਨੂੰ ਸਫਲ ਬਣਾਉਣਾ ਸਾਡੀ ਸਾਰਿਆਂ ਦੀ ਜਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਨੂੰ ਬੂਟਿਆਂ ਦੀ ਲੋੜ ਹੈ ਉਹ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਕੇ ਮੁਫਤ ਬੂਟੇ ਹਾਸਲ ਕਰ ਸਕਦੇ ਹਨ।

ਇਸ ਮੌਕੇ ਡਿਪਟੀ ਪ੍ਰੋਜੈਕਟ ਡਾਇਰੈਕਟਰ ਆਤਮਾ ਸ਼੍ਰੀ ਹਰਮਨਜੀਤ ਸਿੰਘ ਨੇ ਦੱਸਿਆ ਕਿ ਵਿਭਾਗ ਵੱਲੋਂ ਬੂਟੇ ਵੰਡਣ ਦੀ ਚਲਾਈ ਜਾ ਰਹੀ ਮੁਹਿੰਮ ਅਧੀਨ ਬਸੀ ਪਠਾਣਾ ਬਲਾਕ ਦੇ ਪਿੰਡ ਨੰਦਪੁਰ,ਕਲੌੜ, ਮੈਣ ਮਾਜਰੀ, ਸ਼ੇਰਗੜ੍ਹ ਬਾੜ੍ਹਾ, ਖੇੜੀ ਬੀਰ ਸਿੰਘ, ਰੁਪਾਲਹੇੜੀ, ਖੇੜੀ ਭਾਈ ਕੀ, ਮਾਰਵਾ, ਖਾਲਸਪੁਰ, ਦਮਹੇੜੀ, ਘੁਮੰਡਗੜ੍ਹ ਤੇ ਕੋਟਲਾ ਆਦਿ ਪਿੰਡਾਂ ਦੇ ਕਿਸਾਨਾਂ ਨੂੰ ਬੂਟੇ ਵੰਡੇ ਗਏ ਹਨ। ਜਿਨ੍ਹਾਂ ਵਿੱਚ ਜਾਮੁਨ, ਅਮਰੂਦ, ਗੁਲਾਬ, ਤੂਤ, ਕੈਮਫਰ, ਗੁਲਾਬੀ ਤੁਣ, ਅਰਜਨ ਆਦਿ ਦੇ ਬੂਟੇ ਪ੍ਰਮੁੱਖ ਹਨ। ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ ਸ਼੍ਰੀਮਤੀ ਮਨਦੀਪ ਕੌਰ ਨੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਉਪਰ ਕੀੜੇ ਮਕੌੜਿਆਂ ਤੇ ਬਿਮਾਰੀਆਂ ਦੇ ਹਮਲੇ ਅਤੇ ਇਸ ਦੀ ਰੋਕਥਾਮ ਬਾਰੇ ਦੱਸਿਆ। ਇਸ ਮੌਕੇ ਮਨਦੀਪ ਸਿੰਘ ਸ਼ੇਰਗੜ੍ਹ ਬਾੜ੍ਹਾ, ਰੁਪਿੰਦਰ ਸਿੰਘ, ਸਤਵਿੰਦਰ ਸਿੰਘ, ਬਲਜੀਤ ਸਿੰਘ, ਸੋਹਣ ਸਿੰਘ, ਅਮਰੀਕ ਸਿੰਘ, ਚਰਨਜੀਤ ਸਿੰਘ, ਪ੍ਰਗਟ ਸਿੰਘ, ਕੁਲਬੀਰ ਸਿੰਘ, ਕੁਲਵਿੰਦਰ ਸਿੰਘ ਤੇ ਜਸਵੀਰ ਸਿੰਘ ਤੋਂ ਇਲਾਵਾ ਪਿੰਡਾਂ ਦੇ ਪੰਚ, ਸਰਪੰਚ ਤੇ ਹੋਰ ਪਤਵੰਤੇ ਹਾਜਰ ਸਨ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ ਵਿੱਚ 14 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

**ਗੁਰਦਾਸਪੁਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 14 ਸਤੰਬਰ 2024 ਨੂੰ ਲਗਾਈ ਜਾ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐੱਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਿਤ ਕੋਰਟ ਵਿੱਚ ਜਾਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਦਫ਼ਤਰ ਦੇ ਕਮਰਾ ਨੰਬਰ 102 ਵਿਖੇ ਦੇ ਸਕਦਾ ਹੈ।



ਉਨ੍ਹਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫ਼ੈਸਲਾ ਅੰਤਿਮ ਹੁੰਦਾ ਹੈ।

# ਨਾਜਾਇਜ਼ ਅਸਲਾ ਸਪਲਾਈ ਕਰਨ ਦੇ ਮਾਮਲੇ ਚ ਦੋਸ਼ੀ ਦੀ ਜਮਾਨਤ ਮਨਜ਼ੂਰ

**ਰਾਜਪੁਰਾ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਅਦਾਲਤ ਸ਼੍ਰੀ ਕੰਵਲਜੀਤ ਸਿੰਘ, ਜੁਡੀਸੀਅਲ ਮੈਜਿਸਟ੍ਰੇਟ ਫਰਸਟ ਕਲਾਸ ਰਾਜਪੁਰਾ ਦੀ ਅਦਾਲਤ ਨੇ ਨਾਜਾਇਜ਼ 32 ਬੋਰ ਅਸਲਾ ਸਪਲਾਈ ਕਰਨ ਦੇ ਮਾਮਲੇ ਵਿਚ ਦੋਸ਼ੀ ਪਰਵੀਨ ਜਿਆਨੀ ਬਿਸ਼ਨੋਈ ਵਾਸੀ ਅਬੋਹਰ ਦੀ ਰੈਗੂਲਰ ਜਮਾਨਤ ਮੰਜ਼ੂਰ ਕਰ ਲਈ ਹੈ। ਉਕਤ ਦੋਸ਼ੀ ਦੇ ਖਿਲਾਫ਼ ਥਾਣਾ ਸਦਰ ਰਾਜਪੁਰਾ ਅਧੀਨ ਧਾਰਾ 25/54/59 ਆਰਮ ਐਕਟ ਦੇ ਤਹਿਤ ਕੇਸ ਦਰਜ ਕੀਤਾ ਗਿਆ ਸੀ ਅਤੇ ਦੋਸ਼ੀ ਨੂੰ ਨਾਜਾਇਜ਼ ਅਸਲੇ 32 ਬੋਰ ਨੂੰ ਸਪਲਾਈ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਪੁਲਸ ਨੇ ਦੋਸ਼ੀ ਦੇ ਬਿਆਨਾਂ ਦੇ ਆਧਾਰ ਤੇ 4 ਹੋਰ ਮੁਲਜ਼ਮਾਂ ਨੂੰ ਨਾਜਾਇਜ਼ ਅਸਲੇ ਸਪਲਾਈ ਕਰਨ ਦੇ ਦੋਸ਼ ਹੇਠ ਨਾਮਜ਼ਦ ਕੀਤਾ ਗਿਆ ਸੀ ਅਤੇ ਦੋਸ਼ੀ ਪਰਵੀਨ ਜਿਆਨੀ ਬਿਸ਼ਨੋਈ ਨੇ ਉਕਤ ਮੁਕੱਦਮੇ ਵਿੱਚ ਜ਼ਮਾਨਤ ਦੇ ਸੰਬੰਧ ਵਿੱਚ ਆਪਣੇ ਵਕੀਲ ਸ਼੍ਰੀ ਵਿਸਾਖੀ ਸਿੰਘ ਕੰਬੋਜ਼ ਰਾਹੀਂ ਮਾਨਯੋਗ ਅਦਾਲਤ ਸ਼੍ਰੀ ਕੰਵਲਜੀਤ ਸਿੰਘ, ਜੁਡੀਸੀਅਲ ਮੈਜਿਸਟ੍ਰੇਟ ਫਰਸਟ ਕਲਾਸ ਰਾਜਪੁਰਾ ਦੀ ਅਦਾਲਤ ਵਿੱਚ ਰੈਗੂਲਰ ਜਮਾਨਤ ਦੀ ਅਰਜੀ ਦਾਇਰ ਕੀਤੀ ਅਤੇ ਮਾਨਯੋਗ ਅਦਾਲਤ ਨੇ ਦੋਸ਼ੀ ਦੇ ਵਕੀਲ ਵਿਸਾਖੀ ਸਿੰਘ ਕੰਬੋਜ਼ ਦੀਆ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਦੋਸ਼ੀ ਪਰਵੀਨ ਜਿਆਨੀ ਬਿਸ਼ਨੋਈ ਦੀ ਜਮਾਨਤ ਨੂੰ ਮੰਜ਼ੂਰ ਕਰ ਲਿਆ ਹੈ।

# ਜ਼ਿਲ੍ਹਾ ਪੱਧਰੀ ਮੁਕਾਬਲਿਆਂ ਖੇਡ ਮੁਕਾਬਲਿਆਂ ਦੀ ਹੋਈ ਸ਼ੁਰੂਆਤ

**ਰੂਪਨਗਰ, 24 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਦੀਆਂ 68ਵੀਆਂ ਜ਼ਿਲ੍ਹਾ ਸਿੱਖਿਆ ਅਫਸਰ ਸਕੰਡਰੀ ਸਿੱਖਿਆ ਸੰਜੀਵ ਗੌਤਮ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਪੱਧਰੀ ਕਰਾਟੇ ਤੇ ਬਾਸਕਟਵਾਲ ਜੀ.ਐਮ.ਐਨ.ਐਸ ਸ ਸ ਰੂਪਨਗਰ, ਖੋ -ਖੋ ਡੀ.ਏ.ਵੀ ਸਕੂਲ ਰੂਪਨਗਰ ਅਤੇ ਹਾਕੀ ਹਾਕਸ ਸਟੇਡੀਅਮ ਵਿਖੇ ਸ਼ੁਰੂ ਹੋ ਗਏ ਹਨ।

ਇਨ੍ਹਾਂ ਖੇਡਾਂ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ੍ਰੀਮਤੀ ਸ਼ਰਨਜੀਤ ਕੌਰ ਨੇ ਦੱਸਿਆ ਕਿ ਬਾਸਕਟਬਾਲ, ਕਰਾਟੇ, ਖੋ-ਖੋ, ਹਾਕੀ ਸਾਰੇ ਵਰਗ ਵੱਖ-ਵੱਖ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ ਵੱਖ-ਵੱਖ ਟੂਰਨਾਮੈਂਟ ਦਾ ਉਦਘਾਟਨ ਪ੍ਰਿੰਸੀਪਲ ਸ. ਜਗਤਾਰ ਸਿੰਘ ਲੌਂਗੀਆ ਸਕੂਲ ਆਫ ਐਮੀਨੈਂਸ ਫਾਰ ਗਰਲਸ ਸ੍ਰੀ ਚਮਕੌਰ ਸਾਹਿਬ ਨੇ ਕੀਤਾ।

ਇਹ ਟੂਰਨਾਮੈਂਟ 21 ਅਗਸਤ ਤੋਂ ਲੈ ਕੇ 24 ਅਗਸਤ ਤੱਕ ਚੱਲੇਗਾ। ਅੱਜ ਦੇ ਫੁੱਟਬਾਲ ਦੇ ਮੁਕਾਬਲੇ ਅੰਡਰ 14 ਦੇ ਮੁਕਾਬਲੇ ਨੂਰਪੁਰ ਬੇਦੀ ਜੋਨ ਨੂੰ ਹਰਾ ਕੇ ਮੋਰਿੰਡਾ ਜੇਤੂ ਰਿਹਾ, ਸ੍ਰੀ ਅਨੰਦਪੁਰ ਸਾਹਿਬ ਜੋਨ ਨੂੰ ਹਰਾ ਕੇ ਤਖਤਗੜ੍ਹ ਜੋਨ ਜੇਤੂ ਰਿਹਾ, ਭਲਾਂਣ ਜੋਨ ਨੂੰ ਹਰਾ ਕੇ ਨੰਗਲ ਜੋਨ ਜੇਤੂ ਰਿਹਾ, ਸ੍ਰੀ ਚਮਕੌਰ ਸਾਹਿਬ ਜੋਨ ਨੂੰ ਹਰਾ ਕੇ ਮੀਆਂਪੁਰ ਜੇਤੂ ਰਿਹਾ, ਨੰਗਲ ਜੋਨ ਨੂੰ ਹਰਾ ਕੇ ਰੂਪਨਗਰ ਜੋਨ ਜੇਤੂ ਰਿਹਾ।

ਅੰਡਰ 17 ਨੂਰਪੁਰ ਬੇਦੀ ਜੋਨ ਨੂੰ ਹਰਾ ਕੇ ਸ੍ਰੀ ਅਨੰਦਪੁਰ ਸਾਹਿਬ ਜੇਤੂ ਰਿਹਾ, ਭਲਾਣ ਜੋਨ ਨੂੰ ਹਰਾ ਕੇ ਘਨੌਲੀ ਜੋਨ ਜੇਤੂ ਰਿਹਾ ਮੀਆਂਪੁਰ ਜੋਨ ਨੂੰ ਹਰਾ ਕੇ ਤਖਤਗੜ੍ਹ ਜੋਨ ਜੇਤੂ ਰਿਹਾ।



ਹਾਕੀ ਦੇ ਮੈਚ ਸਵਾਮੀ ਸ਼ਿਵ ਨੰਦਾ ਸਕੂਲ ਨੂੰ ਹਰਾ ਕੇ ਐਸ ਜੀ ਐਸ ਖਾਲਸਾ ਸ ਸ ਸ ਸ੍ਰੀ ਅਨੰਦਪੁਰ ਸਾਹਿਬ ਜੇਤੂ ਰਿਹਾ, ਸ ਸ ਸ ਸ ਟਿੱਬਾ ਟੱਪਰੀਆਂ ਨੂੰ ਹਰਾ ਕੇ ਆਦਰਸ਼ ਸਕੂਲ ਸ੍ਰੀ ਅਨੰਦਪੁਰ ਸਾਹਿਬ ਜੇਤੂ ਰਿਹਾ, ਬਾਸਕਟ ਬਾਲਬਾਲ ਦੇ ਮੁਕਾਬਲੇ ਅੰਡਰ 19 ਫਾਈਨਲ ਮੁਕਾਬਲਾ ਜੀਸਸ ਸੇਵੀਅਰ ਸਕੂਲ ਮੜੌਲੀ ਕਲਾਂ ਨੂੰ ਹਰਾ ਕੇ ਗਾਰਡਨ ਵੇਲੀ ਸਕੂਲ ਚਤਾਵਲਾ ਜੇਤੂ ਰਿਹਾ।

ਇਸੇ ਤਰ੍ਹਾਂ ਅੰਡਰ 19 ਕਰਾਟੇ ਦੇ ਮੁਕਾਬਲੇ ਵਿੱਚ - 45 ਕਿਲੋ ਰੋਹਿਤ ਨੂੰ ਹਰਾ ਕੇ ਪ੍ਰਦੀਪ ਸਿੰਘ ਹਿਮਾਲਿਆ ਸਕੂਲ ਜੇਤੂ ਰਿਹਾ, -54 ਅਨੁਸ ਨੂੰ ਹਰਾ ਕੇ ਨੇਤਾ ਜੀ ਮਾਡਲ ਸਕੂਲ ਜੇਤੂ ਰਿਹਾ ,-58 ਕਿਲੋ ਗੁਰਕਰਨ ਸਿੰਘ ਨੂੰ ਹਰਾ ਕੇ ਅਭਿਸ਼ੇਕ ਰਾਵਤ ਖਾਲਸਾ ਸਕੂਲ ਰੋਪੜ ਜੇਤੂ ਰਿਹਾ, ਅੰਡਰ 17 ਵਰਗ -35 ਕਿਲੋ ਮੰਗਲ ਸਿੰਘ ਨੂੰ ਹਰਾ ਕੇ ਜਸਪ੍ਰੀਤ ਸਿੰਘ ਜੀਨੀਅਸ ਰੋਪੜ ਜੇਤੂ ਰਿਹਾ -40 ਕਿਲੋ ਵਰਗ ਵਿਚ ਬਲਵਿੰਦਰ ਸਿੰਘ ਨੂੰ ਹਰਾ ਕੇ ਵੈਭਵ ਗਾਰਡਨ ਵੈਲੀ ਮੋਰਿੰਡਾ ਜੇਤੂ ਰਿਹਾ।

# ਹਰਪਾਲ ਚੀਮਾ ਨੇ ਭਾਜਪਾ 'ਤੇ ਵਿੰਨ੍ਹੇ ਤਿੱਖੇ ਨਿਸ਼ਾਨੇ, ਮੈਂਬਰਸ਼ਿਪ ਮੁਹਿੰਮ ਦਾ ਬਾਈਕਾਟ ਕਰਨ ਲਈ ਕਿਹਾ

**ਏਜੰਸੀਆਂ**

ਚੰਡੀਗੜ੍ਹ 24 ਅਗਸਤ। ਇੱਥੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਰਭਜਨ ਸਿੰਘ ਈ. ਟੀ. ਓ. ਅਤੇ ਲਾਲ ਚੰਦ ਕਟਾਰੂਚੱਕ ਦੇ ਨਾਲ ਸੀਨੀਅਰ ਆਗੂ ਪਵਨ ਕੁਮਾਰ ਟੀਨੂੰ ਵਲੋਂ ਮਹੱਤਵਪੂਰਨ ਮੁੱਦੇ 'ਤੇ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਦੌਰਾਨ




ਸੰਬਧੋਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਭਾਰਤੀ ਜਨਤਾ ਪਾਰਟੀ 'ਤੇ ਤਿੱਖੇ ਨਿਸ਼ਾਨਾ ਵਿੰਨ੍ਹੇ। ਹਰਪਾਲ ਚੀਮਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਇਸ ਵਾਰ ਚੋਣਾਂ ਦੌਰਾਨ ਇਸ ਵਾਰ 400 ਪਾਰ ਦਾ ਨਾਅਰਾ ਦਿੱਤਾ ਸੀ ਪਰ ਦੇਸ਼ ਦੇ ਲੋਕਾਂ ਨੂੰ ਪਾਰਟੀ ਨੂੰ ਕਰਾਰ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਵਿਧਾਨ ਅੰਦਰ ਗਰੀਬ ਲੋਕਾਂ ਨੂੰ ਰਿਜਰਵੇਸ਼ਨ ਦਿੱਤੀ ਗਈ ਸੀ ਪਰ ਭਾਜਪਾ ਇਸ ਰਿਜਰਵੇਸ਼ਨ ਨੂੰ ਖਤਮ ਕਰਨਾ ਚਾਹੁੰਦੀ ਹੈ। ਇਸ ਦੇ ਚੱਲਦਿਆਂ ਦੇਸ਼ ਅੰਦਰ ਵੱਡੀਆਂ-ਵੱਡੀਆਂ ਕੰਪਨੀਆਂ ਦਾ ਨਿੱਜੀਕਰਨ ਕੀਤਾ ਗਿਆ ਹੈ ਤਾਂ ਜੋ ਉੱਥੇ ਰਿਜਰਵੇਸ਼ਨ ਖਤਮ ਹੋ ਜਾਵੇ। ਇਹ ਕੰਮ ਭਾਜਪਾ ਪਿਛਲੇ 10 ਸਾਲਾਂ ਤੋਂ ਕਰਦੀ ਆ ਰਹੀ ਹੈ। ਭਾਜਪਾ ਨੇ ਪਿਛਲੇ ਸਮੇਂ ਦੌਰਾਨ 23 ਵੱਡੀਆਂ ਕੰਪਨੀਆਂ ਦਾ ਨਿੱਜੀਕਰਨ ਕੀਤਾ। ਚੀਮਾ ਨੇ ਕਿਹਾ ਕਿ ਸਰਕਾਰੀ ਅਦਾਰਿਆਂ ਅੰਦਰ 9 ਲੱਖ ਤੋਂ ਉੱਪਰ ਪੋਸਟਾਂ ਖਾਲੀ ਪਈਆਂ ਹਨ, ਜਿਨ੍ਹਾਂ 'ਚ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਰਿਜਰਵੇਸ਼ਨ ਦਾ ਹੱਕ ਮਿਲਣਾ ਸੀ। ਲਗਾਤਾਰ ਪੋਸਟਾਂ ਨਾ ਭਰਨਾ ਵੀ ਇਸ ਗੱਲ ਦਾ ਸਬੂਤ ਹੈ ਕਿ ਭਾਜਪਾ ਐੱਸ. ਸੀ., ਐੱਸ. ਟੀ. ਭਾਈਚਾਰੇ ਦੇ ਲੋਕਾਂ ਨੂੰ ਇਹ ਸਹੂਲਤਾਂ ਨਹੀਂ ਦੇਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੇ ਅੱਜ ਮੈਂਬਰਸ਼ਿਪ ਦੀ ਜਿਹੜੀ ਮੁਹਿੰਮ ਚਲਾਈ ਹੈ, ਉਸ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ। ਜਦੋਂ ਵੀ ਕਿਸੇ ਅਨੁਸੂਚਿਤ ਜਾਤੀ ਜਾਂ ਹੋਰ ਪੱਛੜੀਆਂ ਜਾਤੀਆਂ ਦੇ ਘਰਾਂ 'ਚ ਭਾਜਪਾ ਦਾ ਕੋਈ ਬੰਦਾ ਮੈਂਬਰਸ਼ਿਪ ਕਰਵਾਉਣ ਲਈ ਆਉਂਦਾ ਹੈ ਤਾਂ ਉਸ ਦਾ ਬਾਈਕਾਟ ਕੀਤਾ ਜਾਵੇ ਕਿਉਂਕਿ ਭਾਜਪਾ ਬਾਬਾ ਸਾਹਿਬ ਵਲੋਂ ਬਣਾਏ ਗਏ ਸੰਵਿਧਾਨ ਦੇ ਖ਼ਿਲਾਫ ਕੰਮ ਕਰ ਰਹੀ ਹੈ।

# ਖੁਦ ਨੂੰ ਪੰਜਾਬ ਨੈਸ਼ਨਲ ਬੈਂਕ ਏਜੰਟ ਦੱਸ ਰੀਅਲ ਅਸਟੇਟ 'ਚ ਨਿਵੇਸ਼ ਦਾ ਦਿੰਦਾ ਸੀ ਝਾਂਸਾ

**ਸਰਦੂਲ ਸਿੰਘ**

ਚੰਡੀਗੜ੍ਹ 24 ਅਗਸਤ। ਪੰਜਾਬ ਨੈਸ਼ਨਲ ਬੈਂਕ ਦਾ ਏਜੰਟ ਦੱਸ ਕੇ ਜੀ.ਬੀ.ਪੀ. ਗਰੁੱਪ ਤੇ ਲੋਟਸ ਗਰੁੱਪ ਦੇ ਰੀਅਲ ਅਸਟੇਟ ਪ੍ਰੋਜੈਕਟਾਂ 'ਚ ਨਿਵੇਸ਼ ਕਰਨ ਦੇ ਬਹਾਨੇ ਧਨਾਸ ਵਾਸੀ ਬਲਜਿੰਦਰ ਸਿੰਘ ਉਰਫ਼ ਬੱਲੀ ਨੇ 1 ਕਰੋੜ 25 ਲੱਖ ਰੁਪਏ ਦੀ ਠੱਗੀ ਮਾਰੀ ਹੈ। ਉਸ ਨੇ ਧਨਾਸ, ਸੈਕਟਰ-16 ਅਤੇ ਸੈਕਟਰ-28 ਵਿਚ ਅਪਾਰਟਮੈਂਟ ਲਏ ਹੋਏ ਸਨ। ਉਹ ਨਿਵੇਸ਼ਕਾਂ ਨੂੰ ਕਹਿੰਦਾ ਸੀ ਕਿ ਉਹ ਕਰੋੜਪਤੀ ਕਾਰੋਬਾਰੀਆਂ ਨਾਲ ਡੀਲ ਕਰ ਰਿਹਾ ਹੈ। ਧਨਾਸ ਵਾਸੀ ਗੁਰਪ੍ਰੀਤ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਤੇ ਜਾਂਚ ਵਿਚ ਸਾਹਮਣੇ ਆਇਆ ਕਿ ਬਲਜਿੰਦਰ ਸਿੰਘ ਨੇ ਅਮਰਜੀਤ ਕੌਰ ਤੋਂ 5 ਲੱਖ 75 ਹਜ਼ਾਰ ਰੁਪਏ, ਓਮ ਪ੍ਰਕਾਸ਼ ਤੋਂ 38 ਲੱਖ 60 ਹਜ਼ਾਰ ਰੁਪਏ, ਊਸ਼ਾ ਤੋਂ 7 ਲੱਖ ਰੁਪਏ, ਧੀਮਾਨ ਇੰਟਰਪ੍ਰਾਈਜ਼ ਤੋਂ 6 ਲੱਖ ਰੁਪਏ, ਸ਼ਿਕਾਇਤਕਰਤਾ ਗੁਰਪ੍ਰੀਤ ਤੋਂ 20 ਲੱਖ 90 ਹਜ਼ਾਰ ਰੁਪਏ, ਰੇਣੂ ਨਾਲ 9 ਲੱਖ ਰੁਪਏ ਦੀ ਠੱਗੀ ਮਾਰੀ। ਆਰਥਿਕ ਅਪਰਾਧ ਸ਼ਾਖਾ ਦੀ ਪੁਲਸ ਨੇ ਮਾਮਲੇ ਦੀ ਜਾਂਚ ਕਰਦਿਆਂ ਗੁਰਪ੍ਰੀਤ ਸਿੰਘ ਦੀ ਸ਼ਿਕਾਇਤ 'ਤੇ ਮੁਲਜ਼ਮ ਬਲਜਿੰਦਰ ਸਿੰਘ ਖ਼ਿਲਾਫ਼ ਧੋਖਾਧੜੀ, ਸਾਜ਼ਿਸ਼ ਰਚਣ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਗੁਰਪ੍ਰੀਤ ਸਿੰਘ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੀ ਮੁਲਾਕਾਤ ਧਨਾਸ ਦੇ ਰਹਿਣ ਵਾਲੇ ਬਲਜਿੰਦਰ ਸਿੰਘ ਨਾਲ ਹੋਈ। ਉਸ ਦੱਸਿਆ ਕਿ ਉਹ ਪੀ.ਐੱਨ.ਬੀ. ਦਾ ਏਜੰਟ ਹੈ ਅਤੇ ਜੀ.ਬੀ.ਪੀ. ਗਰੁੱਪ ਅਤੇ ਲੋਟਸ ਗਰੁੱਪ




ਵਿਚ ਰੀਅਲ ਅਸਟੇਟ ਪ੍ਰੋਜੈਕਟਾਂ 'ਚ ਨਿਵੇਸ਼ ਕਰਦਾ ਹੈ। ਰੀਅਲ ਅਸਟੇਟ ਪ੍ਰੋਜੈਕਟਾਂ ਵਿਚ ਨਿਵੇਸ਼ ਕਰਨ ਨਾਲ ਵੱਧ ਰਿਟਰਨ ਮਿਲੇਗਾ। ਬਲਜਿੰਦਰ ਨੇ ਆਪਣੇ ਆਪ ਨੂੰ ਪੰਜਾਬ ਅਤੇ ਹਰਿਆਣਾ ਦੇ ਖੇਤਰ ਵਿਚ ਰੀਅਲ ਅਸਟੇਟ ਵਿਕਾਸ ਲਈ ਰੇਰਾ ਤੋਂ ਰਜਿਸਟਰਾਰ ਹੋਣ ਦਾ ਦਾਅਵਾ ਕੀਤਾ। ਉਸ ਨੇ ਦੱਸਿਆ ਕਿ ਉਸ ਕੋਲ ਚੰਡੀਗੜ੍ਹ, ਪੰਚਕੂਲਾ, ਖਰੜ, ਧਨਾਸ ਅਤੇ ਜ਼ੀਰਕਪੁਰ ਵਿਚ ਜਾਇਦਾਦਾਂ ਹਨ। ਉਸ ਦਾ ਅਮੀਰਾਂ ਨਾਲ ਉੱਠਣਾ-ਬੈਠਣਾ ਵੀ ਹੈ। ਸ਼ਿਕਾਇਤਕਰਤਾ ਨੂੰ ਮਨਾਉਣ ਲਈ ਉਸ ਨੇ ਧਨਾਸ ਵਿਚ 10 ਮਰਲੇ ਦਾ ਮਕਾਨ, ਸੈਕਟਰ-16 ਵਿਚ ਪਹਿਲੀ ਮੰਜ਼ਿਲ, ਸੈਕਟਰ-37 ਵਿਚ 10 ਮਰਲੇ ਦਾ ਮਕਾਨ, ਸੈਕਟਰ-15 ਵਿਚ ਆਪਣਾ ਮਰਲੇ ਦਾ ਮਕਾਨ ਦੱਸਿਆ। ਸ਼ਿਕਾਇਤਕਰਤਾ ਨੇ ਆਪਣੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲਏ ਅਤੇ ਬਲਜਿੰਦਰ ਦੀ ਸਲਾਹ 'ਤੇ 20 ਲੱਖ 90 ਹਜ਼ਾਰ ਰੁਪਏ ਨਿਵੇਸ਼ ਕਰ ਦਿੱਤੇ। ਉਸ ਨੇ ਬਲਜਿੰਦਰ ਸਿੰਘ ਅਤੇ ਸੁਮਨ ਦੇ ਖਾਤਿਆਂ ਵਿਚ ਪੈਸੇ ਟਰਾਂਸਫਰ ਕਰ ਦਿੱਤੇ ਸਨ। ਮੁਲਜ਼ਮ ਨੇ ਆਪਣੀ ਪਛਾਣ ਜੀ.ਬੀ.ਪੀ. ਗਰੁੱਪ ਅਤੇ ਲੋਟਸ ਗਰੁੱਪ ਰੀਅਲ ਅਸਟੇਟ ਪ੍ਰੋਜੈਕਟਾਂ ਵਿਚ ਨਿਵੇਸ਼ ਕਰਨ ਦੇ ਕਾਰੋਬਾਰ ਅਤੇ ਆਪਣੇ ਆਪ ਨੂੰ ਇਨ੍ਹਾਂ ਰੀਅਲ ਅਸਟੇਟ ਸਮੂਹਾਂ ਦੇ ਪ੍ਰਮੋਟਰ/ਭਾਗੀਦਾਰ ਵਜੋਂ ਦੱਸੀ। ਸ਼ਿਕਾਇਤਕਰਤਾ ਨੂੰ ਜ਼ੀਰਕਪੁਰ, ਪੀਰਮੁਛੱਲਾ, ਖਰੜ ਵਿਚ ਆਉਣ ਵਾਲੇ ਵੱਡੇ ਪ੍ਰੋਜੈਕਟਾਂ ਵਿਚ ਵੀ ਲਿਜਾਇਆ ਗਿਆ ਅਤੇ ਆਉਣ ਵਾਲੇ ਵੱਡੇ ਰੀਅਲ ਅਸਟੇਟ ਪ੍ਰੋਜੈਕਟਾਂ ਵਿਚ ਭਾਈਵਾਲੀ ਦਾ ਦਾਅਵਾ ਕੀਤਾ ਅਤੇ ਇਹ ਵੀ ਭਰੋਸਾ ਦਿੱਤਾ ਕਿ ਪੈਸਾ ਵੀ ਪੂੰਜੀ ਨਿਵੇਸ਼ ਦੇ ਹਿੱਸੇ ਵਜੋਂ ਵਰਤੀ ਜਾ ਰਿਹਾ ਹੈ। ਕੁਝ ਸ਼ੁਰੂਆਤੀ ਰਿਟਰਨਾਂ ਤੋਂ ਬਾਅਦ ਬਲਜਿੰਦਰ ਨੇ ਰਿਟਰਨਾ ਦੇ ਰੂਪ ਵਿਚ ਕੋਈ ਰਿਫੰਡ ਜਾਂ ਰਿਟਰਨ ਵਾਪਸ ਨਹੀਂ ਕੀਤਾ। ਪੁਲਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਇਸ ਧੋਖਾਧੜੀ ਵਿਚ ਉਸ ਨਾਲ ਹੋਰ ਲੋਕ ਵੀ ਸ਼ਾਮਲ ਸਨ।

## ਮਾਂ ਵੈਸ਼ਨੋ ਦੇਵੀ ਦੀ ਆਰਤੀ 'ਚ ਇੰਝ ਹੋਵੋ ਸ਼ਾਮਲ, ਸ਼ਰਾਈਨ ਬੋਰਡ ਨੇ ਸ਼ਰਧਾਲੂਆਂ ਲਈ ਕਰ 'ਤਾ ਵੱਡਾ ਐਲਾਨ

ਕਟੜਾ 24 ਅਗਸਤ। ਮਾਤਾ ਵੈਸ਼ਨੋ ਦੇਵੀ ਦੇ ਭਗਤਾਂ ਲਈ ਖੁਸ਼ਖਬਰੀ ਹੈ। ਮਾਤਾ ਵੈਸ਼ਨੋ ਦੇਵੀ ਭਵਨ ਵਾਂਗ ਹੁਣ ਅਰਧ ਕੁਆਰੀ ਮੰਦਰ ਕੰਪਲੈਕਸ ਵਿਚ ਸਵੇਰੇ-ਸ਼ਾਮ ਹੋਣ ਵਾਲੀ ਆਰਤੀ ਦਾ ਲਾਈਵ ਪ੍ਰਸਾਰਣ ਸ਼ੁਰੂ ਹੋ ਗਿਆ ਹੈ। ਇਸ ਆਰਤੀ ਦਾ ਲਾਈਵ ਪ੍ਰਸਾਰਣ ਸਵੇਰੇ 6 ਤੋਂ 7 ਵਜੇ ਤੱਕ ਅਤੇ ਸ਼ਾਮ 7 ਤੋਂ 8 ਵਜੇ ਦਰਮਿਆਨ -1 ਨਿਊਜ ਚੈਨਲ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਉੱਥੇ ਹੀ ਯਾਤਰਾ 'ਤੇ ਆਏ ਸ਼ਰਧਾਲੂ 300 ਰੁਪਏ ਫੀਸ ਦੇ ਕੇ ਅਰਧ ਕੁਆਰੀ ਮੰਦਰ ਕੰਪਲੈਕਸ ਵਿਚ ਸਵੇਰੇ-ਸ਼ਾਮ ਹੋਣ ਵਾਲੀ ਆਰਤੀ ਵਿਚ ਸ਼ਾਮਲ ਹੋ ਸਕਦੇ ਹਨ। ਇਸ ਵਿਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਪਵਿੱਤਰ ਗਰਭ ਜੂਨ ਗੁਫਾ ਦੇ ਅੰਦਰ ਜਾਣ ਦੀ ਆਗਿਆ ਦਿੱਤੀ ਜਾਵੇਗੀ। ਨਾਲ ਹੀ ਸ਼ਰਧਾਲੂਆਂ ਨੂੰ ਮਾਂ ਵੈਸ਼ਨੋ ਦੇਵੀ ਦਾ ਸਿਰ 'ਤੇ ਬੰਨ੍ਹਣ ਲਈ ਪਵਿੱਤਰ ਪਟਕਾ ਅਤੇ ਪ੍ਰਸਾਦ ਦਿੱਤਾ ਜਾਵੇਗਾ। ਮਾਂ ਵੈਸ਼ਨੋ ਦੇਵੀ ਸ਼ਰਾਈਨ ਬੋਰਡ ਵਲੋਂ ਅਰਧ ਕੁਆਰੀ ਮੰਦਰ ਕੰਪਲੈਕਸ ਵਿਚ ਹੋਣ ਵਾਲੀ ਆਰਤੀ ਵਿਚ ਸ਼ਾਮਲ ਹੋਣ ਲਈ



ਆਨਲਾਈਨ ਬੁਕਿੰਗ ਨਾਲ ਹੀ ਤੁਰੰਤ ਬੁਕਿੰਗ ਦੀ ਵਿਵਸਥਾ ਰੱਖੀ ਗਈ ਹੈ। ਯਾਤਰਾ ਦੌਰਾਨ ਸ਼ਰਧਾਲੂ ਤੁਰੰਤ ਬੁਕਿੰਗ ਕਰਵਾ ਕਰ ਕੇ ਆਰਤੀ ਵਿਚ ਸ਼ਾਮਲ ਹੋ ਸਕਦੇ ਹਨ। ਦੱਸ ਦੇਈਏ ਕਿ ਦੇਸ਼ ਭਰ ਤੋਂ ਮਾਂ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਕਟੜਾ ਆਉਣ ਵਾਲੇ ਸ਼ਰਧਾਲੂ ਮਾਂ ਵੈਸ਼ਨੋ ਦੇਵੀ ਭਵਨ ਵਾਂਗ ਅਰਧ ਕੁਆਰੀ ਮੰਦਰ ਵਿਚ ਹੋਣ ਵਾਲੀ ਆਰਤੀ ਦਾ ਵੀ ਲਾਈਵ ਪ੍ਰਸਾਰਣ ਦੀ ਮੰਗ ਕਰ ਰਹੇ ਸਨ। ਸ਼ਰਧਾਲੂਆਂ ਦੀ ਮੰਗ ਨੂੰ ਵੇਖਦੇ ਹੋਏ ਮਾਤਾ ਵੈਸ਼ਨੋ ਦੇਵੀ ਸ਼ਰਾਈਨ ਬੋਰਡ ਪ੍ਰਸ਼ਾਸਨ ਨੇ ਮਾਂ ਵੈਸ਼ਨੋ ਦੇਵੀ ਮਾਰਗ 'ਤੇ ਸਥਿਤ ਅਰਧ ਕੁਆਰੀ ਮੰਦਰ ਦੀ ਪਵਿੱਤਰ ਗਰਭ ਜੂਨ ਗੁਫਾ ਕੰਪਲੈਕਸ ਵਿਚ ਹੋਣ ਵਾਲੀ ਆਰਤੀ ਦਾ ਲਾਈਵ ਪ੍ਰਸਾਰਣ ਬੁੱਧਵਾਰ ਸ਼ਾਮ ਤੋਂ ਸ਼ੁਰੂ ਕਰ ਦਿੱਤਾ। ਆਰਤੀ ਦਾ ਸਿੱਧਾ ਪ੍ਰਸਾਰਣ ਹੋਣ ਨਾਲ ਸ਼ਰਧਾਲੂ ਖੁਸ਼ ਹਨ।

### ਤੜਕੇ ਤਿੰਨ ਵਜੇ ਗੈਂਗਸਟਰ ਰੋਮੀ ਨੂੰ ਅਦਾਲਤ 'ਚ ਕੀਤਾ ਪੇਸ਼, ਬਹਿਸ ਤੋਂ ਬਾਅਦ ਜੱਜ ਨੇ ਸੁਣਾਇਆ ਫੈਸਲਾ

ਪਟਿਆਲਾ/ਨਾਭਾ 24 ਅਗਸਤ। ਪੰਜਾਬ ਪੁਲਸ ਵੱਲੋਂ ਗੈਂਗਸਟਰ ਰਮਨਜੀਤ ਰੋਮੀ ਨੂੰ ਨਾਭਾ ਦੀ ਅਦਾਲਤ ਵਿਖੇ ਸ਼ੁੱਕਰਵਾਰ ਸਵੇਰੇ ਤੜਕਸਾਰ 3 ਵਜੇ ਪੇਸ ਕੀਤਾ ਗਿਆ, ਜਿੱਥੇ 20 ਮਿੰਟ ਬਹਿਸ ਤੋਂ ਬਾਅਦ ਮਾਨਯੋਗ ਅਦਾਲਤ ਵਲੋਂ ਰਮਨਜੀਤ ਰੋਮੀ ਨੂੰ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਨਿਆਇਕ ਹਿਰਾਸਤ ਵਿਚ ਭੇਜਣ ਦਾ ਹੁਕਮ ਦਿੱਤਾ। ਦੱਸਣਯੋਗ ਹੈ ਕਿ ਨਾਭਾ ਜੇਲ ਬ੍ਰੇਕ ਕੇਸ ਦਾ ਮਾਸਟਰ ਮਾਈਂਡ ਰਮਨਜੀਤ ਸਿੰਘ ਰੋਮੀ, ਜਿਸ ਨੂੰ ਭਾਰਤ ਸਰਕਾਰ ਦੀ ਅਪੀਲ 'ਤੇ ਹਾਂਗਕਾਂਗ ਤੋਂ ਪੰਜਾਬ ਪੁਲਸ ਦੇਸ਼ ਲੈ ਕੇ ਆਈ। ਪੰਜਾਬ ਪੁਲਸ ਦੀ ਟੀਮ ਜਿਸ ਦੀ ਅਗਵਾਈ ਐੱਸ. ਪੀ. ਹਰਵਿੰਦਰ ਸਿੰਘ ਵਿਰਕ ਕਰ ਰਹੇ ਸਨ ਜਿਸ ਵਿਚ ਡੀ. ਐੱਸ. ਪੀ. ਦਵਿੰਦਰ ਅੱਤਰੀ, ਡੀ. ਐੱਸ. ਪੀ. ਵਿਕਰਮ ਬਰਾੜ ਤੋਂ ਇਲਾਵਾ ਕਈ ਐੱਸ. ਐੱਚ. ਓ. ਹੈਰੀ ਬੋਪਾਰਾਏ, ਰੋਨੀ ਸੱਲ ਵੀ ਟੀਮ ਵਿਚ ਸਾਮਿਲ ਸਨ। ਰਮਨਜੀਤ ਰੋਮੀ ਜੋ ਕਿ 2018 ਦਾ ਹਾਂਗਕਾਂਗ ਤੋਂ ਜੇਲ੍ਹ ਵਿਚ ਬੰਦ ਸੀ। ਹੁਣ ਅਦਾਲਤ ਦੇ ਅਗਲੇ ਹੁਕਮਾਂ ਤੱਕ ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿਚ ਰਹੇਗਾ। ਪੰਜਾਬ ਪੁਲਸ ਵੀਰਵਾਰ ਸਾਮ 5 ਵਜੇ ਦਿੱਲੀ ਏਅਰਪੋਰਟ 'ਤੇ ਲੈਂਡ ਕਰਨ ਤੋਂ ਬਾਅਦ ਰਾਤ 9 ਵਜੇ ਤੋਂ ਬਾਅਦ ਦਿੱਲੀ ਤੋਂ ਪੰਜਾਬ ਲਈ ਰਵਾਨਾ ਹੋਈ ਅਤੇ ਸਾਰੀ ਰਾਤ ਸਫਰ ਤੋਂ ਬਾਅਦ ਸਵੇਰੇ 3 ਵਜੇ ਨਾਭਾ ਪਹੁੰਚੀ। ਜਿੱਥੇ ਭਾਰੀ ਪੁਲਸ ਫੋਰਸ ਦੀ ਸੁਰੱਖਿਆ ਅਧੀਨ ਰਮਨਜੀਤ ਰੋਮੀ ਨੂੰ ਪਹਿਲਾਂ ਅਦਾਲਤ ਵਿਚ ਪੇਸ ਕਰਕੇ ਨਿਆਇਕ ਹਿਰਾਸਤ ਵਿਚ ਭੇਜਿਆ ਗਿਆ, ਉਸ ਤੋਂ ਬਾਅਦ ਸਿਵਲ ਹਸਪਤਾਲ ਨਾਭਾ ਵਿਖੇ ਰੋਮੀ ਦਾ ਮੈਡੀਕਲ ਵੀ ਕਰਵਾਇਆ ਗਿਆ।

## ਗੋਦਾਮ ਅਤੇ ਸਪੇਸ ਦੀ ਕਮੀ ਨਾਲ ਜੂਝ ਰਿਹਾ ਪੰਜਾਬ, ਝੋਨੇ ਦੀ ਅਲਾਟਮੈਂਟ 'ਚ ਸ਼ੈਲਰ ਮਾਲਕ ਨਹੀਂ ਦਿਖਾ ਰਹੇ ਦਿਲਚਸਪੀ

**ਕਿਸ਼ਨ ਪਾਲ**

ਜਲੰਧਰ 24 ਅਗਸਤ। ਪੰਜਾਬ 'ਚ ਇਸ ਵਾਰ ਝੋਨੇ ਦੀ ਬਿਜਾਈ ਦਾ ਰਕਬਾ ਕਾਫੀ ਵਧ ਗਿਆ ਹੈ, ਜਿਸ ਕਾਰਨ ਝੋਨੇ ਦੀ ਬੰਪਰ ਫਸਲ ਹੋਣ ਦੀ ਉਮੀਦ ਪ੍ਰਗਟ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਰਾਈਸ ਮਿੱਲਰਜ ਤੋਂ ਸਾਲ 2024-25 ਲਈ ਝੋਨੇ ਦੀ ਅਲਾਟਮੈਂਟ ਲਈ ਦਸਤਾਵੇਜ ਮੰਗਣੇ ਸ਼ੁਰੂ ਕਰ ਦਿੱਤੇ ਹਨ ਪਰ ਪਤਾ ਲੱਗਾ ਹੈ ਕਿ ਪੰਜਾਬ ਭਰ ਦੇ ਸ਼ੈਲਰ ਮਾਲਕ ਇਸ ਵਾਰ ਝੋਨੇ ਦੀ ਅਲਾਟਮੈਂਟ ਵਿਚ ਜ਼ਿਆਦਾ ਦਿਲਚਸਪੀ ਨਹੀਂ ਦਿਖਾ ਰਹੇ। ਇਸ ਦਾ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਪੰਜਾਬ ਇਸ ਸਮੇਂ ਗੋਦਾਮ ਅਤੇ ਚੌਲਾਂ ਦੀ ਸਪੇਸ ਦੀ ਕਮੀ ਨਾਲ ਜੂਝ ਰਿਹਾ ਹੈ। ਸੂਬੇ ਦੇ ਗੋਦਾਮ ਚੌਲਾਂ ਨਾਲ ਭਰੇ ਪਏ ਹਨ, ਜਿਨ੍ਹਾਂ ਦੀ ਦੂਜੇ ਸੂਬਿਆਂ ਵਿਚ ਮੂਵਮੈਂਟ ਨਹੀਂ ਹੋ ਰਹੀ। ਸੂਬੇ ਵਿਚ ਅਜੇ ਪਿਛਲੇ ਸਾਲ ਦੀ ਮਿਲਿੰਗ ਦਾ ਵੀ ਕੰਮ ਸਮਾਪਤ ਨਹੀਂ ਹੋਇਆ ਅਤੇ ਇਕ ਅਨੁਮਾਨ ਮੁਤਾਬਕ ਕੁੱਲ 14 ਹਜਾਰ ਚੌਲਾਂ ਦੀਆਂ ਗੱਡੀਆਂ ਸ਼ੈਲਰ ਮਾਲਕਾਂ ਵੱਲ ਬਕਾਇਆ ਹਨ। ਇਨ੍ਹੀਂ ਦਿਨੀਂ ਬਹੁਤ ਥੋੜ੍ਹਾ ਚੌਲ ਸਪੈਸ਼ਲ ਗੱਡੀਆਂ ਜਰੀਏ ਦੂਜੇ ਸੂਬਿਆਂ ਵਿਚ ਭੇਜਿਆ ਜਾ ਰਿਹਾ ਹੈ। ਸ਼ੈਲਰ ਮਾਲਕਾਂ ਦਾ ਕਹਿਣਾ ਹੈ ਕਿ ਸਾਲ 2023-24 ਵਿਚ ਚੌਲ ਉਦਯੋਗ ਵੱਡੇ ਘਾਟੇ ਵੱਲ ਗਿਆ ਹੈ। ਮਿੱਲਰਜ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਉਠਾਉਣਾ ਪਿਆ ਹੈ। ਸ਼ੈਲਰ ਮਾਲਕਾਂ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੇ ਝੋਨੇ ਦੀ ਬਿਜਾਈ ਦੇ ਸਮੇਂ ਹੀ ਸਾਫ ਕਹਿ ਦਿੱਤਾ ਸੀ ਕਿ ਪੀ.ਆਰ. 126 ਕਿਸਮ ਦਾ ਝੋਨਾ ਸ਼ੈਲਰ ਮਾਲਕ ਨਹੀਂ ਚੁੱਕਣਗੇ ਪਰ ਇਸ ਵਾਰ 40 ਤੋਂ 50 ਫੀਸਦੀ ਝੋਨੇ ਦੀ ਬੀਜਾਈ ਪੀ.ਆਰ. ਦੀ ਹੀ ਹੋਈ ਹੈ, ਜੋ ਰਾਈਸ



ਮਿੱਲਰਜ ਲਈ ਵੱਡਾ ਜੋਖਮ ਮੰਨਿਆ ਜਾ ਰਿਹਾ ਹੈ। ਸ਼ੈਲਰ ਮਾਲਕਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਅਗਲੇ ਸੀਜਨ ਵਿਚ 126 ਕਿਸਮ ਦੇ ਝੋਨੇ ਦੀ ਖਰੀਦ ਦਾ ਬਾਈਕਾਟ ਕਰਨਗੇ। ਇਸ ਵਿਚਕਾਰ ਪੰਜਾਬ ਰਾਈਸ ਮਿੱਲਰਜ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਜੈਨ ਨੇ ਚੌਲ ਉਦਯੋਗ ਨਾਲ ਸਬੰਧਤ ਆਗੂਆਂ ਤਰਸੇਮ ਸੈਣੀ, ਭਾਰਤ ਭੂਸ਼ਣ ਬਿੱਟਾ, ਗਿਆਨ ਚੰਦ ਭਾਰਦਵਾਜ, ਪਵਨ ਕੁਮਾਰ ਖਰੜ, ਅਸ਼ੋਕ ਵਰਮਾ ਨਕੋਦਰ ਅਤੇ ਬਾਲਕਿਸ਼ਨ ਬਾਲੀ ਆਦਿ ਨੂੰ ਅਪੀਲ ਕੀਤੀ ਕਿ ਸਾਰੇ ਆਗੂ ਮਿਲ ਕੇ ਪੂਰੇ ਪੰਜਾਬ ਦੀ ਜਨਰਲ ਹਾਊਸ ਦੀ ਮੀਟਿੰਗ ਤੁਰੰਤ ਬੁਲਾਉਣ ਅਤੇ ਸਰਬਸੰਮਤੀ ਨਾਲ ਪ੍ਰਸਤਾਵ ਪਾਸ ਕਰ ਕੇ ਸਰਕਾਰ ਨਾਲ ਗੱਲਬਾਤ ਕੀਤੀ ਜਾਵੇ ਅਤੇ ਅਗਲੀ ਰਣਨੀਤੀ ਤੈਅ ਕੀਤੀ ਜਾਵੇ ਕਿਉਂਕਿ 1-2 ਆਗੂਆਂ ਦਾ ਸਰਕਾਰ ਨਾਲ ਕੀਤਾ ਗਿਆ ਸਮਝੌਤਾ ਮਿੱਲਰਜ ਸਵੀਕਾਰ ਨਹੀਂ ਕਰਨਗੇ।

## ਹਾਈਵੇਅ ਲਈ ਜਮੀਨਾਂ ਐਕਵਾਇਰ ਕਰਨ ਨੂੰ ਲੈ ਕੇ ਮੁੱਖ ਸਕੱਤਰ ਤੇ ਕਿਸਾਨਾਂ ਵਿਚਾਲੇ ਹੋਈ ਮੀਟਿੰਗ

ਲੁਧਿਆਣਾ 24 ਅਗਸਤ। ਲੁਧਿਆਣਾ ਰੋਪੜ ਐਕਸਪ੍ਰੈੱਸ-ਵੇ 'ਚ ਜਿਹੜੇ ਕਿਸਾਨਾਂ ਦੀ ਜਮੀਨ ਐਕਵਾਇਰ ਕੀਤੀ ਗਈ ਹੈ, ਉਨ੍ਹਾਂ ਕਿਸਾਨਾਂ ਨੂੰ ਪੂਰਾ ਮੁਆਵਜਾ ਦਿਵਾਉਣ ਲਈ ਵਿਧਾਨ ਸਭਾ ਹਲਕਾ ਸਾਹਨੇਵਾਲ ਤੋਂ ਕਿਸਾਨਾਂ ਦੇ ਇਕ ਵਫਦ ਨੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦੀ ਅਗਵਾਈ 'ਚ ਪੰਜਾਬ ਦੇ ਮੁੱਖ ਮੁੰਤਰੀ ਭਗਵੰਤ ਸਿੰਘ ਮਾਨ ਦੇ ਪ੍ਰਮੁੱਖ ਸਕੱਤਰ ਵੀ. ਕੇ. ਸਿੰਘ ਨਾਲ




ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਿਧਾਇਕ ਮੁੰਡੀਆਂ ਨੇ ਹਲਕਾ ਸਾਹਨੇਵਾਲ ਤੋਂ ਲੁਧਿਆਣਾ ਰੋਪੜ ਐਕਸਪ੍ਰੈੱਸ-ਵੇ 'ਚ ਜਿਨ੍ਹਾਂ ਕਿਸਾਨਾਂ ਦੀ ਜਮੀਨ ਐਕਵਾਇਰ ਕੀਤੀ ਗਈ ਹੈ, ਉਨ੍ਹਾਂ ਨੂੰ ਪੂਰਾ ਮੁਆਵਜ਼ਾ ਦਿਵਾਇਆ ਜਾਵੇਗਾ। ਕਿਸਾਨਾਂ ਨੂੰ ਤਸੱਲੀ ਮਿਲਣ ਤੋਂ ਬਾਅਦ ਕਿਸਾਨ ਭਾਈਚਾਰੇ ਨੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦਾ ਧੰਨਵਾਦ ਕੀਤਾ। ਵਿਧਾਇਕ ਨੇ ਕਿਹਾ ਕਿ ਇਸ ਐਕਸਪ੍ਰੈੱਸ-ਵੇ ਹਾਈਵੇ ਦੇ ਬਣਨ ਤੋਂ ਬਾਅਦ ਲੋਕਾਂ ਦਾ ਸਫਰ ਅਰਾਮਦਾਇਕ ਬਣਾਉਣ ਲਈ ਐਕਸਪ੍ਰੈਸਵੇ ਦਾ ਨਿਰਮਾਣ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੈਸ਼ਨਲ ਹਾਈਵੇ ਅਥਾਰਟੀ ਦੁਆਰਾ ਲੁਧਿਆਣਾ 'ਚ ਸਾਰੇ ਪ੍ਰਾਜੈਕਟ ਨੂੰ ਪੂਰਾ ਕਰਵਾਉਣ ਲਈ ਵਚਨਬੱਧ ਹੈ।

### ਸੜਕ ਹਾਦਸਿਆਂ ਨੂੰ ਰੋਕਣ ਲਈ ਪਸ਼ੂਆਂ ਦੇ ਰਿਫਲੈਕਟਰ ਕਾਲਰ ਪਾਏ

ਭਵਾਨੀਗੜ੍ਹ 24 ਅਗਸਤ। ਸੜਕ ਸੁਰੱਖਿਆ ਫੋਰਸ (ਐਸਐਸਐਫ) ਭਵਾਨੀਗੜ੍ਹ ਦੀ ਟੀਮ ਵੱਲੋਂ ਰੋਟਰੀ ਕਲੱਬ (ਸਿਟੀ) ਦੇ ਸਹਿਯੋਗ ਨਾਲ ਸ਼ਹਿਰ 'ਚ ਸੜਕਾਂ 'ਤੇ ਅਵਾਰਾ ਘੁੰਮਦੇ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਰ ਕਾਲਰ ਪਾਏ ਗਏ। ਇਸ ਮੌਕੇ ਐੱਸ. ਐੱਸ. ਐੱਫ. ਦੇ ਮੁਲਾਜਮਾਂ ਨੇ ਦੱਸਿਆ ਕਿ ਇਨ੍ਹਾਂ ਕਾਲਰਾਂ ਦੀ ਮਦਦ ਨਾਲ ਸੜਕਾਂ 'ਤੇ ਪਸ਼ੂਆਂ ਕਾਰਨ ਹੁੰਦੇ ਹਾਦਸਿਆਂ ਦਾ ਖਤਰਾ ਘੱਟ ਜਾਵੇਗਾ। ਹਨੇਰੇ ਦੌਰਾਨ ਵਾਹਨ ਦੀ ਲਾਈਟ ਪੈਣ 'ਤੇ ਬਹੁਤ ਦੂਰ ਤੋਂ ਪਸ਼ੂ ਦੇ ਗਲ 'ਚ ਪਾਇਆ ਰਿਫਲੈਕਟਰ ਚਮਕ ਪਵੇਗਾ ਤੇ ਵਾਹਨ ਚਾਲਕ ਸੁਚੇਤ ਹੋ ਜਾਵੇਗਾ। ਇਸ ਤਰ੍ਹਾਂ ਨਾਲ ਕੀਮਤੀ ਇਨਸਾਨੀ ਜ਼ਿੰਦਗੀਆਂ ਦੇ ਨਾਲ ਅਸੀਂ ਬੇਜੁਬਾਨ ਪਸ਼ੂਆਂ ਦੀਆਂ ਜਾਨਾਂ ਵੀ ਬਚਾ ਸਕਦੇ ਹਾਂ। ਇਸ ਮੌਕੇ ਏ.ਐੱਸ.ਆਈ ਜਸਵਿੰਦਰ ਸਿੰਘ, ਕਾਂਸਟੇਬਲ ਬਲਵਿੰਦਰ ਸਿੰਘ, ਕਾਂਸਟੇਬਲ ਲਵਿਸ਼ ਕੁਮਾਰ, ਕਾਂਸਟੇਬਲ ਹਰਸ਼ਵੀਰ ਸਿੰਘ, ਲੇਡੀ ਕਾਂਸਟੇਬਲ ਗੁਰਜੀਵਨ ਕੌਰ, ਮਨਦੀਪ ਕੌਰ ਤੋਂ ਇਲਾਵਾ ਕਲੱਬ ਦੇ ਸਾਬਕਾ ਗਵਰਨਰ ਧਰਮਵੀਰ ਗਰਗ, ਪ੍ਰਦੀਪ ਮਿੱਤਲ, ਅਨਿਲ ਕਾਂਸਲ, ਸੰਜੇ ਗਰਗ, ਰੰਜਨ ਗਰਗ, ਈਸ਼ਵਰ ਬਾਂਸਲ ਆਦਿ ਹਾਜਰ ਸਨ।

### ਟਰੇਨ ਹੇਠ ਆਉਣ ਕਾਰਨ ਬਜ਼ੁਰਗ ਵਿਅਕਤੀ ਦੀ ਦਰਦਨਾਕ ਮੌਤ

ਜਲਾਲਾਬਾਦ 24 ਅਗਸਤ। ਹਲਕੇ ਦੇ ਪਿੰਡ ਦਰੋਗਾ ਨਜਦੀਕ ਬਾਬਾ ਵਾਨ ਪੀਰ ਸਮਾਧ ਦੇ ਕੋਲ ਬੀਤੀ ਦੁਪਹਿਰ ਨੂੰ ਇੱਕ ਵਿਅਕਤੀ ਦੀ ਟਰੇਨ ਹੇਠਾਂ ਆਉਣ ਨਾਲ ਦਰਦਨਾਕ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਸਬੰਧਿਤ ਰੇਲਵੇ ਸਟੇਸ਼ਨ ਦੇ ਸਟੇਸ਼ਨ ਮਾਸਟਰ ਵੱਲੋਂ ਜੀ. ਆਰ. ਪੀ ਪੁਲਸ ਨੂੰ ਜਾਣਕਾਰੀ ਦਿੱਤੀ ਗਈ ਅਤੇ ਪੁਲਸ ਨੇ ਮੌਕੇ 'ਤੇ ਪੁੱਜ ਕੇ ਲਾਸ਼ ਕਬਜੇ ਵਿੱਚ ਲੈਣ ਤੋਂ ਬਾਅਦ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਜਾਂਚ ਅਧਿਕਾਰੀ ਜੀ. ਆਰ. ਪੀ ਰੇਲਵੇ ਪੁਲਸ ਚੌਂਕੀ ਇੰਚਰਾਜ ਮਹਿੰਦਰ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਫਿਰੋਜ਼ਪੁਰ ਤੋਂ ਵਾਇਆ ਫ਼ਾਜ਼ਿਲਕਾ ਜਾਣ ਵਾਲੀ ਰੇਲਗੱਡੀ ਦੇ ਹੇਠਾਂ ਪਿੰਡ ਦਰੋਗਾ ਨਜਦੀਕ ਬਾਬਾ ਵਣ ਪੀਰ ਦੀ ਸਮਾਧ ਕੋਲ ਇੱਕ ਵਿਅਕਤੀ ਦੀ ਰੇਲਵੇ ਲਾਈਨ ਨੂੰ ਕਰਾਸ ਕਰਦੇ ਸਮੇਂ ਗੱਡੀ ਦੀ ਲਪੇਟ 'ਚ ਆਉਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਤਫਤੀਸ਼ੀ ਅਧਿਕਾਰੀ ਨੇ ਕਿਹਾ ਕਿ ਮ੍ਰਿਤਕ ਦੀ ਪਛਾਣ ਜਰਨੈਲ ਸਿੰਘ ਵਾਸੀ ਪਿੰਡ ਅਮੀਰ ਖਾਸ ਢਾਣੀ ਦੇ ਰੂਪ ਵਿੱਚ ਹੋਈ ਹੈ ਅਤੇ ਉਨ੍ਹਾਂ ਵੱਲੋਂ ਲਾਸ਼ ਨੂੰ ਕਬਜ਼ੇ 'ਚ ਲੈਣ ਤੋਂ ਬਾਅਦ ਪੋਸਟਮਾਰਟਮ ਕਰਵਾ ਕੇ ਬਣਦੀ ਕਾਨੂੰਨੀ ਕਾਰਵਾਈ ਦੇ ਤਹਿਤ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ। ਇਸ ਮੌਕੇ ਮ੍ਰਿਤਕ ਵਿਅਕਤੀ ਦੀ ਭੈਣ ਨੇ ਦੱਸਿਆ ਕਿ ਉਸ ਦੇ ਭਰਾ ਦਾ ਵਿਆਹ ਨਹੀ ਹੋਇਆ ਸੀ ਅਤੇ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦਾ ਸੀ, ਜਿਸ ਦੇ ਚੱਲਦੇ ਹੀ ਉਸ ਦੀ ਮੌਤ ਹੋਈ ਹੈ।

## ਕਤਲ ਵਰਗੇ ਮਾਮਲਿਆਂ 'ਚ ਸ਼ਾਮਲ ਕੁੜੀਆਂ ਨੇ ਆਸ਼ਰਮ ਤੋਂ ਭੱਜਣ ਦੀ ਕੀਤੀ ਕੋਸ਼ਿਸ਼, ਹੋਮਗਾਰਡ ਦਾ ਪਾੜਿਆ ਸਿਰ

**ਏਜੰਸੀਆਂ**

ਜਲੰਧਰ 24 ਅਗਸਤ। ਜਲੰਧਰ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਚੋਰੀ, ਨਸਾ ਤਸਕਰੀ ਅਤੇ ਕਤਲ ਦੇ ਮਾਮਲਿਆਂ 'ਚ ਸਾਮਲ ਕੁੜੀਆਂ ਨੇ ਇਕ ਆਸ਼ਰਮ ਤੋਂ ਫਰਾਰ ਹੋਣ ਦੀ ਕੋਸ਼ਿਸ ਕਰਦਿਆਂ ਹੋਮਗਾਰਡ ਦੀ ਇੱਕ ਮਹਿਲਾ ਮੁਲਾਜਮ ਦਾ ਸਿਰ ਪਾੜ ਦਿੱਤਾ। ਹਾਲਾਂਕਿ ਗਾਂਧੀ ਵਨੀਤਾ ਆਸਰਮ ਦੀ ਚਾਰਦੀਵਾਰੀ ਉੱਚੀ ਹੋਣ ਕਾਰਨ ਇਹ ਲੜਕੀਆਂ ਭੱਜਣ 'ਚ ਕਾਮਯਾਬ ਨਹੀਂ ਹੋ ਸਕੀਆਂ। ਸੂਚਨਾ ਮਿਲਣ 'ਤੇ ਹੋਮ ਗਾਰਡ ਦੀ ਮਹਿਲਾ ਕਰਮਚਾਰੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਜਿਸ 'ਤੇ ਕਮਿਸਨਰੇਟ ਪੁਲਸ ਦੋਸੀ ਲੜਕੀਆਂ ਖਿਲਾਫ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸਾਰੀਆਂ 7 ਕੁੜੀਆਂ ਕਿਸੇ ਤਰ੍ਹਾਂ ਆਪਣੇ ਕਮਰਿਆਂ ਤੋਂ ਬਾਹਰ ਆ ਗਈਆਂ। ਜਿਵੇਂ ਹੀ ਲੜਕੀਆਂ ਬਾਹਰ ਨਿਕਲੀਆਂ ਤਾਂ ਉਥੇ ਤਾਇਨਾਤ ਹੋਮਗਾਰਡ ਦੀ ਮਹਿਲਾ ਮੁਲਾਜਮ ਅੰਮ੍ਰਿਤ ਕੌਰ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ ਕੀਤੀ। ਪਰ ਕੁੜੀਆਂ ਨੇ ਮਹਿਲਾ ਮੁਲਾਜਮ 'ਤੇ ਹਮਲਾ ਕਰ ਦਿੱਤਾ। ਕੁੜੀਆਂ ਨੇ ਮਹਿਲਾ ਮੁਲਾਜਮ ਅੰਮ੍ਰਿਤ ਕੌਰ ਦਾ ਸਿਰ ਪਾੜ ਦਿੱਤਾ। ਸੂਚਨਾ ਮਿਲਦੇ ਹੀ ਥਾਣਾ ਨੰਬਰ 2 ਦੇ ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਨੇ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚ ਕੇ ਜਾਂਚ ਸੁਰੂ ਕਰ ਦਿੱਤੀ



ਹੈ। ਦੱਸਿਆ ਜਾ ਰਿਹਾ ਹੈ ਕਿ ਜਖਮੀ ਹੋਮਗਾਰਡ ਮਹਿਲਾ ਕਰਮਚਾਰੀ ਅੰਮ੍ਰਿਤ ਕੌਰ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਹੈ ਅਤੇ ਉਸ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਸਬੰਧੀ ਸੰਪਰਕ ਕਰਨ 'ਤੇ ਥਾਣਾ ਨੰਬਰ 2 ਦੇ ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਨੇ ਘਟਨਾ ਦੀ ਪੁਸਟੀ ਕਰਦਿਆਂ ਦੱਸਿਆ ਕਿ 7 ਕੁੜੀਆਂ ਨੇ ਭੱਜਣ ਦੀ ਕੋਸ਼ਿਸ ਕੀਤੀ। 7 'ਚੋਂ 3 ਕੁੜੀਆਂ ਕਤਲ, 2 ਨਸੇ ਦੇ ਮਾਮਲੇ 'ਚ ਤੇ 2 ਦੇ ਨਾਂ ਚੋਰੀ ਦੇ ਮਾਮਲੇ 'ਚ ਸਾਮਲ ਹਨ। ਇਨ੍ਹਾਂ ਸੱਤਾਂ ਨੇ ਸਾਜ਼ਿਸ ਰਚ ਕੇ ਭੱਜਣ ਦੀ ਕੋਸ਼ਿਸ ਕੀਤੀ ਸੀ, ਜਿਸ ਦੌਰਾਨ ਉਹ ਫੜੀਆਂ ਗਈਆਂ। ਐੱਸ.ਐੱਚ.ਓ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਜੋ ਤੱਥ ਸਾਹਮਣੇ ਆਉਣਗੇ, ਉਨ੍ਹਾਂ ਅਨੁਸਾਰ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਮਾਰਚ 2021 ਵਿੱਚ ਵੀ 46 ਕੁੜੀਆਂ ਇੱਕੋ ਸਮੇਂ ਆਸਰਮ ਤੋਂ ਭੱਜ ਗਈਆਂ ਸਨ, ਜਿਨ੍ਹਾਂ ਨੂੰ ਕਪੂਰਥਲਾ ਚੌਂਕ ਨੇੜੇ ਸਮੇਂ ਸਿਰ ਰੋਕ ਕੇ ਕਾਬੂ ਕਰ ਲਿਆ ਗਿਆ। ਲੜਕੀਆਂ ਨੇ ਆਸਰਮ ਪ੍ਰਬੰਧਕਾਂ 'ਤੇ ਗੰਭੀਰ ਦੋਸ ਲਾਉਂਦੇ ਹੋਏ ਵਿਸਾਲ ਪ੍ਰਦਰਸਨ ਵੀ ਕੀਤਾ ਸੀ। ਥਾਣਾ 2 ਦੀ ਪੁਲਸ ਨੇ ਸਿਮਰਨ, ਮੰਜਲੀ, ਖੁਸੀ, ਸਾਕਸੀ, ਪ੍ਰਿਆ, ਮੁਸਕਾਨ ਤੇ ਸੋਨੀਆ ਖ਼ਿਲਾਫ ਪੰਜਾਬ ਹੋਮਗਾਰਡ ਦੀ ਕੁੱਟਮਾਰ ਕਰਨ ਕਾਰਨ ਧਾਰਾ 109, 132, 115/221, 61/2 ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਆਖਿਰਕਾਰ ਜਲੰਧਰ ਜਿਲ੍ਹੇ 'ਚ ਮਹਿੰਗੀ ਹੋ ਗਈ ਪ੍ਰਾਪਰਟੀ, ਨਵੇਂ ਕੁਲੈਕਟਰ ਰੇਟ ਹੋਏ ਲਾਗੂ

**ਏਜੰਸੀਆਂ**

ਜਲੰਧਰ 24 ਅਗਸਤ। ਜਲੰਧਰ ਜ਼ਿਲ੍ਹੇ 'ਚ ਪ੍ਰਾਪਰਟੀ ਦੇ ਨਵੇਂ ਕੁਲੈਕਟਰ ਰੇਟ ਲਾਗੂ ਹੋ ਗਏ ਹਨ ਅਤੇ ਅੱਜ ਤੋਂ ਜ਼ਿਲ੍ਹੇ ਭਰ 'ਚ ਹਰ ਪ੍ਰਾਪਰਟੀ ਦੀ ਰਜਿਸਟਰੀ ਨਵੇਂ ਕੁਲੈਕਟਰ ਰੇਟਾਂ ਅਨੁਸਾਰ ਹੋਵੇਗੀ। ਪਿਛਲੇ ਮਹੀਨੇ ਜ਼ਿਲ੍ਹੇ ਦੀਆਂ ਸਮੂਹ ਤਹਿਸੀਲਾਂ ਅਤੇ ਸਬ-ਤਹਿਸੀਲਾਂ 'ਚ ਤਾਇਨਾਤ ਸਬ-ਰਜਿਸਟਰਾਰਾਂ, ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੇ ਕੁਲੈਕਟਰ ਰੇਟਾਂ 'ਚ ਸੋਧ ਕਰਕੇ ਨਵੇਂ ਰੇਟਾਂ ਦੀਆਂ ਸੂਚੀਆਂ ਤਿਆਰ ਕਰਕੇ ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੂੰ ਪ੍ਰਵਾਨਗੀ ਲਈ ਸੌਂਪ ਦਿੱਤੀਆਂ ਸਨ। ਪ੍ਰਾਪਰਟੀ ਦੇ ਨਵੇਂ ਨਿਰਧਾਰਿਤ ਕੁਲੈਕਟਰ ਰੇਟਾਂ 'ਚ ਲੋੜੀਂਦੀਆਂ ਤਬਦੀਲੀਆਂ ਕਰਕੇ ਤਿਆਰ ਕੀਤੀਆਂ ਅੰਤਿਮ ਸੂਚੀਆਂ ਨੂੰ ਵੀਰਵਾਰ ਦੇਰ ਸਾਮ ਡਿਪਟੀ ਕਮਿਸਨਰ ਨੇ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਤੋਂ ਤੁਰੰਤ ਬਾਅਦ ਜ਼ਿਲ੍ਹੇ 'ਚ ਨਵੇਂ ਕੁਲੈਕਟਰ ਰੇਟ ਲਾਗੂ ਕਰ ਦਿੱਤੇ ਗਏ ਹਨ। ਹੁਣ ਸ਼ੁੱਕਰਵਾਰ ਤੋਂ ਜ਼ਿਲ੍ਹੇ ਭਰ 'ਚ ਨਵੇਂ ਕੁਲੈਕਟਰ ਰੇਟ 'ਤੇ ਪ੍ਰਾਪਰਟੀ ਦੀ ਰਜਿਸਟਰੀ ਕਰਨ ਵੇਲੇ ਕੋਈ ਵੀ ਰਜਿਸਟਰੀ ਸਟੈਂਪ ਡਿਊਟੀ 'ਤੇ ਰਜਿਸਟਰੀ ਫੀਸ ਆਨਲਾਈਨ ਭਰਨ ਤੋਂ ਬਾਅਦ ਹੀ ਹੋਵੇਗੀ। ਇਸ ਸਬੰਧੀ ਸਬ ਰਜਿਸਟਰਾਰ-1 ਅਤੇ ਸਬ-ਰਜਿਸਟਰਾਰ-2 ਦਫਤਰਾਂ 'ਚ ਸਟਾਫ ਦੇਰ ਰਾਤ ਤੱਕ ਨੈਸਨਲ ਜੈਨਰਿਕ ਡਾਕੂਮੈਂਟ ਰਜਿਸਟ੍ਰੇਸਨ ਸਿਸਟਮ (ਐੱਨ. ਜੀ. ਡੀ. ਆਰ. ਐੱਸ.) 'ਚ ਨਵੇਂ ਕੁਲੈਕਟਰ ਰੇਟਾਂ ਨੂੰ ਅਪਲੋਡ ਕਰਦਾ ਰਿਹਾ ਤਾਂ ਜੋ ਹਰੇਕ ਬਿਨੈਕਾਰ ਆਪਣੇ ਰਿਹਾਇਸੀ ਪਤੇ ਅਨੁਸਾਰ ਰਜਿਸਟਰੀ ਕਰਵਾ ਸਕੇ। ਸਿਸਟਮ 'ਚ ਅਪਲੋਡ ਕੀਤੇ ਗਏ ਨਵੇਂ ਕੁਲੈਕਟਰ ਰੇਟ ਵਪਾਰਕ, ਉਦਯੋਗਿਕ ਜਾਂ ਖੇਤੀਬਾੜੀ ਜਮੀਨ ਦੀ ਰਜਿਸਟਰੀ ਕਰਦੇ ਸਮੇਂ ਆਨਲਾਈਨ ਅਪੁਆਇੰਟਮੈਂਟ ਲੈਂਦੇ ਹਨ। ਵਰਨਣਯੋਗ ਹੈ ਕਿ ਐੱਨ. ਜੀ. ਡੀ. ਆਰ. ਐੱਸ. 'ਚ ਨਵਾਂ ਕੁਲੈਕਟਰ ਰੇਟ ਅਪਲੋਡ ਹੋਣ ਤੋਂ ਬਾਅਦ ਜੇਕਰ ਕੋਈ ਬਿਨੈਕਾਰ ਪੁਰਾਣੇ ਰੇਟ ਅਨੁਸਾਰ ਸਟੈਂਪ ਡਿਊਟੀ ਤੇ ਰਜਿਸਟਰੀ ਫੀਸ ਅਦਾ ਕਰਕੇ ਰਜਿਸਟਰੀ ਕਰਵਾਏਗਾ ਤਾਂ ਸਿਸਟਮ ਉਕਤ ਦਸਤਾਵੇਜਾਂ ਨੂੰ ਅਪਲੋਡ ਨਹੀਂ ਕਰੇਗਾ।



ਹਾਲਾਂਕਿ, ਰੀਅਲ ਅਸਟੇਟ ਕਾਰੋਬਾਰੀ, ਕਾਲੋਨਾਈਜਰਾਂ, ਆਮ ਲੋਕ ਤੇ ਸਾਰੀਆਂ ਸਿਆਸੀ ਪਾਰਟੀਆਂ ਕੁਲੈਕਟਰ ਰੇਟ 'ਚ ਵਾਧੇ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ। ਲੋਕਾਂ ਦਾ ਕਹਿਣਾ ਸੀ ਕੀ ਪੰਜਾਬ ਦੀ 'ਆਪ' ਸਰਕਾਰ ਸਾਲ 2022-23 ਤੇ 2023-24 'ਚ ਦੋ ਵਾਰ ਕੁਲੈਕਟਰ ਰੇਟਾਂ 'ਚ ਵਾਧਾ ਕਰਦੀ ਰਹੀ ਹੈ। ਹੁਣ ਆਪਣੇ ਕਾਰਜਕਾਲ ਦੇ ਤੀਜੇ ਸਾਲ 'ਚ 'ਆਪ' ਸਰਕਾਰ 2024-25 ਲਈ ਲਗਾਤਾਰ ਤੀਜੀ ਵਾਰ ਕੁਲੈਕਟਰ ਦਰਾਂ 'ਚ ਵਾਧਾ ਕਰ ਰਹੀ ਹੈ। ਇਸ ਕਾਰਨ ਕਈ ਇਲਾਕਿਆਂ 'ਚ ਕੁਲੈਕਟਰ ਰੇਟ 2022 ਦੇ ਮੁਕਾਬਲੇ ਮਹਿਜ 3 ਸਾਲਾਂ 'ਚ ਦੁੱਗਣੇ ਹੋ ਗਏ ਹਨ, ਜਿਸ ਕਾਰਨ ਜਿੱਥੇ ਪ੍ਰਾਪਰਟੀ ਖਰੀਦਣਾ ਤੇ ਘਰ ਬਣਾਉਣਾ ਗਰੀਬ ਤੇ ਆਮ ਲੋਕਾਂ ਲਈ ਸੁਫਨਾ ਬਣਦਾ ਜਾ ਰਿਹਾ ਹੈ, ਉੱਥੇ ਹੀ ਪ੍ਰਾਪਰਟੀ ਬਾਜਾਰ ਵੀ ਭਾਰੀ ਮੰਦੀ ਦੇ ਦੌਰ 'ਚੋਂ ਲੰਘ ਰਿਹਾ ਹੈ ਪਰ ਪੰਜਾਬ ਸਰਕਾਰ ਨੇ ਸਾਰਿਆਂ ਦੇ ਵਿਰੋਧ ਨੂੰ ਦਰਕਿਨਾਰ ਕਰਦੇ ਹੋਏ ਨਵੇਂ ਹੁਕਮਾਂ ਨੂੰ ਲਾਗੂ ਕਰ ਦਿੱਤਾ ਹੈ। ਉਂਝ ਜ਼ਿਲ੍ਹੇ ਭਰ 'ਚ ਕੁਲੈਕਟਰ ਰੇਟਾਂ 'ਚ ਸੋਧ ਕਰਦਿਆਂ 5 ਤੋਂ 15 ਫੀਸਦੀ ਤੱਕ ਦੇ ਹਿਸਾਬ ਨਾਲ ਨਵੇਂ ਰੇਟ ਤੈਅ ਕੀਤੇ ਗਏ ਹਨ ਪਰ ਫਿਰ ਵੀ ਕਈ ਇਲਾਕੇ ਅਜਿਹੇ ਹਨ ਜਿਨ੍ਹਾਂ ਦੇ ਕੁਲੈਕਟਰ ਰੇਟਾਂ 'ਚ 50 ਤੋਂ 70 ਫੀਸਦੀ ਤੱਕ ਦਾ ਵਾਧਾ ਕੀਤਾ ਗਿਆ ਹੈ। ਮਾਲ ਵਿਭਾਗ ਨੇ ਸਹਿਰੀ ਅਤੇ ਪੇਂਡੂ ਖੇਤਰਾਂ 'ਚ ਜਿੱਥੇ ਪ੍ਰਾਪਰਟੀ ਦੀਆਂ ਕੀਮਤਾਂ 'ਚ ਪਿਛਲੇ ਦਿਨਾਂ 'ਚ ਕਾਫੀ ਉਛਾਲ ਆਇਆ ਹੈ ਜਾਂ ਜਿਹੜੇ ਇਲਾਕੇ 'ਚ ਬਹੁਤ ਤੇਜੀ ਨਾਲ ਵਿਕਸਤ ਹੋਏ ਹਨ, ਉਨ੍ਹਾਂ ਇਲਾਕਿਆਂ 'ਚ ਕੁਲੈਕਟਰ ਰੇਟ ਦੀ ਦਰ ਨੂੰ ਜ਼ਿਆਦਾ ਵਧਾਇਆ ਗਿਆ ਹੈ।

### ਅੰਮ੍ਰਿਤਸਰ ਨੈਸ਼ਨਲ ਹਾਈਵੇਅ 'ਤੇ ਪੈ ਗਿਆ ਪੰਗਾ, ਲੱਗਾ ਲੰਬਾ ਜਾਮ

ਅੰਮ੍ਰਿਤਸਰ 24 ਅਗਸਤ। ਅੰਮ੍ਰਿਤਸਰ ਦੇ ਨਜਦੀਕ ਪੈਂਦੇ ਮਾਨਾਂਵਾਲਾ ਵਾਇਆ ਜਲੰਧਰ ਰੋਡ ਦੇ ਟੋਲ ਪਲਾਜਾ 'ਤੇ ਸਰਕਾਰੀ ਬੱਸ ਡਰਾਈਵਰ ਦੀ ਗਲਤੀ ਕਾਰਨ ਲੰਬਾ ਜਾਮ ਲੱਗ ਗਿਆ ਜੋ 1 ਘੰਟੇ ਤੱਕ ਲੱਗਾ ਰਿਹਾ। ਦਰਅਸਲ ਬੱਸ ਡਰਾਈਵਰ ਨੇ ਟੋਲ ਪਲਾਜਾ ਕਰਮਚਾਰੀਆਂ ਨੂੰ 120 ਰੁਪਏ ਨਾ ਦੇਣ ਦੀ ਸੂਰਤ ਵਿਚ ਛੋਟੀ ਲਾਈਨ ਵਾਲੀ ਸਾਈਡ ਤੋਂ ਬੱਸ ਲੰਘਾਉਣ ਦੀ ਕੋਸ਼ਿਸ ਕੀਤੀ ਪ੍ਰੰਤੂ ਟੋਲ ਪਲਾਜਾ ਦੇ ਕਰਮਚਾਰੀਆਂ ਨੇ ਬੱਸ ਦੇ ਅੱਗੇ ਪੱਥਰ ਸੁੱਟ ਕੇ ਸਵਾਰੀਆਂ ਨਾਲ ਭਰੀ ਬੱਸ ਨੂੰ ਰੋਕ ਲਿਆ, ਜਿਸ ਤੋਂ ਬਾਅਦ ਉਥੋਂ ਲੰਘਦੀਆਂ ਸਰਕਾਰੀ ਬੱਸਾਂ ਦੇ ਹੋਰਨਾਂ ਡਰਾਈਵਰਾਂ ਅਤੇ ਕੰਡਕਟਰਾਂ ਨੇ ਮਾਨਾਂਵਾਲਾ ਟੋਲ ਪਲਾਜਾ ਜੀ. ਟੀ. ਰੋਡ 'ਤੇ ਜਾਮ ਲਗਾ ਦਿੱਤਾ। ਇਸ ਦੌਰਾਨ ਦੂਰ ਦੁਰਾਡੇ ਤੋਂ ਆਈਆਂ ਸਵਾਰੀਆਂ ਨੂੰ ਭਾਰੀ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਹਾਈਵੇਅ ਤੋਂ ਗੁਜਰਦੀ ਐਂਬੂਲੈਂਸ ਨੂੰ ਵੀ ਟ੍ਰੈਫ਼ਿਕ ਜਾਮ ਕਾਰਨ ਕਾਫੀ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ। ਕਾਫੀ ਦੇਰ ਬਾਅਦ ਟ੍ਰੈਫ਼ਿਕ ਪੁਲਸ ਥਾਣਾ ਜੰਡਿਆਲਾ ਗੁਰੂ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ ਜਿਨ੍ਹਾਂ ਨੇ ਇਹ ਮਾਮਲਾ ਸਾਂਤ ਕਰਵਾਇਆ। ਹਾਈਵੇਅ ਪੁਲਸ ਅਧਿਕਾਰੀ ਏ. ਐੱਸ. ਆਈ. ਪ੍ਰਭਜੀਤ ਸਿੰਘ ਨੇ ਆਪਣੀ ਸੂਝ-ਬੂਝ ਨਾਲ ਮੌਕੇ 'ਤੇ ਹੀ ਸਰਕਾਰੀ ਬੱਸ ਡਰਾਈਵਰ ਅਤੇ ਕੰਡਕਟਰ ਕੋਲੋਂ 120 ਰੁਪਏ ਟੋਲ ਪਲਾਜਾ ਦੇ ਕਰਮਚਾਰੀਆਂ ਨੂੰ ਦਿਵਾ ਕੇ ਮਸਲਾ ਹੱਲ ਕਰਵਾਇਆ।